@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

Punjabi National Daily

# ਕੌਮੀ ਪਤ੍ਰਿਕਾ

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 23 April 2026

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 23 ਅਪ੍ਰੈਲ 2026, 10 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 168, qpatrika@gmail.com ਫੋਨ : 9971359517 www.qaumipatrika.org

## ਸ਼੍ਰੀ ਅਕਾਲ ਤਖਤ ਸਾਹਿਬ ਨੂੰ ਚਿੱਠੀ !

# ਫੂਲਕਾ ਨੇ ਵਿਧਵਵਾਂ ਦੇ ਮੁਕਦਮੇ ਨਹੀਂ ਲੜੇ ਸਿੱਖ ਕੌਮ ਨੂੰ ਕੀਤਾ ਗੁਮਰਾਹ !

**ਵਿਸ਼ੇਸ਼ ਰਿਪੋਰਟ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ/ਅੰਮ੍ਰਿਤਸਰ/22 ਅਪ੍ਰੈਲ: ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਦੇ ਪ੍ਰਧਾਨ ਅਤੇ ਦ ਸਿੱਖ ਟਾਈਮਜ਼ ਨੈਸ਼ਨਲ ਡੇਲੀ ਇੰਗਲਿਸ਼ ਅਖਬਾਰ, ਕੌਮੀ ਪਤ੍ਰਿਕਾ ਨੈਸ਼ਨਲ ਡੇਲੀ ਹਿੰਦੀ ਅਖਬਾਰ, ਅਤੇ ਕੌਮੀ ਪਤ੍ਰਿਕਾ ਪੰਜਾਬੀ ਨੈਸ਼ਨਲ ਡੇਲੀ ਅਖਬਾਰ ਦੇ ਮੁੱਖ ਸੰਪਾਦਕ ਸਰਦਾਰ ਗੁਰਚਰਨ ਸਿੰਘ ਬੱਬਰ ਨੇ ਸਿੰਘ ਸਾਹਿਬ, ਜਥੇਦਾਰ ਸਿਰੀ ਅਕਾਲ ਤਖ਼ਤ ਸਾਹਿਬ, ਸਿਰੀ ਅੰਮ੍ਰਿਤਸਰ ਸਾਹਿਬ ਨੂੰ ਇੱਕ ਵਿਸ਼ੇਸ਼ ਚਿੱਠੀ ਭੇਜੀ ਹੈ, ਜਿਸ ਵਿੱਚ ਨਵੰਬਰ 1984 ਦੇ ਸਿੱਖ ਵਿਰੋਧੀ ਹਿੰਸਾ ਦੇ ਮਾਮਲਿਆਂ ਨਾਲ ਜੁੜੇ ਮੁੱਦਿਆਂ 'ਤੇ ਤੁਰੰਤ ਪੰਥਕ ਵਿਚਾਰ ਕਰਨ ਦੀ ਮੰਗ ਕੀਤੀ ਗਈ ਹੈ। ਆਪਣੀ ਚਿੱਠੀ ਵਿੱਚ, ਸਰਦਾਰ ਗੁਰਚਰਨ ਸਿੰਘ

**ਬੱਬਰ ਨੇ 1984 ਦੇ ਕੇਸਾਂ ਬਾਰੇ ਐਡਵੋਕੇਟ ਫੂਲਕਾ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕਰਨ ਲਈ ਜਥੇਦਾਰ ਨੂੰ ਕੀਤੀ ਅਪੀਲ**

ਬੱਬਰ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ 8 ਨਵੰਬਰ, 2016 ਅਤੇ 5 ਸਤੰਬਰ, 2018 ਨੂੰ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਦੇ ਕਾਰਜਕਾਲ ਦੌਰਾਨ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਤੇ ਪਟੀਸ਼ਨਾਂ ਭੇਜੀਆਂ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਪਹਿਲਾਂ ਦੇ ਸੰਚਾਰਾਂ ਵਿੱਚ 1984 ਦੀ ਹਿੰਸਾ ਦੀਆਂ ਵਿਧਵਾਵਾਂ ਦੀ ਸਥਿਤੀ ਅਤੇ ਉਨ੍ਹਾਂ ਦੇ ਕਾਨੂੰਨੀ ਮਾਮਲਿਆਂ ਦੇ ਨਿਪਟਾਰੇ 'ਤੇ ਕੇਂਦ੍ਰਿਤ ਸੀ। ਸਰਦਾਰ ਬੱਬਰ ਨੇ ਆਪਣੇ ਤਾਜ਼ਾ ਚਿੱਠੀ ਵਿੱਚ ਦੋਸ਼ ਲਗਾਇਆ ਹੈ ਕਿ ਸੀਨੀਅਰ ਵਕੀਲ ਐਚਐਸ ਫੂਲਕਾ 1984 ਦੀ ਹਿੰਸਾ ਤੋਂ ਪ੍ਰਭਾਵਿਤ ਗਰੀਬ ਅਤੇ ਅਨਪੜ੍ਹ ਵਿਧਵਾਵਾਂ ਦੇ ਹਿੱਤਾਂ ਦੀ ਸਹੀ ਢੰਗ ਨਾਲ ਪ੍ਰਤੀਨਿਧਤਾ ਕਰਨ ਵਿੱਚ ਅਸਫਲ ਰਹੇ। ਉਨ੍ਹਾਂ ਦਾਅਵਾ ਕੀਤਾ ਕਿ ਅਜਿਹੀਆਂ ਵਿਧਵਾਵਾਂ ਤੋਂ





ਲਏ ਗਏ ਹਲਫ਼ਨਾਮੇ ਰੰਗਨਾਥ ਮਿਸ਼ਰਾ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤੇ ਗਏ ਸਨ ਪਰ ਉਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ ਸੀ, ਅਤੇ ਇਸ ਪ੍ਰਕਿਰਿਆ ਦੇ ਨਤੀਜੇ ਵਜੋਂ ਕਾਂਗਰਸ ਸਰਕਾਰ ਅਤੇ ਉਸ ਸਮੇਂ ਦੇ ਕਈ ਕਾਂਗਰਸੀ ਨੇਤਾਵਾਂ ਨੂੰ ਰਾਹਤ ਮਿਲੀ। ਉਨਾਂ ਨੇ ਅੱਗੇ ਦੋਸ਼ ਲਗਾਇਆ ਕਿ ਐਡਵੋਕੇਟ ਐਚ ਐਸ ਫੂਲਕਾ ਦੁਆਰਾ ਵੱਡੇ ਕਾਂਗਰਸੀ ਨੇਤਾਵਾਂ ਅਤੇ ਸੀਨੀਅਰ ਅਧਿਕਾਰੀਆਂ ਵਿਰੁੱਧ ਕੋਈ ਸਾਰਥਕ ਕੇਸ ਨਹੀਂ ਚਲਾਇਆ ਗਿਆ ਜਿਨ੍ਹਾਂ ਨੂੰ ਉਹ ਹਿੰਸਾ ਲਈ ਜ਼ਿੰਮੇਵਾਰ ਮੰਨਦੇ ਹਨ। ਆਪਣੀ ਚਿੱਠੀ ਵਿੱਚ ਸਰਦਾਰ ਗੁਰਚਰਨ ਸਿੰਘ, ਬੱਬਰ ਨੇ ਉਸ ਸਮੇਂ ਦੀਆਂ ਕਈ ਪ੍ਰਮੁੱਖ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਸ਼ਖਸੀਅਤਾਂ ਦਾ ਨਾਮ ਲਿਆ ਅਤੇ ਦਾਅਵਾ ਕੀਤਾ ਕਿ ਸਿੱਖ ਕਤਲੇਆਮ, ਦੇ ਵਕਤ ਗੁਰਦੁਆਰਿਆਂ ਦੀ ਤਬਾਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਾਪੀਆਂ ਸਾੜਨ, ਸਿੱਖ ਔਰਤਾਂ 'ਤੇ ਕਥਿਤ ਹਮਲੇ, ਅਤੇ ਸਿੱਖ ਜਾਇਦਾਦ ਦੀ ਵਿਆਪਕ ਤਬਾਹੀ ਅਤੇ ਲੁੱਟ ਦੇ ਬਾਵਜੂਦ, ਜ਼ਿੰਮੇਵਾਰ ਲੋਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਆਂ ਦੇ ਕਟਹਿਰੇ ਵਿੱਚ ਨਹੀਂ ਲਿਆਂਦਾ ਗਿਆ। ਸਰਦਾਰ ਗੁਰਚਰਨ ਸਿੰਘ ਬੱਬਰ ਨੇ ਇਹ ਵੀ ਦਾਅਵਾ ਕੀਤਾ ਕਿ ਦਿੱਲੀ ਦੀਆਂ ਅਦਾਲਤਾਂ ਵਿੱਚ ਲੜੇ ਗਏ ਕੁਝ ਮਹੱਤਵਪੂਰਨ ਮਾਮਲਿਆਂ ਦਾ ਮੁਕੱਦਮਾ ਸੀਬੀਆਈ ਦੁਆਰਾ ਚਲਾਇਆ ਗਿਆ ਸੀ, ਨਾ ਕਿ ਐਚ ਐਸ ਫੂਲਕਾ ਦੁਆਰਾ। ਚਿੱਠੀ ਦੇ ਅਨੁਸਾਰ, ਕੁਝ ਜਾਣੇ-ਪਛਾਣੇ ਮਾਮਲਿਆਂ ਵਿੱਚ ਪ੍ਰਾਪਤ ਸਜ਼ਾ , ਉਨ੍ਹਾਂ ਦੇ ਵਿਚਾਰ ਵਿੱਚ, ਐਡਵੋਕੇਟ ਸਰਦਾਰ ਫੂਲਕਾ ਦੇ ਕਾਨੂੰਨੀ ਯਤਨਾਂ ਨੂੰ ਸਿਹਰਾ ਨਹੀਂ ਦੇਣਾ ਚਾਹੀਦਾ। ਆਪਣੀ ਚਿੱਠੀ ਦੇ ਸਭ ਤੋਂ ਗੰਭੀਰ ਹਿੱਸਿਆਂ ਵਿੱਚੋਂ ਇੱਕ ਵਿੱਚ, ਸਰਦਾਰ ਬੱਬਰ ਨੇ ਐਡਵੋਕੇਟ ਸਰਦਾਰ ਐਚਐਸ ਫੂਲਕਾ ਦੀ ਮੌਜੂਦਾ ਦੌਲਤ ਅਤੇ ਜਾਇਦਾਦ ਬਾਰੇ ਸਵਾਲ ਉਠਾਏ। ਉਨਾਂ ਨੇ ਦਾਅਵਾ ਕੀਤਾ ਕਿ ਫੂਲਕਾ ਕਦੇ ਸਾਧਾਰਨ ਵਿੱਤੀ ਹਾਲਾਤਾਂ ਵਿੱਚ ਰਹਿੰਦਾ ਸੀ ਪਰ ਹੁਣ ਕਥਿਤ ਤੌਰ 'ਤੇ ਸੈਂਕੜੇ ਕਰੋੜ ਰੁਪਏ ਦੀ ਜਾਇਦਾਦ ਦਾ ਮਾਲਕ ਹੈ। ਸਰਦਾਰ ਬੱਬਰ ਨੇ ਮੰਗ ਕੀਤੀ ਹੈ ਕਿ ਅਜਿਹੀ ਦੌਲਤ ਦੇ ਸਰੋਤ ਦੀ ਜਾਂਚ ਕੀਤੀ ਜਾਵੇ, ਜਦੋਂ ਕਿ ਇਸਦੀ ਤੁਲਨਾ 1984 ਦੀ ਹਿੰਸਾ ਦੀਆਂ ਬਹੁਤ ਸਾਰੀਆਂ ਸਿੱਖ ਵਿਧਵਾਵਾਂ ਦੀ ਲਗਾਤਾਰ ਮਾੜੀ ਹਾਲਤ ਨਾਲ ਕੀਤੀ ਗਈ ਹੈ, ਉਹਨਾਂ ਨੇ ਕਿਹਾ ਕਿ ਵਿਧਵਾਵਾਂ ਹੁਣ ਬਜ਼ੁਰਗ, ਬਿਮਾਰ ਅਤੇ ਮੁਸ਼ਕਲ ਵਿੱਚ ਜੀਅ ਜੀ ਰਹੀਆਂ ਹਨ ਸਰਦਾਰ ਬੱਬਰ ਨੇ ਆਪਣੀ ਚਿੱਠੀ ਵਿੱਚ ਆਪਣੇ ਵੀਡੀਓ ਅਤੇ ਪਹਿਲਾਂ ਦੇ ਸੰਚਾਰਾਂ ਦਾ ਵੀ ਹਵਾਲਾ ਦਿੱਤਾ ਜੋ ਉਹ ਕਹਿੰਦੇ ਹਨ ਕਿ ਉਹ ਐਡਵੋਕੇਟ ਸਰਦਾਰ ਐਚਐਸ ਫੂਲਕਾ ਦੇ ਸੰਬੰਧ ਵਿੱਚ ਪਹਿਲਾਂ ਹੀ ਭੇਜ ਚੁੱਕੇ ਹਨ। ਉਨ੍ਹਾਂ ਦਲੀਲ ਦਿੱਤੀ ਕਿ ਸਿੱਖ ਭਾਈਚਾਰਾ ਨਵੰਬਰ 1984 ਦੀਆਂ ਘਟਨਾਵਾਂ ਦੀ ਗੰਭੀਰਤਾ ਨੂੰ ਨਹੀਂ ਭੁੱਲ ਸਕਦਾ, ਜਦੋਂ ਉਨ੍ਹਾਂ ਦੇ ਅਨੁਸਾਰ, ਕਈ ਦਿਨਾਂ ਵਿੱਚ ਹਜ਼ਾਰਾਂ ਸਿੱਖਾਂ ਨੂੰ ਮਾਰ ਦਿੱਤਾ ਗਿਆ, ਗੁਰਦੁਆਰਿਆਂ 'ਤੇ ਹਮਲੇ ਕੀਤੇ ਗਏ, ਅਤੇ ਸਿੱਖ ਭਾਈਚਾਰੇ ਦੀ ਇੱਜ਼ਤ ਅਤੇ ਸੁਰੱਖਿਆ ਨੂੰ ਠੇਸ ਪਹੁੰਚਾਈ ਗਈ।

Contd...........page-3

## ਪਹਿਲਗਾਮ ਹਮਲੇ ਦੀ ਬਰਸੀ ਮੌਕੇ ਰਾਸ਼ਟਰਪਤੀ ਮੁਰਮੂ ਨੇ ਪੀੜਤਾਂ ਨੂੰ ਦਿੱਤੀ ਸ਼ਰਧਾਂਜਲੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 22 ਅਪ੍ਰੈਲ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਬੁੱਧਵਾਰ ਨੂੰ ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਭਾਰਤ ਅੱਤਵਾਦ ਦੇ ਹਰ ਰੂਪ ਨੂੰ ਹਰਾਉਣ ਲਈ ਪੂਰੀ ਤਰ੍ਹਾਂ ਦ੍ਰਿੜ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ



ਅਜਿਹੀਆਂ ਕਾਇਰਾਨਾ ਹਰਕਤਾਂ ਸ਼ਾਂਤੀ ਅਤੇ ਏਕਤਾ ਪ੍ਰਤੀ ਦੇਸ਼ ਦੀ ਵਚਨਬੱਧਤਾ ਨੂੰ ਹਿਲਾ ਨਹੀਂ ਸਕਦੀਆਂ। ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਸਾਂਝੀ ਕਰਦਿਆਂ ਰਾਸ਼ਟਰਪਤੀ ਨੇ ਲਿਖਿਆ, ਮੈਂ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਦਿੰਦੀ ਹਾਂ। ਇਸ ਭਿਆਨਕ ਹਾਦਸੇ 'ਚ ਜਾਨਾਂ ਗੁਆਉਣ ਵਾਲੇ ਮਾਸੂਮਾਂ ਦੀਆਂ ਯਾਦਾਂ ਸਾਡੇ ਦਿਲਾਂ 'ਚ ਛਪ ਗਈਆਂ ਹਨ। ਪੀੜਤ ਪਰਿਵਾਰਾਂ ਨਾਲ ਹਮਦਰਦੀ ਜਤਾਉਂਦੀ ਹਾਂ।" ਉਨ੍ਹਾਂ ਅੱਗੇ ਲਿਖਿਆ, "ਪੂਰਾ ਦੇਸ਼ ਇਸ ਹਮਲੇ ਦੇ ਪੀੜਤਾਂ ਨਾਲ ਖੜ੍ਹਾ ਹੈ। ਅਜਿਹੇ ਹਮਲੇ ਸਾਡੀ ਏਕਤਾ ਤੇ ਸ਼ਾਂਤੀ ਦੀ ਵਚਨਬੱਧਤਾ ਨੂੰ ਹਿਲਾ ਨਹੀਂ ਸਕਦੇ। ਅਸੀਂ ਹਰ ਤਰ੍ਹਾਂ ਦੇ ਅੱਤਵਾਦ ਨੂੰ ਹਰਾਉਣ ਦੇ ਆਪਣੇ ਇਰਾਦੇ 'ਤੇ ਕਾਇਮ ਰਹਾਂਗੇ।" ਜ਼ਿਕਰਯੋਗ ਹੈ ਕਿ ਅੱਜ ਤੋਂ ਪੂਰਾ ਇਕ ਸਾਲ ਪਹਿਲਾਂ 22 ਅਪ੍ਰੈਲ 2025 ਨੂੰ ਪਾਕਿਸਤਾਨ ਸਮਰਥਿਤ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਦੇ ਤਿੰਨ ਅੱਤਵਾਦੀਆਂ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ 25 ਸੈਲਾਨੀਆਂ ਅਤੇ ਇੱਕ ਸਥਾਨਕ ਘੋੜੇ ਵਾਲੇ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਇਸ ਹਮਲੇ 'ਚ ਸ਼ਾਮਲ ਤਿੰਨੋਂ ਅੱਤਵਾਦੀਆਂ ਨੂੰ ਪਿਛਲੇ ਸਾਲ 28 ਜੁਲਾਈ ਨੂੰ ਸ਼?ਰੀਨਗਰ ਦੇ ਬਾਹਰਵਾਰ 'ਆਪ੍ਰੇਸ਼ਨ ਮਹਾਦੇਵ' ਦੌਰਾਨ ਫੌਜ ਨੇ ਮਾਰ ਮੁਕਾਇਆ ਸੀ। ਇਸ ਹਮਲੇ ਦਾ ਬਦਲਾ ਲੈਣ ਲਈ ਭਾਰਤੀ ਫੌਜ ਨੇ 7 ਮਈ, 2025 ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਅੱਤਵਾਦੀ ਟਿਕਾਣਿਆਂ 'ਤੇ 'ਆਪ੍ਰੇਸ਼ਨ ਸਿੰਦੂਰ' ਤਹਿਤ ਸਰਜੀਕਲ ਸਟ?ਰਾਈਕ ਕੀਤੀ ਸੀ। ਇਸ ਕਾਰਵਾਈ ਵਿੱਚ ਲਸ਼ਕਰ ਅਤੇ ਜੈਸ਼-ਏ-ਮੁਹੰਮਦ ਦੇ ਮੁੱਖ ਦਫ਼ਤਰਾਂ ਅਤੇ ਸਿਖਲਾਈ ਕੇਂਦਰਾਂ ਸਮੇਤ 9 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

## ਆਹਲਾ ਦਰਜੇ ਦੇ ਕੇਂਦਰ ਨਾਲ ਬਾਸਮਤੀ ਦਾ ਉਤਪਾਦਨ ਵਧੇਗਾ ਜਿਸ ਨਾਲ ਖੇਤੀ ਆਮਦਨ ਵਧਣ ਅਤੇ ਕੁਦਰਤੀ ਵਸੀਲਿਆਂ ਦਾ ਸੋਸ਼ਣ ਖਤਮ ਹੋਣ ਦੀ ਉਮੀਦ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ, 22 ਅਪ੍ਰੈਲ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੁਹਿਰਦ ਯਤਨਾਂ ਸਦਕਾ ਸੂਬੇ ਵਿੱਚ ਬਾਸਮਤੀ ਲਈ ਆਹਲਾ ਦਰਜੇ ਦਾ ਕੇਂਦਰ (ਸੈਂਟਰ ਆਫ ਐਕਸੀਲੈਂਸ) ਬਣੇਗਾ ਜਿਸ ਨਾਲ ਸੂਬੇ ਵਿੱਚ ਫਸਲੀ ਵੰਨ-ਸੁਵੰਨਤਾ ਨੂੰ ਹੁਲਾਰਾ ਮਿਲੇਗਾ ਅਤੇ ਕਿਸਾਨਾਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਸਹਾਈ ਹੋਵੇਗਾ। ਨੀਦਰਲੈਂਡ ਦੇ ਦੌਰੇ ਦੌਰਾਨ ਮੁੱਖ ਮੰਤਰੀ ਨੇ ਸੂਬੇ ਦੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਖੇਤੀਬਾੜੀ ਤੇ ਉਦਯੋਗ ਵਿੱਚ ਸਭ ਤੋਂ ਵਧੀਆ ਅਭਿਆਸਾਂ ਦੀ ਪੜਚੋਲ ਕੀਤੀ, ਜਿਨ੍ਹਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮਨਿਰਭਰ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ । ਉਨ੍ਹਾਂ ਕਿਹਾ ਕਿ ਦੇਸ਼ ਦੀ ਭਲਾਈ ਲਈ ਸੂਬੇ ਦੇ ਕਿਸਾਨਾਂ ਨੇ ਉਪਜਾਊ ਜ਼ਮੀਨ ਅਤੇ ਪਾਣੀ ਦੇ ਰੂਪ ਵਿੱਚ ਬੇਸ਼ਕੀਮਤੀ ਕੁਦਰਤੀ ਸਰੋਤਾਂ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ ਹੈ, ਜਿਸ ਕਾਰਨ ਕਿਸਾਨਾਂ ਨੂੰ ਕਣਕ-ਝੋਨੇ ਦੇ ਚੱਕਰ ਵਿੱਚੋਂ ਬਾਹਰ ਕੱਢਣਾ ਸਮੇਂ ਦੀ ਲੋੜ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਉਦੇਸ਼ ਲਈ ਸੂਬੇ ਵਿੱਚ ਫਸਲੀ ਵਿਭਿੰਨਤਾ ਨੂੰ ਵੱਡਾ ਹੁਲਾਰਾ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਵਿੱਚ ਨੀਦਰਲੈਂਡ, ਪੰਜਾਬ ਦੀ ਬਹੁਤ ਮਦਦ ਕਰ ਸਕਦਾ ਹੈ। ਮੁੱਖ ਮੰਤਰੀ ਨੇ ਰੋਟਰਡੈਮ ਵਿੱਚ ਐਲਟੀ ਫੂਡਜ਼ ਦੀ ਸਹੂਲਤ ਦਾ ਦੌਰਾ ਕੀਤਾ ਜਿੱਥੇ ਕੰਪਨੀ ਨੇ 80 ਤੋਂ ਵੱਧ ਦੇਸ਼ਾਂ ਵਿੱਚ ਆਪਣੀ ਮੌਜੂਦਗੀ ਅਤੇ ਇੱਕ ਲੱਖ ਤੋਂ ਵੱਧ ਕਿਸਾਨਾਂ ਨਾਲ ਮਜ਼ਬੂਤ ਸਬੰਧਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਟਿਕਾਊ ਖੇਤੀ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਜਿਸ ਵਿੱਚ ਅੰਤਰਰਾਸ਼ਟਰੀ ਮਾਪਦੰਡਾਂ 'ਤੇ ਖਰਾ ਉਤਰਨ ਲਈ ਕੀਟਨਾਸ਼ਕਾਂ ਦੀ ਵਰਤੋਂ ਘਟਾਉਣਾ ਅਤੇ ਕੌਮਾਂਤਰੀ ਬਾਜ਼ਾਰ ਵਿੱਚ ਬਾਸਮਤੀ ਚੌਲਾਂ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ਭਗਵੰਤ ਸਿੰਘ ਮਾਨ ਦੇ ਯਤਨਾਂ ਸਦਕਾ ਐਲਟੀ ਫੂਡਜ਼ ਨੇ ਪੰਜਾਬ ਵਿੱਚ ਬਾਸਮਤੀ ਚੌਲਾਂ ਲਈ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕਰਨ ਲਈ ਹਾਮੀ ਭਰੀ ਅਤੇ ਯਕੀਨਨ ਖਰੀਦ ਤੇ ਕੀਟਨਾਸ਼ਕਾਂ ਦੀ ਘੱਟ ਵਰਤੋਂ ਨਾਲ ਕਾਸ਼ਤ ਦਾ ਭਰੋਸਾ ਦਿੱਤਾ। ਮੁੱਖ ਮੰਤਰੀ ਨੇ ਖੋਜ ਤੇ ਟਿਕਾਊ ਖੇਤੀਬਾੜੀ ਅਭਿਆਸਾਂ ਲਈ ਡੱਚ ਬਹੁ-ਕੌਮੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ



(ਪੀ.ਏ.ਯੂ.) ਦਰਮਿਆਨ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਅੱਜ ਘਟਦੇ ਮੁਨਾਫ਼ੇ ਦੇ ਨਾਲ ਖੇਤੀਬਾੜੀ ਹੁਣ ਲਾਭਦਾਇਕ ਧੰਦਾ ਨਹੀਂ ਰਿਹਾ ਜਿਸ ਕਾਰਨ ਕਿਸਾਨਾਂ ਨੂੰ ਆਪਣੇ ਗੁਜ਼ਾਰੇ ਲਈ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫਸਲਾਂ ਲਈ ਤਕਨਾਲੋਜੀ ਦੀ ਉਤਪਾਦਨ ਸਮਰੱਥਾ ਦਾ ਪਹਿਲਾਂ ਹੀ ਲੋੜੋਂ ਵੱਧ ਇਸਤੇਮਾਲ ਕੀਤਾ ਜਾ ਚੁੱਕਾ ਹੈ। ਮੁੱਖ ਮੰਤਰੀ ਨੇ ਉਮੀਦ ਪ੍ਰਗਟਾਈ ਕਿ ਇਹ ਕੇਂਦਰ ਅਸਲ ਖੇਤੀ ਆਮਦਨ ਵਧਾਉਣ ਅਤੇ ਬਾਸਮਤੀ ਉਤਪਾਦਨ ਨੂੰ ਵਧਾ ਕੇ ਕੁਦਰਤੀ ਸਰੋਤਾਂ 'ਤੇ ਲੋੜੋਂ ਵੱਧ ਸ਼ੋਸ਼ਣ ਨੂੰ ਰੋਕਣ ਲਈ ਉਤਪ੍ਰੇਰਕ ਵਜੋਂ ਕੰਮ ਕਰੇਗਾ। ਇਸੇ ਤਰ੍ਹਾਂ ਉਨ੍ਹਾਂ ਨੇ ਆਲਸਮੀਰ ਵਿਖੇ ਫਲੌਰੀਕਲਚਰ ਆਕਸ਼ਨ ਮਾਰਕੀਟ ਦਾ ਵੀ ਦੌਰਾ ਕੀਤਾ, ਜੋ ਕਿ ਦੁਨੀਆ ਦਾ ਸਭ ਤੋਂ ਵੱਡਾ ਫੁੱਲ ਅਤੇ ਪੌਦਾ ਬਾਜ਼ਾਰ ਹੈ, ਜਿੱਥੇ ਉਨ੍ਹਾਂ ਨੇ ਜਾਣਿਆ ਕਿ ਡੱਚ ਨਿਲਾਮੀ ਪ੍ਰਣਾਲੀ ਉਤਪਾਦਨ, ਲੌਜਿਸਟਿਕਸ ਅਤੇ ਵਿਸ਼ਵਵਿਆਪੀ ਵੰਡ ਦੀ ਉੱਚ ਏਕੀਕ੍ਰਿਤ ਪ੍ਰਣਾਲੀ ਦਾ ਹੈ। ਭਗਵੰਤ ਸਿੰਘ ਮਾਨ ਨੇ ਖੇਤੀਬਾੜੀ-ਮੁੱਲ ਲੜੀ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਇਸੇ ਤਰ੍ਹਾਂ ਦੇ ਮਾਡਲ ਅਪਨਾਉਣ ਦੇ ਪੰਜਾਬ ਦੇ ਇਰਾਦੇ ਦਾ ਜ਼ਿਕਰ ਕੀਤਾ, ਜਿਸ ਨਾਲ ਸੂਬੇ ਦੇ ਕਿਸਾਨਾਂ ਨੂੰ ਬਹੁਤ ਲਾਭ ਹੋਵੇਗਾ।

Contd............Front page

# ਉਦਯੋਗਿਕ ਨਿਵੇਸ਼ ਲਈ ਹਰਿਆਣਾ ਸਭ ਤੋਂ ਸ਼ਾਨਦਾਰ ਰਾਜ: ਮੁੱਖ ਮੰਤਰੀ ਸੈਣੀ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ, 22 ਅਪ੍ਰੈਲ: ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਉਦਯੋਗਪਤੀਆਂ ਨੂੰ ਅਪੀਲ ਕੀਤੀ ਕਿ ਉਦਯੋਗਪਤੀ ਮੇਕ ਇਨ ਇੰਡੀਆ ਨੂੰ ਗਲੋਬਲ ਪਛਾਣ ਦਿਲਵਾਉਣ ਲਈ ਉਤਪਾਦ ਬਨਾਉਣ। ਇਸ ਨੂੰ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਵੀ ਕਹਿ ਚੁੱਕੇ ਹਨ ਕਿ ਸਾਡੇ ਉਤਪਾਦ ਕੌਮਾਂਤਰੀ ਮਾਨਕਾਂ ਅਨੁਸਾਰ ਹੀ ਨਹੀਂ ਸਗੋਂ ਉਸ ਨਾਲੋਂ ਬੇਹਤਰ ਹੋਣੇ ਚਾਹੀਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕੰਪਨਿਆਂ ਅਜਿਹੇ ਉਤਪਾਦ ਬਣਾਵੇ ਕਿ ਮੇਕ ਇੰਨ ਇੰਡੀਆ ਦਾ ਮਤਲਬ ਬੇਹਤਰ ਗੁਣਵੱਤਾ ਹੋਵੇ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਬੁੱਧਵਾਰ ਨੂੰ ਦਿੱਲੀ ਸਥਿਤ ਹਰਿਆਣਾ ਭਵਨ ਵਿੱਚ ਹਰਿਆਣਾ ਦੀ ਨਵੀਂ ਇੰਡਸਟ੍ਰਿਅਲ ਪਾਲਿਸੀ ਨੂੰ ਲੈ ਕੇ ਨਿਵੇਸ਼ਕਾਂ ਨਾਲ ਸਿੱਧੀ ਗੱਲਬਤਾ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਆਟੋ ਸੇਕਟਰ, ਮੈਨਯੂਫੈਕਚਰਿੰਗ ਸੇਕਟਰ, ਇਲੈਕਟ?ਰਾਨਿਕਸ ਸੇਕਟਰ ਅਤੇ ਹੋਰ ਸੇਕਟਰਾਂ ਨਾਲ ਜੁੜੇ ਉਦਯੋਗਪਤੀਆਂ ਨਾਲ ਵੱਖ ਵੱਖ ਮੁਲਾਕਾਤ ਕੀਤੀ। ਇਸ ਦੌਰਾਨ ਨਾ ਸਿਰਫ ਉਨ੍ਹਾਂ ਨੇ ਨਵੀਂ ਨਵੀਂ ਇੰਡਸਟ੍ਰਿਅਲ ਪੋਲਿਸੀ ਨੂੰ ਲੈ ਕੇ ਅਨੇਕ ਸੁਝਾਅ ਲਏ ਸਗੋ ਖੁਦ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਉਦਯੋਗਿਕ ਨਿਵੇਸ਼ ਲਈ ਹਰਿਆਣਾ ਸੱਭ ਤੋਂ ਬਿਹਤਰੀਨ ਸੂਬਾ ਹੈ। ਅੱਜ ਚਾਹੇ ਉਦਯੋਗਾਂ ਲਈ ਇੰਫ?ਰਾਸਟਕਚਰ ਦੀ ਗੱਲ ਹੋਵੇ, ਚਾਹੇ ਸੜਕ ਕਨੈਕਟੀਵਿਟੀ ਦੀ ਗੱਲ ਹੋਵੇ ਜਾਂ ਮੁੱਢਲੀ ਸਹੂਲਤਾਂ ਦੀ ਗੱਲ ਹੋਵੇ, ਹਰ ਖੇਤਰ ਵਿੱਚ ਹਰਿਆਣਾ ਅਵੱਲ ਹੈ। ਉਦਯੋਗਿਕ ਖੇਤਰ ਲਈ ਬਿਹਤਰ ਤੋਂ ਬਿਹਤਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਸਿੰਗਲ ਵਿੰਡੋ ਸਿਸਟਮ ਨਾਲ ਕਾਗਜ਼ੀ ਕਾਰਵਾਈ ਨੂੰ ਸਪੰਨ ਕੀਤਾ ਜਾ ਰਿਹਾ ਹੈ। ਹਰਿਆਣਾ ਵਿੱਚ ਉਦਯੋਗਾਂ ਲਈ ਬਿਹਤਰੀਨ ਇਕੋ ਸਿਸਟਮ ਹੈ, ਤਾਂਹੀ ਦੇਸ਼ ਦੀ ਵੱਡੀ ਵੱਡੀ ਮੈਨੂਫੈਕਚਰਿੰਗ ਕੰਪਨੀਆਂ ਦੀ ਪਹਿਲੀ ਪਸੰਦ ਹਰਿਆਣਾ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਜਲਦੀ ਹੀ ਆਪਣੀ ਨਵੀਂ ਇੰਡਸਟ੍ਰਿਅਲ ਪੋਲਿਸੀ ਲੈ ਕੇ ਆ ਰਿਹਾ ਹੈ, ਉਸ ਨੂੰ ਲੈ ਕੇ ਉਦਯੋਗਪਤੀਆਂ ਨਾਲ ਸਿੱਧਾ ਸੰਵਾਦ ਹੋਰ ਰਿਹਾ ਹੈ, ਇਸ ਤੋਂ ਇਸ ਪੋ?ਲਸੀ ਨੂੰ ਹੋਰ ਬਿਹਤਰ ਬਣਾਇਆ ਜਾਵੇਗਾ ਤਾਂ ਜੋ ਉਦਯੋਗ ਵੱਧ ਤੋਂ ਵੱਧ ਲਾਭ ਚੁੱਕ ਸਕਣ ਅਤੇ ਸੂਬਾ ਵੱਧ ਤਰੱਕੀ ਕਰ ਸਕੇ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਉਦਯੋਗਪਤੀ ਵੱਖ-ਵੱਖ ਖੇਤਰ ਵਿੱਚ ਨਿਵੇਸ਼ ਕਰ ਰਹੇ ਹਨ। ਉਨ੍ਹਾਂ ਨੂੰ ਇੰਪੋਰਟ ਸਬਸਟੀਟਿਯੂਟ ਨੂੰ ਧਿਆਨ ਵਿੱਚ ਰੱਖ ਕੇ ਵੀ ਪ੍ਰੋਡਕਟ ਅਤੇ



Haryana Chief Minister, Sh. Nayab Singh presiding over the 13th meeting of Gurugram

ਉਦਯੋਗਾਂ ਨੂੰ ਲਗਾਉਣਾ ਚਾਹੀਦਾ ਹੈ। ਇਸ ਨਾਲ ਨਾ ਸਿਰਫ ਦੇਸ਼ ਵਿੱਚ ਉਨ੍ਹਾਂ ਉਤਪਾਦਾਂ ਦੀ ਉਪਲਬਧਤਾ ਵਧੇਗੀ, ਜਿਨ੍ਹਾਂ ਨੂੰ ਅੱਜ ਵੀ ਅਸੀਂ ਦੂਜੇ ਦੇਸ਼ਾਂ ਤੋਂ ਇੰਪੋਰਟ ਕਰ ਰਹੇ ਹਨ। ਇਸ ਦੇ ਨਾਲ-ਨਾਲ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਇਹ ਸਾਡੇ ਦੇਸ਼ ਲਈ ਬਿਹਤਰ ਹੋਵੇਗਾ। ਇਸ ਨਾਲ ਦੇਸ਼ ਦੇ ਉਦਯੋਗਾਂ ਨੂੰ ਵੀ ਪ੍ਰੋਤਸਾਹਨ ਮਿਲੇਗਾ। ਉੱਥੇ ਹੀ ਏਸੋਚੈਮ ਦੇ ਮਹਾਸਕੱਤਰ ਸੌਰਭ ਸਾਨਿਆਲ ਨੇ ਹਰਿਆਣਾ ਸਰਕਾਰ ਦੀ ਨਵੀਂ ਇੰਡਸਟ੍ਰਿਅਲ ਪੋਲਿਸੀ ਨੂੰ ਲੈ ਕੇ ਬੁਲਾਈ ਗਈ ਮੀਟਿੰਗ ਦੀ ਸ਼ਲਾਘਾ ਕੀਤੀ। ਊਨ੍ਹਾਂ ਨੇ ਕਿਹਾ ਕਿ ਇਹ ਪਹਿਲਾ ਮੌਕਾ ਹੈ ਜਦੋਂ ਇੰਡਸਟ੍ਰਿਅਲ ਪੋਲਿਸੀ ਬਨਾਉਣ ਤੋਂ ਪਹਿਲਾਂ ਉਦਯੋਗਪਤੀਆਂ ਨਾਲ ਸਿੱਧਾ ਸੰਵਾਦ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਸੁਝਾਅ ਲਏ ਜਾ ਰਹੇ ਹਨ। ਉਨ੍ਹਾਂ ਨੇ ਇਸ ਦੇ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 2047 ਵਿੱਚ ਵਿਕਸਿਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਉਦਯੋਗਾਂ ਦੀ ਮਹਤੱਵਪੂਰਣ ਭੂਮਿਕਾ ਰਹਿਣ ਵਾਲੀ ਹੈ। ਇਸੀ ਵਜ?ਹਾ ਨਾਲ ਹਰਿਆਣਾ ਸਰਕਾਰ ਨੇ ਆਪਣਾ ਵਿਜਨ ਡਾਕਿਯੂਮੈਂਟ ਪੇਸ਼ ਕੀਤਾ ਹੈ। ਸੂਬੇ ਵਿੱਚ ਉਦਯੋਗਿਕ ਵਿਕਾਸ ਹੋਵੇਗਾ ਤਾਂ ਇਸ ਨਾਲ ਸੂਬੇ ਦੀ ਗ੍ਰੋਥ ਵੀ ਵਧੇਗੀ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਵੀ ਮਿਲੇਗਾ। ਐਨਟੀਐਫ ਕੰਪਨੀ ਦੇ ਐਮਡੀ ਨਵੀਨ ਜੈਨ ਨੇ ਹਰਿਆਣਾ ਵਿੱਚ ਉਦਯੋਗ ਲਗਾਉਣ ਲਈ ਐਚਐਸਆਈਆਈਡੀਸੀ ਰਾਹੀਂ ਜਮੀਨ ਖਰੀਦਣ ਦੀ ਇੱਛਾ ਜਤਾਈ। ਉਨ੍ਹਾਂ ਨੇ ਸੂਬਾ ਸਰਕਾਰ ਵੱਲੋਂ ਨਗਰ ਨਿਗਮਾਂ ਵਿੱਚ ਇਸਤੇਮਾਲ ਹੋਣ ਵਾਲੇ ਡੀਜ਼ਲ ਵਾਹਨਾ ਦੀ ਥਾਂ ਈਵੀ ਵਾਹਨਾਂ ਦਾ ਇਸਤੇਮਾਲ ਕਰਨ ਦਾ ਸੁਝਾਅ ਦਿੱਤਾ। ਇਸ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਵਿੱਖ ਵਿੱਚ ਸਰਕਾਰ ਨਗਰ ਨਿਗਮਾਂ ਵਿੱਚ ਈਵੀ ਵਾਹਨਾਂ ਦੇ ਇਸਤੇਮਾਲ 'ਤੇ ਵਿਚਾਰ ਕਰ ਸਕਦੀ ਹੈ। ਮੀਟਿੰਗ ਵਿੱਚ ਪੀਡਬਲਿਯੂਡੀ, ਜੰਗਲਾਤ ਅਤੇ ਵਾਤਾਵਰਣ ਮੰਤਰੀ ਸ੍ਰੀ ਰਾਓ ਨਰਬੀਰ ਸਿੰਘ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਉਦਯੋਗ ਅਤੇ ਵਪਾਰ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ, ਮਹਾਨਿਦੇਸ਼ਕ ਇੰਡਸਟਰੀਜ਼ ਸ੍ਰੀ ਯੱਸ਼ ਗਰਗ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ। ਇਸ ਦੌਰਾਨ ਪ੍ਰੋਟੇਰਿਅਲ ਕੰਪਨੀ ਦੇ ਚੇਅਰਮੈਨ ਸੰਜੈ ਸੇਠ, ਚੀਫ ਮਾਰਕਟਿੰਗ ਆਫਿਸਰ ਅਨੁਜ ਸ਼ਰਮਾ, ਹੋਰੀਜੋਨ ਇੰਡਸਟੀ ਪਾਰਕ ਦੇ ਸੀਈਓ ਉਰਵਿਸ਼, ਸੀਐਫਓ ਕੁਨਾਲ ਸ਼ਾਹ, ਸਾਲਿਕਗਰੁੱਪ ਦੇ ਨਿਲੇਸ਼, ਜੇਵੀਐਮ ਦੇ ਵੀਸੀ ਨਿਸ਼ਾਂਤ ਆਰਿਆ, ਇੰਡੀਆ ਸੈਲ ਅਲਾਇੰਸ ਦੇ ਐਮਡੀ ਵਿਵੇਕ ਗੁਪਤਾ ਨੇ ਆਪਣੇ ਸੁਝਾਅ ਦਿੱਤੇ।

# 10 ਸੂਬਿਆਂ ’ਚ ਵੇਚੇ 50 ਤੋਂ ਵੱਧ ਨਵਜੰਮੇ ਜਵਾਕ, ਮੁਕਤਸਰ ਦੀ ਨਰਸ ਤੇ ਉਸ ਦਾ ਪਤੀ ਫ਼ਰਾਰ

**ਕੌਮੀ ਪਤ੍ਰਿਕਾ**

ਸ੍ਰੀ ਮੁਕਤਸਰ ਸਾਹਿਬ 22 ਅਪ੍ਰੈਲ। ਨਵਜੰਮੇ ਬੱਚਿਆਂ ਨੂੰ ਲੱਖਾਂ ਵਿੱਚ ਖਰੀਦਣ ਅਤੇ ਵੇਚਣ ਵਾਲੇ ਗਿਰੋਹ ਨੂੰ ਪਿਛਲੇ ਦਿਨੀਂ ਹਰਿਆਣਾ ਦੀ ਬਹਾਦੁਰਗੜ੍ਹ ਪੁਲਸ ਨੇ ਫੜਿਆ ਸੀ। ਇਸ ਗਿਰੋਹ ਦੇ ਸਰਗਨਾ ਸ੍ਰੀ ਮੁਕਤਸਰ ਸਾਹਿਬ ਦੇ ਜਲਾਲਾਬਾਦ ਰੋਡ ਨਿਵਾਸੀ ਪਰਗਟ ਸਿੰਘ ਉਰਫ਼ ਲਾਡੀ ਅਤੇ ਇਸ ਦੀ ਨਰਸ ਪਤਨੀ ਰਾਣੀ ਹਨ। ਜਾਣਕਾਰੀ ਮਿਲੀ ਹੈ ਕਿ ਰਾਣੀ ਅਤੇ ਉਸ ਦੀ ਫਰੀਦਕੋਟ ਵਿੱਚ ਰਹਿਣ ਵਾਲੀ ਭੈਣ ਨੇ ਇਹ ਸਾਰਾ ਨੈੱਟਵਰਕ ਚਲਾ ਰੱਖਿਆ ਸੀ ਜਿਸ ਵਿੱਚ ਲਾਡੀ ਵੀ ਪ੍ਰਮੁੱਖ ਤੌਰ ‘ਤੇ ਸ਼ਾਮਲ ਸੀ। ਇਹ ਲਗਭਗ ਪੰਜ ਸਾਲਾਂ ਤੋਂ ਨਵਜਾਤ ਬੱਚਿਆਂ ਨੂੰ ਖਰੀਦ ਕੇ ਅੱਗੇ ਵੇਚਣ ਦੇ ਧੰਦੇ ਵਿੱਚ ਸਰਗਰਮ ਸਨ। ਪਹਿਲਾਂ ਵੀ ਇਨ੍ਹਾਂ ਤਿੰਨਾਂ ’ਤੇ ਬੱਚਿਆਂ ਦੀ ਖਰੀਦੋ-ਫਰੋਖ਼ਤ ਕਰ ਵੇਚਣ ਦੇ ਮਾਮਲੇ ਵਿੱਚ ਕੇਸ ਚੱਲ ਰਿਹਾ ਹੈ। ਇਸ ਮਾਮਲੇ ਵਿੱਚ ਇਹ ਜੇਲ੍ਹ ਕੱਟ ਕੇ 6 ਮਹੀਨੇ ਪਹਿਲਾਂ ਹੀ ਰਿਹਾਅ ਹੋ ਕੇ ਆਏ ਸਨ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਫਿਰ ਤੋਂ ਇਹ ਧੰਦਾ ਸ਼ੁਰੂ ਕਰ ਦਿੱਤਾ। ਬਹਾਦੁਰਗੜ੍ਹ ਪੁਲਸ ਦੁਆਰਾ ਸਾਥੀ ਫੜੇ ਜਾਣ ਤੋਂ ਬਾਅਦ ਪਤੀ ਪਤਨੀ ਘਰ ਨੂੰ ਤਾਲਾ ਲਗਾ ਕੇ ਫਰਾਰ ਹੋ ਚੁੱਕੇ ਹਨ ਅਤੇ ਮੁਹੱਲੇ ਵਿੱਚ ਸ੍ਰੀ ਹਜ਼ੂਰ ਸਾਹਿਬ ਮੱਥਾ ਟੇਕਣ ਦਾ ਬੋਲ ਕੇ ਗਏ ਹਨ। ਉੱਥੇ ਹੀ ਦੋ ਦਿਨ ਪਹਿਲਾਂ ਬਹਾਦੁਰਗੜ੍ਹ ਪੁਲਸ ਮੁਕਤਸਰ ਵਿੱਚ ਜਲਾਲਾਬਾਦ ਰੋਡ ‘ਤੇ ਗਲੀ ਨੰਬਰ 6 ਵਿੱਚ ਸਥਿਤ ਲਾਡੀ ਅਤੇ ਨਰਸ ਰਾਣੀ ਦੇ ਘਰ ਵਿੱਚ ਰੇਡ ਕਰਨ ਆਈ ਸੀ, ਪਰ ਪਤੀ ਪਤਨੀ ਇੱਕ ਹਫ਼ਤੇ ਤੋਂ ਫਰਾਰ ਦੱਸੇ ਜਾ ਰਹੇ ਹਨ। ਗੌਰਤਲਬ ਹੈ ਕਿ ਬਹਾਦੁਰਗੜ੍ਹ ਪੁਲਸ ਦੀ ਜਾਂਚ ਵਿੱਚ ਦੇਸ਼ ਦੇ 10 ਰਾਜਾਂ ਵਿੱਚ ਇਸ ਗਿਰੋਹ ਦੁਆਰਾ 50 ਤੋਂ ਵੱਧ ਬੱਚਿਆਂ ਨੂੰ ਵੇਚਣ ਦੇ ਮਾਮਲਿਆਂ ਦਾ ਪਤਾ ਚੱਲਿਆ ਹੈ। ਪੰਜਾਬ ਤੋਂ ਲੈ ਕੇ ਹਰਿਆਣਾ, ਦਿੱਲੀ, ਰਾਜਸਥਾਨ, ਚੰਡੀਗੜ੍ਹ, ਮਹਾਰਾਸ਼ਟਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਝਾਰਖੰਡ, ਛੱਤੀਸਗੜ੍ਹ ਵਿੱਚ ਬੱਚਿਆਂ ਦੀ ਖਰੀਦੋ-ਫਰੋਖ਼ਤ ਦਾ ਇਹ ਕਾਲਾ ਕਾਰੋਬਾਰ ਗੋਦ ਦਿਵਾਉਣ ਦੇ ਨਾਮ ‘ਤੇ ਚੱਲ ਰਿਹਾ ਸੀ। ਮਾਮਲੇ ਵਿੱਚ ਅਜੇ ਤੱਕ 9 ਲੋਕਾਂ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ। ਪਤਾ ਚੱਲਿਆ ਹੈ ਕਿ ਨਰਸ ਰਾਣੀ



ਦਾ ਲਾਡੀ ਨਾਲ ਦੂਜਾ ਵਿਆਹ ਹੈ। ਇਨ੍ਹਾਂ ਦੇ ਦੋ ਬੱਚੇ ਹਨ। ਲਾਡੀ ਦੇ ਕੋਲ ਟਰੱਕ ਹੈ, ਜਿਸ ਨੂੰ ਚਲਾਉਣ ਲਈ ਡਰਾਈਵਰ ਰੱਖਿਆ ਹੋਇਆ ਹੈ। ਰਾਣੀ ਪਹਿਲਾਂ ਕਿਸੇ ਪ੍ਰਾਈਵੇਟ ਹਸਪਤਾਲ ਵਿੱਚ ਨਰਸ ਦੇ ਰੂਪ ਵਿੱਚ ਕੰਮ ਕਰਦੀ ਸੀ। ਬਾਅਦ ਵਿੱਚ ਇਸ ਨੇ ਜਲਾਲਾਬਾਦ ਰੋਡ ‘ਤੇ ਇੱਕ ਕਲੀਨਿਕ ਖੋਲ੍ਹਿਆ ਅਤੇ ਪੰਜ ਸਾਲ ਪਹਿਲਾਂ 20 ਲੱਖ ਰੁਪਏ ਵਿੱਚ ਨਵਾਂ ਘਰ ਜਲਾਲਾਬਾਦ ਰੋਡ ਗਲੀ ਨੰਬਰ 6 ਵਿੱਚ ਖਰੀਦਿਆ ਅਤੇ ਫਿਰ ਉਸੇ ਵਿੱਚ ਕਲੀਨਿਕ ਚਲਾਉਣ ਲੱਗੀ। ਔਰਤਾਂ ਦੀ ਡਿਲੀਵਰੀ ਆਪਣੇ ਘਰ ਵਿੱਚ ਹੀ ਕਰਦੀ ਸੀ। ਇਹ ਗਿਰੋਹ ਡਿਜੀਟਲ ਪਲੇਟਫਾਰਮ ਤੋਂ ਲੈ ਕੇ ਹਸਪਤਾਲਾਂ ਤੱਕ ਆਪਣਾ ਜਾਲ ਵਿਛਾਏ ਹੋਏ ਸਨ। ਇੰਟਰਨੈੱਟ ‘ਤੇ ਬੇਔਲਾਦ ਪਤੀ ਪਤਨੀ ਦੇ ਰੂਪ ਵਿੱਚ ਆਪਣੇ ਗ੍ਰਾਹਕਾਂ ਨੂੰ ਤਲਾਸ਼ਦੇ ਸਨ। ਸੌਦਾ ਹੋਣ ਤੋਂ ਬਾਅਦ ਬੱਚੇ ਦੀ ਡਿਲੀਵਰੀ ਦਿੰਦੇ ਸਨ। ਪੈਸਾ ਕੈਸ਼ ਵਿੱਚ ਲੈਂਦੇ ਸਨ ਤਾਂ ਜੋ ਕੋਈ ਸਬੂਤ ਨਾ ਰਹੇ। ਬਹਾਦੁਰਗੜ੍ਹ ਪੁਲਸ ਨੇ ਜੋ ਬੱਚਾ ਬਰਾਮਦ ਕੀਤਾ ਹੈ, ਉਹ ਫਰੀਦਕੋਟ ਦੇ ਪਿੰਡ ਮਚਾਕੀ ਕਲਾਂ ਤੋਂ ਖਰੀਦਿਆ ਗਿਆ ਸੀ। ਫਰੀਦਕੋਟ ਦੇ ਰਹਿਣ ਵਾਲੇ ਕੁਲਵਿੰਦਰ ਅਤੇ ਉਸ ਦੀ ਪਤਨੀ ਪਰਮਜੀਤ ਹਨ। ਇਨ੍ਹਾਂ ਨੇ ਬੱਚੇ ਨੂੰ ਵੇਚਿਆ ਸੀ। ਇਨ੍ਹਾਂ ਦੀ ਵੀ ਗ੍ਰਿਫ਼ਤਾਰੀ ਹੋ ਚੁੱਕੀ ਹੈ। ਮੁਲਜ਼ਮ ਪਤੀ ਪਤਨੀ ਦੇ ਕੋਲ ਪਹਿਲਾਂ ਤੋਂ ਦੋ ਬੱਚੇ ਹਨ। ਤੀਜਾ ਬੱਚਾ ਪੁੱਤਰ ਹੋਇਆ ਤਾਂ ਉਸ ਨੂੰ ਗਿਰੋਹ ਨੂੰ ਸਵਾ ਦੋ ਲੱਖ ਵਿੱਚ ਵੇਚ ਦਿੱਤਾ ਸੀ। ਸਥਾਨਕ ਪੁਲਸ ਦਾ ਕਹਿਣਾ ਹੈ ਕਿ ਇਹ ਮਾਮਲਾ ਬਹਾਦੁਰਗੜ੍ਹ ਪੁਲਸ ਨਾਲ ਜੁੜਿਆ ਹੋਇਆ ਹੈ। ਬਹਾਦੁਰਗੜ੍ਹ ਪੁਲਸ ਸ੍ਰੀ ਮੁਕਤਸਰ ਸਾਹਿਬ ਵਿੱਚ ਲਾਡੀ ਦੇ ਘਰ ‘ਤੇ ਆਈ ਸੀ। ਲੋਕਲ ਪੁਲਸ ਨੇ ਉਨ੍ਹਾਂ ਦਾ ਸਹਿਯੋਗ ਕੀਤਾ ਹੈ। ਇਸ ਤੋਂ ਇਲਾਵਾ ਇਸ ਬਾਰੇ ਉਨ੍ਹਾਂ ਕੋਲ ਹੋਰ ਕੋਈ ਜਾਣਕਾਰੀ ਨਹੀਂ ਹੈ। ਇਹ ਕੇਸ ਬਹਾਦੁਰਗੜ੍ਹ ਪੁਲਸ ਹੀ ਦੇਖ ਰਹੀ ਹੈ।

# ਜਾਡਲਾ ਇਲਾਕੇ ’ਚ ਸਰਗਰਮ ਮਹਿਲਾ ਲੁਟੇਰਾ ਗਿਰੋਹ ਨੇ ਪਾਈ ਦਹਿਸ਼ਤ

**ਕੌਮੀ ਪਤ੍ਰਿਕਾ**

ਜਾਡਲਾ 22 ਅਪ੍ਰੈਲ। ਜਾਡਲਾ ਇਲਾਕੇ ਦੇ ਵੱਖ-ਵੱਖ ਥਾਵਾਂ ’ਤੇ ਕਾਰ ’ਚ ਸਵਾਰ ਹੋ ਕੇ ਘੁੰਮ ਰਿਹਾ ਔਰਤ ਲੁਟੇਰਾ ਗਿਰੋਹ ਨੇ ਲੋਕਾਂ ’ਚ ਦਹਿਸ਼ਤ ਵਾਲਾ ਮਾਹੌਲ ਪੈਦਾ ਕੀਤਾ ਹੋਇਆ ਹੈ। ਬੀਤੇ ਦਿਨ ਪਿੰਡ ਨਾਈ ਮਜਾਰਾ ਬੱਸ ਸਟੈਂਡ ’ਤੇ ਇਕ ਔਰਤ ਖੜ੍ਹੀ ਬੱਸ ਦੀ ਉਡੀਕ ਕਰ ਰਹੀ ਸੀ, ਕੁਝ ਸਮੇਂ ਬਾਅਦ ਉਨ੍ਹਾਂ ਕੋਲ ਇਕ ਕਾਰ ਆ ਕੇ ਰੁਕ ਗਈ, ਜਿਸ ਵਿੱਚ ਦੋ ਔਰਤਾਂ ਅਤੇ ਦੋ ਨੌਜਵਾਨ ਸਵਾਰ ਸਨ। ਬੱਸ ਸਟੈਂਡ ’ਤੇ ਖੜ੍ਹੀ ਔਰਤ ਨੂੰ ਗੱਡੀ ਵਾਲੀਆਂ ਔਰਤਾਂ ਕਹਿਣ ਲੱਗੀਆਂ ਕਿ ਤੁਸੀਂ ਕਿੱਥੇ ਜਾਣਾ ਹੈ ਤਾਂ ਉਸ ਔਰਤ ਨੇ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਮੈਂ ਬੱਸ ਦੀ ਉਡੀਕ ਕਰ ਰਹੀ ਹਾਂ ਮੈਂ ਬੱਸ ਵਿੱਚ ਚਲੇ ਜਾਣਾ ਹੈ ਪਰ ਉਹ ਔਰਤਾਂ ਉਸ ਨੂੰ ਇਹ ਵੀ ਕਹਿੰਦੀਆ ਰਹੀਆਂ ਕਿ ਅਸੀਂ ਤੇਰੀ ਸਹੇਲੀ ਦੀਆਂ ਸਹੇਲੀਆਂ ਹਾਂ ਤੂੰ ਸਾਡੇ ਨਾਲ ਹੀ ਚਲ ਅਸੀਂ ਤੈਨੂੰ ਉਸ ਜਗ?ਹਾ ’ਤੇ ਉਤਾਰ ਦੇਵਾਂਗੇ, ਜਿੱਥੇ ਵੀ ਤੁਸੀਂ ਜਾਣਾ ਹੈ। ਉਸ ਔਰਤ ਨੂੰ ਜਦੋਂ ਉਨ੍ਹਾਂ ਸ਼ੱਕ ਹੋ ਗਿਆ ਤਾਂ ਉਹ ਆਪਣੀ ਕਾਰ ਨੂੰ ਭਜਾ ਕੇ ਲੈ ਗਏ। ਬੀਤੀ ਕੱਲ੍ਹ ਪ੍ਰਵਾਸੀ ਮਜ਼ਦੂਰਾਂ ਨੇ ਦੱਸਿਆ ਕਿ ਉਹ ਨਾਈ ਮਜਾਰਾ, ਸੁਨਾਵਾ, ਨਹਿਰ ’ਤੇ ਬਾਲਣ ਇਕੱਠਾ ਕਰ ਰਹੇ ਸਨ। ਇਨੇ ਨੂੰ ਇਕ ਕਾਰ ਆਈ ਜਿਸ ਵਿੱਚ ਤਿੰਨ ਔਰਤਾਂ ਇਕ ਨੌਜਵਾਨ ਸਵਾਰ ਸੀ। ਉਨ੍ਹਾਂ ਵੱਲੋਂ ਇਕ ਸਕੂਟਰੀ ਸਵਾਰ ਕੁੜੀ ਨੂੰ ਘੇਰ ਲਿਆ ਗਿਆ ਜਦੋਂ ਰੌਲਾ ਰੱਪਾ ਪਿਆ ਤਾਂ ਉਹ ਤੁਰੰਤ ਉਸ ਲੜਕੀ ਵੱਲ ਨੂੰ ਭੱਜੇ ਅਤੇ ਕਾਰ ਚਾਲਕ ਤੁਰੰਤ ਉਸ ਜਗ?ਹਾ ਤੋਂ ਭੱਜਣ ਵਿੱਚ ਸਫ਼ਲ ਹੋ ਗਏ। ਲੜਕੀ ਨੇ ਦੱਸਿਆ ਕਿ ਇਹ ਲੋਕ ਮੈਨੂੰ ਇਹ ਕਹਿ ਰਹੇ ਸਨ ਕਿ ਤੇਰੀ ਮੰਮੀ ਦਾ ਐਕਸੀਡੈਂਟ ਹੋ ਗਿਆ ਹੈ ਤੂੰ ਗੱਡੀ ਵਿੱਚ ਬੈਠ ਜਾ ਤੇ ਹਸਪਤਾਲ




ਜਾਣਾ ਹੈ ਪਰ ਜਦੋਂ ਉਹ ਆਪਣੇ ਘਰ ਫੋਨ ਕਰਨ ਲੱਗੀ ਤਾਂ ਉਨ੍ਹਾਂ ਨਾਲ ਹੱਥੋਪਾਈ ਕਰਨ ਲੱਗ ਪਏ। ਲੜਕੀ ਨੇ ਦੱਸਿਆ ਕਿ ਜੇ ਇਹ ਲੋਕ ਮੌਕੇ ’ਤੇ ਨਾ ਹਾਜ਼ਰ ਹੁੰਦੇ ਤਾਂ ਪਤਾ ਨਹੀਂ ਇਨ੍ਹਾਂ ਵੱਲੋਂ ਮੇਰੇ ਨਾਲ ਕੀ ਸਲੂਕ ਕੀਤਾ ਜਾਣਾ ਸੀ। ਇਲਾਕੇ ਦੇ ਲੋਕਾਂ ਨੇ ਮੰਗ ਕੀਤੀ ਕਿ ਤੁਰੰਤ ਇਸ ਲੁਟੇਰਾ ਗਿਰੋਹ ਨੂੰ ਕਾਬੂ ਕੀਤਾ ਜਾਵੇ ਤਾਂ ਕਿ ਲੋਕ ਅਮਨ ਸ਼ਾਂਤੀ ਨਾਲ ਰਹਿ ਸਕਣ।

## ਲੱਖਾਂ ਦਾ ਕੱਚਾ ਮਾਲ ਹੜਪ ਕੇ ਕੰਪਨੀ ਗਾਇਬ, ਨਾ ਮਾਲ ਵਾਪਸ ਕੀਤਾ ਨਾ ਪੈਸੇ

ਲੁਧਿਆਣਾ 22 ਅਪ੍ਰੈਲ। ਲੁਧਿਆਣਾ ਵਿੱਚ ਧੋਖਾਧੜੀ ਦਾ ਵੱਡਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਕੰਪਨੀ ਵੱਲੋਂ ਲੱਖਾਂ ਰੁਪਏ ਦਾ ਕੱਚਾ ਮਾਲ ਹੜਪ ਕਰਨ ਦਾ ਦੋਸ਼ ਲੱਗਿਆ ਹੈ। ਦੋਸ਼ ਹੈ ਕਿ ਕੰਪਨੀ ਨੇ ਨਾ ਤਾਂ ਤਿਆਰ ਮਾਲ ਵਾਪਸ ਭੇਜਿਆ ਅਤੇ ਨਾ ਹੀ ਬਕਾਇਆ ਰਕਮ ਦੀ ਅਦਾਇਗੀ ਕੀਤੀ। ਇਸ ਸਬੰਧੀ ਪੀੜਤ ਵਪਾਰੀ ਦੀ ਸ਼ਿਕਾਇਤ ‘ਤੇ ਥਾਣਾ ਫੋਕਲ ਪੌਇੰਟ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ, ਕਰਤਾਰ ਚੰਦ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ




ਦੱਸਿਆ ਕਿ ਉਸਦੀ ਕੰਪਨੀ ਵੱਲੋਂ ਮਲਕੀਤ ਸਿੰਘ ਦੀ ਕੰਪਨੀ ਨੂੰ 8 ਮਾਰਚ, 29 ਅਗਸਤ ਅਤੇ 1 ਅਕਤੂਬਰ 2022 ਨੂੰ ਵੱਖ-ਵੱਖ ਕਿਸ਼ਤਾਂ ਵਿੱਚ ਕੱਚਾ ਮਾਲ ਸਪਲਾਈ ਕੀਤਾ ਗਿਆ ਸੀ। ਦੋਨੋਂ ਧਿਰਾਂ ਵਿਚ ਇਹ ਸਹਿਮਤੀ ਹੋਈ ਸੀ ਕਿ ਇਸ ਮਾਲ ਨੂੰ ਤਿਆਰ ਕਰਕੇ ਵਾਪਸ ਭੇਜਿਆ ਜਾਵੇਗਾ। ਪਰ ਸ਼ਿਕਾਇਤਕਰਤਾ ਦੇ ਮੁਤਾਬਕ, ਦੋਸ਼ੀ ਕੰਪਨੀ ਨੇ ਨਾ ਸਿਰਫ ਮਾਲ ਵਾਪਸ ਨਹੀਂ ਭੇਜਿਆ, ਸਗੋਂ ਸਾਰਾ ਕੱਚਾ ਮਾਲ ਹੀ ਆਪਣੇ ਪਾਸ ਰੱਖ ਲਿਆ। ਹਿਸਾਬ-ਕਿਤਾਬ ਕਰਨ ‘ਤੇ ਇਹ ਵੀ ਸਾਹਮਣੇ ਆਇਆ ਕਿ ਦੋਸ਼ੀ ਵੱਲੋਂ ਹਾਲੇ ਵੀ 12,26,820.68 ਰੁਪਏ ਦੀ ਵੱਡੀ ਰਕਮ ਬਕਾਇਆ ਹੈ। ਪੀੜਤ ਵਪਾਰੀ ਨੇ ਦੱਸਿਆ ਕਿ ਕਈ ਵਾਰ ਭੁਗਤਾਨ ਲਈ ਸੰਪਰਕ ਕਰਨ ਦੇ ਬਾਵਜੂਦ ਵੀ ਕੋਈ ਰਾਹਤ ਨਹੀਂ ਮਿਲੀ, ਜਿਸ ਕਾਰਨ ਉਹਨਾਂ ਨੂੰ ਅਖ਼ੀਰਕਾਰ ਪੁਲਸ ਕੋਲ ਜਾਣਾ ਪਿਆ। ਪੁਲਸ ਵੱਲੋਂ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਫ਼ਸਲ ਵੇਚਣ ਜਾ ਰਹੇ ਕਿਸਾਨ ਨਾਲ ਵਾਪਰਿਆ ਹਾਦਸਾ, ਕਣਕ ਨਾਲ ਭਰੀ ਟਰਾਲੀ ਨੂੰ ਟਿੱਪਰ ਨੇ ਮਾਰੀ ਟੱਕਰ

ਜਗਦੇਵ ਸਿੰਘ 22 ਅਪ੍ਰੈਲ। ਚੁੰਨੀ-ਮੋਰਿੰਡਾ ਰੋਡ ’ਤੇ ਸੜਕ ਹਾਦਸਿਆਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਅੱਜ ਇਕ ਹੋਰ ਦਰਦਨਾਕ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਪਿੰਡ ਸਾਦਕਪੁਰ ਦਾ ਇਕ ਕਿਸਾਨ ਕਣਕ ਵੇਚਣ ਲਈ ਟਰੈਕਟਰ-ਟਰਾਲੀ ਰਾਹੀਂ ਦਾਣਾ ਮੰਡੀ ਮੋਰਿੰਡਾ ਵਿਖੇ ਜਾ ਰਿਹਾ ਸੀ। ਇਸ ਦੌਰਾਨ ਜਦੋਂ ਕਿਸਾਨ ਦਾਣਾ ਮੰਡੀ ਦੇ ਨਜ਼ਦੀਕ ਪਹੁੰਚਿਆ ਤਾਂ ਪਿੱਛੋਂ ਆ ਰਹੇ ਇਕ ਤੇਜ਼ ਰਫ਼ਤਾਰ ਟਿੱਪਰ ਨੇ ਟਰੈਕਟਰ-ਟਰਾਲੀ ਨੂੰ ਇਕ ਵਾਰ ਨਹੀਂ, ਬਲਕਿ ਵਾਰ-ਵਾਰ ਟੱਕਰਾਂ ਮਾਰੀਆਂ। ਇਹ ਟੱਕਰਾਂ ਇੰਨੀਆਂ ਜ਼ੋਰਦਾਰ ਸਨ ਕਿ ਟਰੈਕਟਰ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਟਰਾਲੀ ਵਿਚ ਲੱਦੀ ਹੋਈ ਕਣਕ ਸੜਕ ’ਤੇ ਖਿੱਲਰ ਗਈ। ਇਸ ਹਾਦਸੇ ਵਿਚ ਕਿਸਾਨ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਹਾਦਸੇ ਤੋਂ ਤੁਰੰਤ ਬਾਅਦ ਸਥਾਨਕ ਪਿੰਡ ਵਾਸੀਆਂ ਅਤੇ ਉੱਥੋਂ ਲੰਘ ਰਹੇ ਰਾਹਗੀਰਾਂ ਨੇ ਹਿੰਮਤ ਦਿਖਾਉਂਦੇ ਹੋਏ ਜ਼ਖ਼ਮੀ ਕਿਸਾਨ ਨੂੰ ਟਰੈਕਟਰ ਵਿਚੋਂ ਬਾਹਰ ਕੱਢਿਆ ਅਤੇ ਤੁਰੰਤ ਮੋਰਿੰਡਾ ਦੇ ਸਰਕਾਰੀ ਹਸਪਤਾਲ ਵਿਖੇ ਦਾਖਲ ਕਰਵਾਇਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸੇ ਰੋਡ ’ਤੇ ਕੁਝ ਦਿਨ ਪਹਿਲਾਂ ਹੀ ਪਿੰਡ ਹਿੰਮਤਪੁਰਾ ਦੇ ਨਜ਼ਦੀਕ ਇਕ ਬਹੁਤ ਹੀ ਭਿਆਨਕ ਹਾਦਸਾ ਵਾਪਰਿਆ ਸੀ। ਉਸ ਸਮੇਂ ਵਿਸਾਖੀ ਮੌਕੇ ਮੱਥਾ ਟੇਕ ਕੇ ਵਾਪਸ ਆ ਰਹੀ ਸੰਗਤਾਂ ਦੀ ਬੱਸ ਪਲਟ ਗਈ ਸੀ, ਜਿਸ ਵਿਚ ਕਈ ਲੋਕਾਂ ਦੀ ਮੌਤ ਹੋ ਗਈ ਸੀ। ਵਾਰ-ਵਾਰ ਵਾਪਰ ਰਹੇ ਇਨ੍ਹਾਂ ਹਾਦਸਿਆਂ ਕਾਰਨ ਇਲਾਕਾ ਨਿਵਾਸੀਆਂ ਵਿਚ ਪ੍ਰਸ਼ਾਸਨ ਅਤੇ ਤੇਜ਼ ਰਫ਼ਤਾਰ ਵਾਹਨਾਂ ਵਿਰੁੱਧ ਭਾਰੀ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਨੇ ਮੰਗ ਕੀਤੀ ਹੈ ਕਿ ਇਸ ਮਾਰਗ ’ਤੇ ਟ?ਰੈਫਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਕੀਮਤੀ ਜਾਨਾਂ ਬਚਾਈਆਂ ਜਾ ਸਕਣ।

# ਸਿਵਲ ਹਸਪਤਾਲ ਦੀ ਸੁਰੱਖਿਆ ਰੱਬ ਆਸਰੇ ! ਬਿਨਾਂ ਪੁਲਸ ਮੁਲਾਜ਼ਮਾਂ ਦੇ ਹੱਥਕੜੀ ਪਾਈ ਸ਼ਰੇਆਮ ਘੁੰਮਦੇ ਦਿਖੇ ਨੌਜਵਾਨ

**ਕੌਮੀ ਪਤ੍ਰਿਕਾ**

ਲੁਧਿਆਣਾ 22 ਅਪ੍ਰੈਲ। ਸਿਵਲ ਹਸਪਤਾਲ ਤੋਂ ਸੁਰੱਖਿਆ ਵਿਵਸਥਾ ਦੀ ਪੋਲ ਖੋਲ੍ਹਦੀ ਇਕ ਅਜਿਹੀ ਤਸਵੀਰ ਸਾਹਮਣੇ ਆਈ ਹੈ, ਜਿਸ ਨੂੰ ਦੇਖ ਕੇ ਹਰ ਕੋਈ ਦੰਗ ਹੈ। ਹਸਪਤਾਲ ਕੰਪਲੈਕਸ ਵਿਚ ਦੋ ਨੌਜਵਾਨਾਂ ਨੂੰ ਸ਼ਰੇਆਮ ਹੱਥਕੜੀ ਪਹਿਨੇ ਹੋਏ ਇਕੱਲੇ ਘੁੰਮਦੇ ਦੇਖਿਆ ਗਿਆ। ਹੈਰਾਨੀ ਦੀ ਗੱਲ ਇਹ ਰਹੀ ਕਿ ਇਨ੍ਹਾਂ ਨੌਜਵਾਨਾਂ ਦੇ ਨਾਲ ਇਕ ਵੀ ਪੁਲਸ ਮੁਲਾਜ਼ਮ ਨਜ਼ਰ ਨਹੀਂ ਆਇਆ। ਬਿਨਾਂ ਕਿਸੇ ਸੁਰੱਖਿਆ ਘੇਰੇ ਦੇ ਹੱਥਕੜੀ ਲੱਗੇ ਇਨ੍ਹਾਂ ਨੌਜਵਾਨਾਂ ਦਾ ਇਸ ਤਰ੍ਹਾਂ ਖੁੱਲ੍ਹੇਆਮ ਘੁੰਮਣਾ ਪੁਲਸ ਪ੍ਰਸ਼ਾਸਨ ਦੀ ਵੱਡੀ ਲਾਪਰਵਾਹੀ ਵੱਲ ਇਸ਼ਾਰਾ ਕਰ ਰਿਹਾ ਹੈ। ਹਸਪਤਾਲ ਵਿਚ ਮੌਜੂਦ ਲੋਕ ਉਸ ਵਕਤ ਹੈਰਾਨ ਰਹਿ ਗਏ ਜਦੋਂ ਉਨ੍ਹਾਂ ਨੇ ਇਨ੍ਹਾਂ ਹਵਾਲਾਤੀਆਂ ਨੂੰ ਬਿਨਾਂ ਕਿਸੇ ਪਹਿਰੇ ਦੇ ਇੱਧਰ-ਉੱਧਰ ਟਹਿਲਦੇ ਦੇਖਿਆ। ਸਵਾਲ ਇਹ ਉੱਠ ਰਿਹਾ ਹੈ ਕਿ ਆਖ਼ਰ ਕਿੰਨ੍ਹਾਂ ਲਾਪਰਵਾਹ ਪੁਲਸ ਮੁਲਾਜ਼ਮਾਂ ਨੇ ਇਨ੍ਹਾਂ ਮੁਲਜ਼ਮਾਂ ਨੂੰ ਇਸ ਤਰ੍ਹਾਂ ਲਾਵਾਰਿਸ ਛੱਡ ਦਿੱਤਾ? ਜੇਕਰ ਇਹ ਨੌਜਵਾਨ ਭੀੜ ਦਾ ਫ਼ਾਇਦਾ ਉਠਾ ਕੇ ਭੱਜ ਜਾਂਦੇ, ਤਾਂ ਇਸ ਦਾ ਜ਼ਿੰਮੇਵਾਰ ਕੌਣ ਹੁੰਦਾ? ਕੀ ਪੁਲਸ ਮੁਲਾਜ਼ਮ ਖ਼ੁਦ ਹੀ ਇਨ੍ਹਾਂ ਨੂੰ



ਭੱਜਣ ਦਾ ਮੌਕਾ ਦੇ ਰਹੇ ਹਨ ਜਾਂ ਫਿਰ ਡਿਊਟੀ ਪ੍ਰਤੀ ਇਹ ਘੋਰ ਲਾਪਰਵਾਹੀ ਹੈ? ਇਹ ਹੁਣ ਇਕ ਗੰਭੀਰ ਜਾਂਚ ਦਾ ਵਿਸ਼ਾ ਬਣ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਕੋਈ ਪਹਿਲੀ ਵਾਰ ਨਹੀਂ ਹੈ ਜਦੋਂ ਸਿਵਲ ਹਸਪਤਾਲ ਦੀ ਸੁਰੱਖਿਆ ’ਤੇ ਸਵਾਲ ਉੱਠੇ ਹੋਣ। ਇਸ ਤੋਂ ਪਹਿਲਾਂ ਵੀ ਕਈ ਵਾਰ ਹਵਾਲਾਤੀ ਅਤੇ ਕੈਦੀ ਪੁਲਸ ਦੀਆਂ ਅੱਖਾਂ ’ਚ ਘੱਟਾ ਪਾ ਕੇ ਇੱਥੋਂ ਫ਼ਰਾਰ ਹੋਣ ਵਿਚ ਕਾਮਯਾਬ ਰਹੇ ਹਨ। ਅਜਿਹੀਆਂ ਘਟਨਾਵਾਂ ਦੇ ਬਾਵਜੂਦ ਪੁਲਿਸ ਪ੍ਰਸ਼ਾਸਨ ਸਬਕ ਲੈਣ ਨੂੰ ਤਿਆਰ ਨਹੀਂ ਦਿਖ ਰਿਹਾ। ਸ਼ਰੇਆਮ ਘੁੰਮਦੇ ਇਨ੍ਹਾਂ ਹੱਥਕੜੀ ਲੱਗੇ ਨੌਜਵਾਨਾਂ ਦੀ ਫ਼ੋਟੋ ਹੁਣ ਸੋਸ਼ਲ ਮੀਡੀਆ ’ਤੇ ਪੁਲਿਸ ਦੀ ਕਾਰਜਪ੍ਰਣਾਲੀ ਅਤੇ ਹਸਪਤਾਲ ਦੀ ਸੁਰੱਖਿਆ ਵਿਵਸਥਾ ’ਤੇ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਰਹੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਇਸ ਲਾਪਰਵਾਹੀ ਲਈ ਜ਼ਿੰਮੇਵਾਰ ਪੁਲਸ ਮੁਲਾਜ਼ਮਾਂ ’ਤੇ ਉੱਚ ਅਧਿਕਾਰੀ ਕੀ ਕਾਰਵਾਈ ਕਰਦੇ ਹਨ।

## ਮੁੱਦਕੀ ਵਿਖੇ ਮੱਛਰਾਂ ਦੀ ਭਰਮਾਰ; ਰਾਤ ਨੂੰ ਮੱਛਰ ਫੈਲਾਉਂਦੇ ਹਨ ਆਤੰਕ

ਮੁੱਦਕੀ/ਘੱਲ ਖੁਰਦ 22 ਅਪ੍ਰੈਲ। ਮੁੱਦਕੀ ਵਿਖੇ ਮੱਛਰਾਂ ਦੀ ਭਰਮਾਰ ਪਾਈ ਜਾ ਰਹੀ ਹੈ। ਜਿਸ ਕਾਰਨ ਕਸਬਾ ਵਾਸੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਦਿਨੀ ਇੱਥੇ ਲਗਾਤਾਰ ਹੋਈਆਂ ਬਾਰਿਸ਼ਾਂ ਤੋਂ ਬਾਅਦ ਵੱਡੇ ਪੱਧਰ ਉੱਪਰ ਮੱਛਰ ਪੈਦਾ ਹੋ ਗਿਆ ਹੈ। ਜਿਸ ਕਾਰਨ ਸ਼ਾਮ ਨੂੰ ਬਾਹਰ ਬੈਠੇ ਜਾਂ ਰਾਤ ਨੂੰ ਬਾਹਰ ਸੁੱਤੇ ਪਏ ਬੱਚਿਆਂ, ਬਜ਼ੁਰਗਾਂ ਅਤੇ ਆਮ ਲੋਕਾਂ ਉੱਪਰ ਵੱਡੀ ਗਿਣਤੀ ’ਚ ਇਕੱਠੇ ਹੋਏ ਮੱਛਰ ਪੂਰੀ ਤਰ੍ਹਾਂ ਹਮਲਾਵਰ ਹੋ ਕੇ ਟੁੱਟ ਪੈਂਦੇ ਹਨ। ਸ਼ਾਮ ਤੋਂ ਬਾਅਦ ਮੱਛਰਾਂ ਦੀ ਗਿਣਤੀ ਇਕ ਦਮ ਵਧ ਜਾਂਦੀ ਹੈ ਅਤੇ ਇਨ੍ਹਾਂ ਮੱਛਰਾਂ



ਕਾਰਨ ਲੋਕਾਂ ਦਾ ਜੀਣਾ ਮੁਹਾਲ ਹੋਇਆ ਪਿਆ ਹੈ। ਲੋਕਾਂ ਨੇ ਕਿਹਾ ਕਿ ਜੇਕਰ ਕਸਬੇ ਵਿਖੇ ਜਲਦੀ ਹੀ ਮੱਛਰਮਾਰ ਦਵਾਈ ਨਾ ਛਿੜਕਾਈ ਗਈ ਤਾਂ ਮੱਛਰਾਂ ਕਾਰਨ ਬੀਮਾਰੀਆਂ ਫੈਲਣ ਦੀ ਪੂਰੀ-ਪੂਰੀ ਸੰਭਾਵਨਾ ਬਣ ਸਕਦੀ ਹੈ। ਕਸਬਾ ਵਾਸੀਆਂ ਨੇ ਨਗਰ ਪੰਚਾਇਤ ਮੁੱਦਕੀ ਦੇ ਪ੍ਰਧਾਨ ਅਤੇ ਕਾਰਜ ਸਾਧਕ ਅਫ਼ਸਰ ਤੋਂ ਮੰਗ ਕੀਤੀ ਕਿ ਕਸਬੇ ਵਿਖੇ ਜਲਦੀ ਤੋਂ ਜਲਦੀ ਮੱਛਰਮਾਰ ਦਵਾਈ ਦਾ ਛਿੜਕਾਅ ਕਰਵਾਇਆ ਜਾਵੇ, ਤਾਂ ਜੋ ਲੋਕਾਂ ਨੂੰ ਮੱਛਰਾਂ ਕਾਰਨ ਹੋ ਰਹੀ ਪ੍ਰੇਸ਼ਾਨੀ ਤੋਂ ਫੌਰੀ ਤੌਰ ’ਤੇ ਰਾਹਤ ਮਿਲ ਸਕੇ ◆ ਨਗਰ ਪੰਚਾਇਤ ਮੁੱਦਕੀ ਦੇ ਕਾਰਜ ਸਾਧਕ ਅਫ਼ਸਰ ਜਗਦੀਸ਼ ਰਾਏ ਗਰਗ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਮੱਛਰਾਂ ਦੇ ਖਾਤਮੇਂ ਲਈ ਨਗਰ ਪੰਚਾਇਤ ਵੱਲੋਂ ਆਉਂਣ ਵਾਲੇ ਦਿਨਾਂ ’ਚ ਸਾਰੇ ਕਸਬੇ ’ਚ ਮੱਛਰਮਾਰ ਦਵਾਈ ਦਾ ਛਿੜਕਾਅ ਕਰਵਾਇਆ ਜਾਵੇਗਾ ਅਤੇ ਨਾਲ ਹੀ ਫੌਗਿੰਗ ਸਪਰੇਅ ਵੀ ਕਰਵਾਈ ਜਾਵੇਗੀ। ਇਸ ਮੌਕੇ ਨਗਰ ਪੰਚਾਇਤ ਮੁੱਦਕੀ ਦਾ ਸਟਾਫ ਹਾਜ਼ਰ ਸੀ।

## ਫਿਰੋਜ਼ਪੁਰ ਕੈਂਟ ਰੇਲਵੇ ਸਟੇਸ਼ਨ ’ਤੇ ਹੈਰੀਟੇਜ ਲੋਕੋ ਬਣਿਆ ਖਿੱਚ ਦਾ ਕੇਂਦਰ

ਜੈਤੋ, 22 ਅਪ੍ਰੈਲ। ਉੱਤਰ ਰੇਲਵੇ ਦੇ ਫਿਰੋਜ਼ਪੁਰ ਰੇਲ ਮੰਡਲ ਵੱਲੋਂ ਐਤਵਾਰ ਨੂੰ ਜਾਰੀ ਪ੍ਰੈਸ ਬਿਆਨ ਵਿੱਚ ਦੱਸਿਆ ਗਿਆ ਕਿ ਰੇਲਵੇ ਬੋਰਡ ਦੇ ਨਿਰਦੇਸ਼ਾਂ ਅਨੁਸਾਰ, ਵਿਸ਼ਵ ਵਿਰਾਸਤ ਦਿਵਸ ਦੇ ਮੌਕੇ ’ਤੇ ਫਿਰੋਜ਼ਪੁਰ ਮੰਡਲ ਵੱਲੋਂ 17 ਅਪ੍ਰੈਲ ਤੋਂ 23 ਅਪ੍ਰੈਲ 2026 ਤੱਕ ਵੱਖ-ਵੱਖ ਜਾਗਰੂਕਤਾ ਅਤੇ ਆਕਰਸ਼ਕ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ 18 ਅਪ੍ਰੈਲ 2026 ਨੂੰ ਫਿਰੋਜ਼ਪੁਰ ਕੈਂਟ ਰੇਲਵੇ ਸਟੇਸ਼ਨ ’ਤੇ ਵਿਸ਼ੇਸ਼ ਪਹਿਲ ਕਰਦੇ ਹੋਏ ਇਤਿਹਾਸਕ ਵਿਰਾਸਤ ’ਹੈਰੀਟੇਜ ਲੋਕੋ’ ਦਾ ਸੁੰਦਰੀਕਰਨ ਕੀਤਾ ਗਿਆ, ਜੋ ਯਾਤਰੀਆਂ ਦੇ ਵਿਚਕਾਰ ਖਿੱਚ ਦਾ ਮੁੱਖ ਕੇਂਦਰ ਰਿਹਾ। ਸਟੇਸ਼ਨ ਕੰਪਲੈਕਸ ਵਿੱਚ ਸਥਾਪਿਤ ਇਸ ਹੈਰੀਟੇਜ ਲੋਕੋ ਨੂੰ ਰਵਾਇਤੀ ਰੂਪ ਵਿੱਚ ਸਜਾਇਆ-ਸੰਵਾਰਿਆ ਗਿਆ, ਜਿਸ ਨਾਲ ਰੇਲਵੇ ਦੇ ਸ਼ਾਨਦਾਰ ਇਤਿਹਾਸ ਦੀ ਝਲਕ ਸਪੱਸ਼ਟ ਰੂਪ ਵਿੱਚ ਦੇਖਣ ਨੂੰ ਮਿਲੀ। ਇਸ ਮੌਕੇ ਯਾਤਰੀਆਂ ਦੀ ਸ਼ਮੂਲੀਅਤ ਵਧਾਉਣ ਲਈ ਇੱਕ ਆਕਰਸ਼ਕ ਸੈਲਫੀ ਪੁਆਇੰਟ ਵੀ ਸਥਾਪਿਤ ਕੀਤਾ ਗਿਆ, ਜਿੱਥੇ ਯਾਤਰੀਆਂ, ਵਿਸ਼ੇਸ਼ ਤੌਰ ’ਤੇ ਨੌਜਵਾਨਾਂ ਨੇ ਉਤਸ਼ਾਹ ਨਾਲ ਸੈਲਫੀ ਲੈ ਕੇ ਇਸ ਵਿਸ਼ੇਸ਼ ਦਿਨ ਨੂੰ ਯਾਦਗਾਰ ਬਣਾਇਆ। ਪ੍ਰੋਗਰਾਮ ਦੌਰਾਨ ਯਾਤਰੀਆਂ ਨੂੰ ਹੈਰੀਟੇਜ ਲੋਕੋ ਦੇ ਇਤਿਹਾਸਕ ਮਹੱਤਵ ਅਤੇ ਭਾਰਤੀ ਰੇਲਵੇ ਦੀ ਅਮੀਰ ਵਿਰਾਸਤ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ।

# ਵੋਟਰ ਸੂਚੀ ’ਚੋਂ ਨਾਂ ਕੱਟੇ ਜਾਣ ਤੋਂ ਪਰੇਸ਼ਾਨ ਪੱਛਮੀ ਬੰਗਾਲ ਦੇ 6 ਲੋਕਾਂ ਨੇ ਰਾਸ਼ਟਰਪਤੀ ਤੋਂ ਮੰਗੀ ’ਇੱਛਾ ਮੌਤ’

**ਕੌਮੀ ਪਤ੍ਰਿਕਾ**

ਕੋਲਕਾਤਾ/ਆਰਾਮਬਾਗ 22 ਅਪ੍ਰੈਲ। ਪੱਛਮੀ ਬੰਗਾਲ ਦੇ ਹੁਗਲੀ ਜ਼ਿਲ੍ਹੇ ਵਿੱਚ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਵੋਟਰ ਸੂਚੀ ਵਿੱਚੋਂ ਨਾਂ ਕੱਟੇ ਜਾਣ ਕਾਰਨ ਆਰਾਮਬਾਗ ਦੇ ਛੇ ਨਿਵਾਸੀਆਂ ਨੇ ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਪੱਤਰ ਲਿਖ ਕੇ ’ਇੱਛਾ ਮੌਤ’ ਦੀ ਮੰਗ ਕੀਤੀ ਹੈ। ਇਨ੍ਹਾਂ ਲੋਕਾਂ ਦਾ ਦੋਸ਼ ਹੈ ਕਿ ਵਿਸ਼ੇਸ਼ ਗਹਿਣ ਨਜ਼ਰਸਾਨੀ ਪ੍ਰਕਿਰਿਆ ਦੇ ਨਾਂ ’ਤੇ ਉਨ੍ਹਾਂ ਨੂੰ ਨਾਗਰਿਕਤਾ ਦੇ ਹੱਕ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਸੋਮਵਾਰ ਨੂੰ ਆਰਾਮਬਾਗ ਦੇ ਐਸ.ਡੀ.ਓ. ਦਫ਼ਤਰ ਪਹੁੰਚ ਕੇ ਇਨ੍ਹਾਂ ਛੇ ਨਿਵਾਸੀਆਂ ਨੇ ਆਪਣਾ ਬਿਨੈ-ਪੱਤਰ ਸੌਂਪਿਆ। ਇਨ੍ਹਾਂ ਬਿਨੈਕਾਰਾਂ ਵਿੱਚ ਇੱਕ ਸੇਵਾਮੁਕਤ ਸਰਕਾਰੀ ਸਕੂਲ ਦੀ ਮੁੱਖ ਅਧਿਆਪਕਾ ਵੀ ਸ਼ਾਮਲ ਹੈ। ਅਧਿਕਾਰੀਆਂ ਮੁਤਾਬਕ ਇਹ ਸਾਰੇ ਲੋਕ ਆਰਾਮਬਾਗ ਨਗਰਪਾਲਿਕਾ ਦੇ ਵਾਰਡ ਨੰਬਰ 6 ਦੇ ਰਹਿਣ ਵਾਲੇ ਹਨ, ਜਿੱਥੇ ਕਥਿਤ ਤੌਰ ’ਤੇ ਕੁੱਲ 206 ਲੋਕਾਂ ਦੇ



ਨਾਂ ਵੋਟਰ ਸੂਚੀ ਵਿੱਚੋਂ ਹਟਾ ਦਿੱਤੇ ਗਏ ਹਨ। ਆਵੇਦਨ ਦੇਣ ਵਾਲਿਆਂ ਵਿੱਚ ਤੈਬੁਨੇਸਾ ਬੇਗਮ ਵੀ ਸ਼ਾਮਲ ਹੈ, ਜਿਸ ਨੇ ਲਗਭਗ 20 ਸਾਲਾਂ ਤੱਕ ਗੋਘਾਟ ਦੇ ਗੋਚਰ ਭਗਵਤੀ ਗਰਲਜ਼ ਸਕੂਲ ਵਿੱਚ ਮੁੱਖ ਅਧਿਆਪਕਾ ਵਜੋਂ ਸੇਵਾ ਨਿਭਾਈ ਹੈ। ਇਸ ਸਬੰਧ ਵਿਚ ਉਨ੍ਹਾਂ ਨੇ ਕਿਹਾ, ਮੇਰੇ ਕੋਲ ਪੈਨਸ਼ਨ ਦੇ ਕਾਗਜ਼ਾਤ, ਪਾਸਪੋਰਟ ਅਤੇ ਹੋਰ ਸਾਰੇ ਸਰਕਾਰੀ ਦਸਤਾਵੇਜ਼ ਮੌਜੂਦ ਹਨ, ਫਿਰ ਵੀ ਮੇਰਾ ਨਾਂ ਸੂਚੀ ਵਿੱਚੋਂ ਕੱਟ ਦਿੱਤਾ ਗਿਆ। ਅਸੀਂ ਹੁਣ ਇਹ ਜ਼ਲਾਲਤ ਹੋਰ ਬਰਦਾਸ਼ਤ ਨਹੀਂ ਕਰ ਸਕਦੇ, ਇਸ ਲਈ ਅਸੀਂ ਮੌਤ ਦੀ ਗੁਹਾਰ ਲਗਾਈ ਹੈ। ਬਿਨੈਕਾਰਾਂ ਨੇ ਖ਼ਦਸ਼ਾ ਜਤਾਇਆ ਹੈ ਕਿ ਵੋਟਰ ਸੂਚੀ ਵਿੱਚੋਂ ਨਾਂ ਕੱਟੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਡਿਟੈਂਸ਼ਨ ਸੈਂਟਰਾਂ (ਨਜ਼ਰਬੰਦੀ ਕੇਂਦਰਾਂ) ਵਿੱਚ ਭੇਜ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਿਰਾਸਤ ਦਾ ਸਾਹਮਣਾ ਕਰਨ ਨਾਲੋਂ ਉਹ ਮੌਤ ਨੂੰ ਗਲੇ ਲਗਾਉਣਾ ਬਿਹਤਰ ਸਮਝਦੇ ਹਨ। ਇਹ ਮਾਮਲਾ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਦਾ ਮਾਹੌਲ ਹੈ। ਮੁੱਖ ਮੰਤਰੀ ਮਮਤਾ ਬਨਰਜੀ ਲਗਾਤਾਰ SIR ਅਤੇ ਭਾਜਪਾ ਦੀਆਂ ਨੀਤੀਆਂ ਦੀ ਆਲੋਚਨਾ ਕਰ ਰਹੀ ਹੈ। ਉਨ੍ਹਾਂ ਨੇ ਹਾਲ ਹੀ ਵਿੱਚ ਇੱਕ ਰੈਲੀ ਦੌਰਾਨ ਭਰੋਸਾ ਦਿੱਤਾ ਸੀ ਕਿ ਬੰਗਾਲ ਵਿੱਚ ਕਿਸੇ ਨੂੰ ਵੀ ਡਿਟੈਂਸ਼ਨ ਸੈਂਟਰ ਨਹੀਂ ਭੇਜਿਆ ਜਾਵੇਗਾ।

## ਕੈਨੇਡਾ ਭੇਜਣ ਦੇ ਨਾਂ ’ਤੇ ਨੌਜਵਾਨ ਤੋਂ ਠੱਗੇ ਡੇਢ ਲੱਖ ਰੁਪਏ

ਲੁਧਿਆਣਾ 22 ਅਪ੍ਰੈਲ। ਵਿਦੇਸ਼ ਜਾ ਕੇ ਸੁਨਹਿਰੀ ਭਵਿੱਖ ਦਾ ਸੁਪਨਾ ਦੇਖਣ ਵਾਲੇ ਨੌਜਵਾਨਾਂ ਨੂੰ ਆਪਣੀ ਠੱਗੀ ਦਾ ਸ਼ਿਕਾਰ ਬਣਾਉਣ ਵਾਲੇ ਏਜੰਟਾਂ ਦਾ ਜਾਲ ਫੈਲਦਾ ਹੀ ਜਾ ਰਿਹਾ ਹੈ। ਤਾਜ਼ਾ ਮਾਮਲੇ ਵਿਚ ਸ਼ਾਤਰ ਠੱਗਾਂ ਨੇ ਇਕ ਨੌਜਵਾਨ ਨੂੰ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਉਸ ਕੋਲੋਂ ਲੱਖਾਂ ਰੁਪਏ ਹੜੱਪ ਲਏ। ਬਿਹਾਰ ਦੇ ਸੀਤਾਮੜੀ ਨਿਵਾਸੀ ਹਸ਼ਮਤ ਅਲੀ ਦੀ ਸ਼ਿਕਾਇਤ ’ਤੇ ਪੁਲਸ ਨੇ ਮੁਲਜ਼ਮ ਰਿਆ ਸ਼ਰਮਾ, ਖੁਸ਼ੀ ਸ਼ਰਮਾ, ਸਿਧਾਂਤ ਸ਼ਰਮਾ, ਆਦਿੱਤਿਆ ਵਰਮਾ, ਭਾਸਕਰ ਯਾਦਵ, ਰਾਕੇਸ਼ ਰਿੱਕੀ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ, ਵਾਰਡ ਨੰਬਰ 10, ਬਰਿਆਰਪੁਰ (ਬਿਹਾਰ) ਦੇ ਰਹਿਣ ਵਾਲੇ ਹਸ਼ਮਤ ਅਲੀ ਪੁੱਤਰ ਮੁਹੰਮਦ ਮੁਮਤਾਜ਼ ਨੇ ਪੁਲਸ ਪ੍ਰਸ਼ਾਸਨ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਮੁਲਜ਼ਮਾਂ ਦੀ ਰੁਦਰਾਕਸ਼ ਗਰੁੱਪ ਓਵਰਸੀਜ਼ ਸੋਲਿਊਸ਼ਨ ਦੇ ਨਾਂ ਨਾਲ ਫਰਮ ਹੈ। ਮੁਲਜ਼ਮਾਂ ਨੇ ਉਸ ਨੂੰ ਕੈਨੇਡਾ ਭੇਜਣ ਦਾ ਸੁਪਨਾ ਦਿਖਾਇਆ ਸੀ। ਇਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਮੁਲਜ਼ਮਾਂ ਨੇ ਉਸ ਕੋਲੋਂ ਫਾਈਲ ਚਾਰਜ ਅਤੇ ਹੋਰ ਖਰਚਿਆਂ ਦੇ ਨਾਂ ’ਤੇ ਕੁੱਲ 1,48,560 ਰੁਪਏ ਦੀ ਰਕਮ ਲੈ ਲਈ। ਪੈਸੇ ਲੈਣ ਦੇ ਬਾਵਜੂਦ ਜਦੋਂ ਉਸ ਨੂੰ ਵਿਦੇਸ਼ ਨਹੀਂ




ਭੇਜਿਆ ਗਿਆ ਅਤੇ ਮੁਲਜ਼ਮ ਟਾਲ-ਮਟੋਲ ਕਰਨ ਲੱਗੇ, ਉਦੋਂ ਉਸ ਨੂੰ ਆਪਣੇ ਨਾਲ ਹੋਈ ਠੱਗੀ ਦਾ ਅਹਿਸਾਸ ਹੋਇਆ। ਹਸ਼ਮਤ ਅਲੀ ਦੀ ਸ਼ਿਕਾਇਤ ਦੀ ਪੜਤਾਲ ਤੋਂ ਬਾਅਦ ਪੁਲਸ ਨੇ ਪਾਇਆ ਕਿ ਮੁਲਜ਼ਮਾਂ ਨੇ ਮਿਲੀਭੁਗਤ ਨਾਲ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਪੁਲਸ ਨੇ ਮਾਮਲੇ ਵਿਚ ਕੇਸ ਦਰਜ ਕਰ ਲਿਆ ਹੈ ਅਤੇ ਹੁਣ ਉਨ੍ਹਾਂ ਚਿਹਰਿਆਂ ਨੂੰ ਬੇਨਕਾਬ ਕਰਨ ਵਿਚ ਜੁੱਟ ਗਈ ਹੈ

# ਮੈਰਿਜ ਬਿਊਰੋ ਏਜੰਟ ਦੀ ਸ਼ਰਮਨਾਕ ਕਰਤੂਤ !

ਲੁਧਿਆਣਾ 22 ਅਪ੍ਰੈਲ। ਸਾਹਨੇਵਾਲ ਇਲਾਕੇ ’ਚ ਇਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਗੁਰੂ ਕ੍ਰਿਪਾ ਮੈਰਿਜ ਬਿਊਰੋ ਚਲਾਉਣ ਵਾਲੇ ਇਕ ਏਜੰਟ ਨੇ ਨਾ ਸਿਰਫ਼ ਇਕ ਔਰਤ ਦਾ ਜਿਨਸੀ ਸ਼ੋਸ਼ਣ ਕੀਤਾ, ਸਗੋਂ ਬਲੈਕਮੇਲਿੰਗ ਅਤੇ ਡਰਾਉਣ-ਧਮਕਾਉਣ ਦੇ ਘਿਨਾਉਣੇ ਕੰਮ ’ਚ ਵੀ ਸ਼ਾਮਲ ਰਿਹਾ। ਪੀੜਤਾ ਦੀ ਸ਼ਿਕਾਇਤ ਦੀ ਪੂਰੀ ਜਾਂਚ ਤੋਂ ਬਾਅਦ ਪੁਲਸ ਨੇ ਦੋਸ਼ੀ ਏਜੰਟ ਮਹੇਸ਼ ਕੁਮਾਰ ਸ਼ਰਮਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਪੀੜਤਾ ਨੇ ਦੋਸ਼ ਲਗਾਇਆ ਕਿ ਮੈਰਿਜ ਬਿਊਰੋ ਦਾ ਸੰਚਾਲਕ ਲੰਬੇ ਸਮੇਂ ਤੋਂ ਉਸ ਨੂੰ ਪਰੇਸ਼ਾਨ ਕਰ ਰਿਹਾ ਸੀ। ਦੋਸ਼ੀ ਨੇ ਨਾ ਸਿਰਫ਼ ਉਸ ਦਾ ਜਿਨਸੀ ਸ਼ੋਸ਼ਣ ਅਤੇ ਜਿਨਸੀ ਸ਼ੋਸ਼ਣ ਕੀਤਾ, ਸਗੋਂ ਉਸ ਨੂੰ ਬਲੈਕਮੇਲ ਕਰਨਾ ਅਤੇ ਮਾਨਸਿਕ ਤੌਰ ’ਤੇ ਤਸੀਹੇ ਦੇਣਾ ਵੀ ਸ਼ੁਰੂ ਕਰ ਦਿੱਤਾ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਜਦੋਂ ਔਰਤ ਨੇ ਵਿਰੋਧ ਕੀਤਾ ਤਾਂ ਦੋਸ਼ੀ ਏਜੰਟ ਨੇ ਆਪਣੇ ਪ੍ਰਭਾਵ ਦੀ ਵਰਤੋਂ ਕਰਦਿਆਂ ਉਸ ਨੂੰ ਝੂਠੇ ਪੁਲਸ ਕੇਸ ’ਚ ਫਸਾਉਣ ਦੀ ਧਮਕੀ ਦਿੱਤੀ। ਪੀੜਤਾ ਨੇ ਇਨਸਾਫ਼ ਦੀ ਮੰਗ ਕਰਦੇ ਹੋਏ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਆਪਣੀ ਸ਼ਿਕਾਇਤ ਸੌਂਪੀ। ਪੁਲਸ ਜਾਂਚ ’ਚ ਦੋਸ਼ੀ ਵਿਰੁੱਧ ਦੋਸ਼ ਮੁੱਖ ਤੌਰ ’ਤੇ ਸੱਚ ਪਾਏ ਗਏ, ਜਿਸ ਤੋਂ ਬਾਅਦ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਦਾ ਕਹਿਣਾ ਹੈ ਕਿ ਦੋਸ਼ੀ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਸ਼ਰਮਨਾਕ : ਕੂੜੇ ਦੇ ਢੇਰ ’ਚੋਂ ਬਰਾਮਦ ਹੋਈ ਨਵਜੰਮੀ ਕੁੜੀ ਦੀ ਲਾਸ਼

ਨੈਸ਼ਨਲ ਡੈਸਕ 22 ਅਪ੍ਰੈਲ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਭਿਵੰਡੀ ਸ਼ਹਿਰ ਵਿੱਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇੱਕ ਨਵਜੰਮੀ ਬੱਚੀ ਦੀ ਲਾਸ਼ ਕੂੜੇ ਦੇ ਢੇਰ ਵਿੱਚੋਂ ਬਰਾਮਦ ਹੋਈ। ਇਸ ਘਟਨਾ ਦੀ ਜਾਣਕਾਰੀ ਪੁਲਸ ਨੇ ਵੀਰਵਾਰ ਨੂੰ ਦਿੱਤੀ। ਪੁਲਸ ਨੇ ਦੱਸਿਆ ਕਿ ਬੱਚੀ ਦੀ ਲਾਸ਼ 14 ਅਪ੍ਰੈਲ ਦੀ ਸਵੇਰ ਨੂੰ ਇੱਕ ਪਾਵਰਲੂਮ ਵਰਕਰ ਨੂੰ ਮਿਲੀ, ਜਿਸਨੇ ਤੁਰੰਤ ਅਧਿਕਾਰੀਆਂ ਨੂੰ ਸੂਚਿਤ ਕੀਤਾ। ਅਧਿਕਾਰੀ ਨੇ ਦੱਸਿਆ ਕਿ ਪੁਲਸ ਤੁਰੰਤ ਮੌਕੇ ’ਤੇ ਪਹੁੰਚ ਗਈ। ਪੁਲਸ ਨੇ ਬੱਚੀ ਦੀ ਲਾਸ਼ ਨੂੰ ਪੋਸਟਮਾਰਟਮ ਲਈ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਅਗਲੇਰੀ ਡਾਕਟਰੀ ਪ੍ਰਕਿਰਿਆਵਾਂ ਲਈ ਸਰਕਾਰੀ ਹਸਪਤਾਲ ਭੇਜ ਦਿੱਤਾ। ਪਾਵਰਲੂਮ ਵਰਕਰ ਦੀ ਸ਼ਿਕਾਇਤ ਦੇ ਆਧਾਰ ’ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 94 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜੋ ਬੱਚੇ ਦੇ ਜਨਮ ਨੂੰ ਜਾਣਬੁੱਝ ਕੇ ਛੁਪਾਉਣ ਅਤੇ ਲਾਸ਼ ਨੂੰ ਗੁਪਤ ਢੰਗ ਨਾਲ ਨਿਪਟਾਰੇ ਨਾਲ ਸਬੰਧਤ ਹੈ। ਅਧਿਕਾਰੀ ਨੇ ਅੱਗੇ ਕਿਹਾ ਕਿ ਪੁਲਿਸ ਇਸ ਸਮੇਂ ਨੇੜਲੇ ਹਸਪਤਾਲਾਂ ਵਿੱਚ ਹਾਲ ਹੀ ਵਿੱਚ ਹੋਏ ਜਨਮਾਂ ਦੇ ਰਿਕਾਰਡਾਂ ਦੀ ਜਾਂਚ ਕਰ ਰਹੀ ਹੈ ਅਤੇ ਦੋਸ਼ੀਆਂ ਦੀ ਪਛਾਣ ਕਰਨ ਲਈ ਆਸ ਪਾਸ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ।

# ਨਸ਼ੇ ਵਾਲੀਆਂ ਗੋਲੀਆਂ ਤੇ ਕੈਪਸੂਲ ਵੇਚਣ ਵਾਲਿਆਂ ਦੇ ਹੌਸਲੇ ਬੁਲੰਦ, ਪੁਲਸ ਟੀਮ ਨਾਲ ਕੀਤੀ ਧੱਕਾਮੁੱਕੀ

**ਕੌਮੀ ਪਤ੍ਰਿਕਾ**

ਫਗਵਾੜਾ 22 ਅਪ੍ਰੈਲ। ਫਗਵਾੜਾ ਦੇ ਦਾਣਾ ਮੰਡੀ ਇਲਾਕੇ ਵਿਚ ਕਥਿਤ ਤੌਰ ’ਤੇ ਵਿਕ ਰਹੀਆਂ ਨਸ਼ੇ ਵਾਲੀਆਂ ਗੋਲ?ੀਆਂ ਅਤੇ ਕੈਪਸੂਲਾਂ ਦੀ ਗੁਪਤ ਸੂਚਨਾ ਮਿਲਣ ’ਤੇ ਪਹੁੰਚੀ ਥਾਣਾ ਸਿਟੀ ਦੀ ਪੁਲਸ ਟੀਮ ਨਾਲ ਅੱਧਾ ਦਰਜਨ ਤੋਂ ਵੱਧ ਲੋਕਾਂ ਵੱਲੋਂ ਜੰਮ ਕੇ ਬਦਸਲੂਕੀ ਅਤੇ ਧੱਕਾਮੁੱਕੀ ਕੀਤੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਇਸ ਹੰਗਾਮੇ ਦੌਰਾਨ ਲੋਕਾਂ ਦੀ ਵੱਡੀ ਟੋਲੀ ਮੁੱਖ ਮੁਲਜ਼ਮ ਨੂੰ ਪੁਲਸ ਦੀ ਗ੍ਰਿਫ਼ਤ ਵਿਚੋਂ ਜ਼ਬਰਦਸਤੀ ਛੁਡਵਾ ਕੇ ਆਪਣੇ ਨਾਲ ਲੈ ਫਰਾਰ ਹੋ ਗਈ ਦੱਸੀ ਜਾ ਰਹੀ ਹੈ। ਇਲਾਕੇ ਵਿਚ ਵਾਪਰੀ ਇਸ ਹੈਰਾਨਕੁਨ ਘਟਨਾ ਸਬੰਧੀ ਥਾਣਾ




ਸਿਟੀ ਫਗਵਾੜਾ ਦੇ ਸਹਾਇਕ ਸਬ-ਇੰਸਪੈਕਟਰ ਦਰਸ਼ਨ ਸਿੰਘ ਦੀ ਸ਼ਿਕਾਇਤ ’ਤੇ ਪੁਲਸ ਨੇ ਬੀਰਾ ਰਾਮ ਪੁੱਤਰ ਮਹਿੰਗਾ ਰਾਮ, ਪਰਮਜੀਤ ਸਿੰਘ, ਦੇਵਰਾਜ ਉਰਫ਼ ਦੇਬੂ ਪੁੱਤਰ ਬੀਰਾ ਰਾਮ, ਰਾਜੂ ਉਰਫ਼ ਗੋਲੀ ਬਾਬਾ ਪੁੱਤਰ ਛਿੰਦਾ ਰਾਮ, ਪਵਨ ਪ੍ਰਧਾਨ, ਪਰਮਜੀਤ ਪ੍ਰਧਾਨ, ਬੱਬੀ, ਗਗਨ ਅਤੇ ਰਵੀ ਸਾਰੇ ਨਿਵਾਸੀ ਹੁਸ਼ਿਆਰਪੁਰ ਰੋਡ, ਮੁਹੱਲਾ ਧਰਮਕੋਟ ਫਗਵਾੜਾ ਦੇ ਖ਼?ਲਾਫ਼ ਥਾਣਾ ਸਿਟੀ ਫਗਵਾੜਾ ਵਿਖੇ ਬੀ.ਐੱਨ.ਐੱਸ. ਦੀਆਂ ਧਾਰਾਵਾਂ 115(2), 351(2), 132, 186, 221, 265, 223 ਅਤੇ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਮੌਕੇ ਤੋਂ 100 ਪਾਬੰਦੀਸ਼ੁਦਾ ਸ਼੍ਰੇਣੀ ਦੇ ਕੈਪਸੂਲ ਅਤੇ 100 ਨਸ਼ੀਲੀਆਂ ਗੋਲ?ੀਆਂ ਵੀ ਬਰਾਮਦ ਕੀਤੀਆਂ ਹਨ। ਏ. ਐੱਸ. ਆਈ. ਦਰਸ਼ਨ ਸਿੰਘ ਨੇ ਰਜਿਸਟਰ ਕਰਵਾਏ ਗਏ ਪੁਲਸ ਕੇਸ ’ਚ ਖ਼ੁਲਾਸਾ ਕੀਤਾ ਕਿ ਜਦੋਂ ਪੁਲਸ ਟੀਮ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਮੁੱਖ ਮੁਲਜ਼ਮ ਬੀਰਾ ਰਾਮ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਸਮਰਥਕਾਂ ਨੇ ਪੁਲਸ ਨਾਲ ਮਾੜਾ ਅਤੇ ਗਲਤ ਵਿਵਹਾਰ ਕੀਤਾ ਅਤੇ ਪੁਲਸ ਅਧਿਕਾਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਸ ਖਿੱਚ-ਧੂਹ ਦੌਰਾਨ ਮੁਲਜ਼ਮ ਬੀਰਾ ਰਾਮ ਨੂੰ ਲੋਕਾਂ ਦੀ ਇਕ ਟੋਲੀ ਪੁਲਸ ਵਾਹਨ ਵਿਚੋਂ ਜਬਰਦਸਤੀ ਉਤਾਰ ਕੇ ਆਪਣੇ ਨਾਲ ਲੈਕੇ ਫ਼ਰਾਰ ਹੋ ਗਈ ਹੈ। ਫਿਲਹਾਲ ਪੁਲਸ ਵਾਪਰੇ ਇਸ ਸਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਮਾਮਲਾ ਲੋਕਾਂ ਵਿਚ ਭਾਰੀ ਚਰਚਾ ਦਾ ਵਿਸ਼ਾ ਬਣੀਆ ਹੋਇਆ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪਟਿਆਲਾ ਵਿੱਚ ਐਕਸਾਈਜ਼ ਵਿਭਾਗ ਦੀ ਵੱਡੀ ਕਾਰਵਾਈ ਨਕਲੀ, ਮਿਲਾਵਟੀ ਅਤੇ ਤਸਕਰੀ ਸ਼ਰਾਬ ਗਿਰੋਹਾਂ 'ਤੇ ਕੱਸਿਆ ਸ਼ਿਕੰਜਾ

**➢ ਵੱਡੇ ਬਰਾਂਡ ਦੀਆਂ ਬੋਤਲਾਂ 'ਚ ਹਲਕੀ ਸ਼ਰਾਬ ਪਾ ਕੇ ਬੇਚਣ ਦਾ ਪਰਦਾਪਸ਼**

**➢ ਲੋਕਾਂ ਨੂੰ ਸਿਰ.ਫ ਸਰਕਾਰੀ ਮਨਜ਼ੂਰਸ਼ੁਦਾ ਠੇਕਿਆਂ ਤੋਂ ਹੀ ਸ਼ਰਾਬ ਖਰੀਦਣ ਦੀ ਅਪੀਲ**

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲਗਾਤਾਰ ਚੱਲ ਰਹੀਆਂ ਤੇਜ਼ ਅਤੇ ਖੁਫੀਆ ਜਾਣਕਾਰੀ ਅਧਾਰਿਤ ਕਾਰਵਾਈਆਂ ਦੇ ਤਹਿਤ ਐਕਸਾਈਜ਼ ਵਿਭਾਗ ਪਟਿਆਲਾ ਨੇ ਜ਼ਿਲ੍ਹੇ ਵਿੱਚ ਸ਼ਰਾਬ ਦੀ ਮਿਲਾਵਟ, ਨਕਲੀ ਤਿਆਰੀ ਅਤੇ ਸਰਹੱਦੀ ਤਸਕਰੀ ਨਾਲ ਜੁੜੇ ਗਿਰੋਹਾਂ ਵਿਰੁੱਧ ਵੱਡੀ ਅਤੇ ਨਿਰਣਾਇਕ ਕਾਰਵਾਈ ਕੀਤੀ ਹੈ। ਐਕਸਾਈਜ਼ ਕਮਿਸ਼ਨਰ ਪੰਜਾਬ ਸ਼੍ਰੀ ਜਿਤੇਂਦਰ ਜੋਰਵਾਲ ਅਤੇ ਐਡੀਸ਼ਨਲ ਕਮਿਸ਼ਨਰ ਸ਼੍ਰੀ ਨਰੇਸ਼ ਦੂਬੇ ਦੀ ਅਗਵਾਈ ਹੇਠ ਵਿਭਾਗ ਵੱਲੋਂ ਤਿੰਨ ਮਹੱਤਵਪੂਰਨ ਐਫ਼ਆਈਆਰ ਦਰਜ ਕਰਕੇ ਕਈ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਵੱਡੀ ਮਾਤਰਾ ਵਿੱਚ ਗੈਰਕਾਨੂੰਨੀ, ਨਕਲੀ ਅਤੇ ਤਸਕਰੀ ਕੀਤੀ ਗਈ ਸ਼ਰਾਬ ਬਰਾਮਦ ਕੀਤੀ ਗਈ ਹੈ। ਇਹ ਸਾਰੀਆਂ ਕਾਰਵਾਈਆਂ ਪਹਿਲਾਂ ਤੋਂ ਕੀਤੀ ਗਈ ਸੁਚੱਜੀ ਖੁਫੀਆ ਜਾਣਕਾਰੀ ਅਤੇ ਵੱਖ-ਵੱਖ ਏਜੰਸੀਆਂ ਦੇ ਸਹਿਯੋਗ ਨਾਲ ਸੰਭਵ ਹੋਈਆਂ ਹਨ।



ਅਧਿਕਾਰੀਆਂ ਨੇ ਦੱਸਿਆ ਕਿ ਲਹਿਲ ਕਾਲੋਨੀ ਵਿੱਚ ਮਕਾਨ ਨੰਬਰ 2060/5/ਬੀ 'ਤੇ ਕੀਤੀ ਗਈ ਛਾਪੇਮਾਰੀ ਦੌਰਾਨ ਅਰਜੁਨ ਕੁਮਾਰ ਅਤੇ ਪੁਨੀਤ ਕੁਮਾਰ ਨੂੰ ਰੰਗੇ ਹੱਥੀਂ ਕਾਬੂ ਕੀਤਾ ਗਿਆ। ਦੋਸ਼ੀ ਪ੍ਰੀਮੀਅਮ ਸਕਾਚ ਬ੍ਰਾਂਡਾਂ ਦੀਆਂ ਖਾਲੀ ਬੋਤਲਾਂ ਵਿੱਚ ਘੱਟ ਦਰਜੇ ਦੀ ਵਿਸਕੀ ਭਰ ਕੇ ਨਕਲੀ ਕੈਪ ਸੀਲਾਂ ਨਾਲ ਵੇਚਣ ਦੀ ਤਿਆਰੀ ਕਰ ਰਹੇ ਸਨ। ਮੌਕੇ ਤੋਂ 34 ਭਰੀਆਂ ਬੋਤਲਾਂ, ਵੱਡੀ ਗਿਣਤੀ ਵਿੱਚ ਖਾਲੀ ਬੋਤਲਾਂ ਅਤੇ ਨਕਲੀ ਪੈਕਿੰਗ ਸਮੱਗਰੀ ਬਰਾਮਦ ਕੀਤੀ ਗਈ। ਇਸ ਸਬੰਧੀ ਥਾਣਾ ਸਿਵਲ ਲਾਈਨਜ਼ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ।

ਇਸੇ ਤਰ੍ਹਾਂ 14 ਅਪ੍ਰੈਲ ਨੂੰ ਮੋਹੱਲਾ ਲਟੂਰਪੁਰਾ ਵਿੱਚ ਐਕਸਾਈਜ਼ ਅਤੇ ਪੁਲਿਸ ਦੀ ਸਾਂਝੀ ਕਾਰਵਾਈ ਦੌਰਾਨ ਰਾਜ ਕੁਮਾਰ ਸੇਠੀ ਨੂੰ ਗ੍ਰਿਫ਼ਤਾਰ ਕਰਕੇ 150 ਬੋਤਲਾਂ ਸ਼ਰਾਬ ਬਰਾਮਦ ਕੀਤੀ ਗਈ।

ਇਸ ਵਿੱਚ ਚੰਡੀਗੜ੍ਹ ਲਈ ਮਨਜ਼ੂਰਸ਼ੁਦਾ ਪਰ ਪੰਜਾਬ ਵਿੱਚ ਗੈਰਕਾਨੂੰਨੀ ਤੌਰ 'ਤੇ ਲਿਆਂਦੀ ਗਈ ਸ਼ਰਾਬ ਦੇ ਨਾਲ 54 ਬੋਤਲਾਂ ਨਕਲੀ ਸ਼ਰਾਬ ਦੀਆਂ ਵੀ ਸ਼ਾਮਲ ਸਨ, ਜੋ ਮਸ਼ਹੂਰ ਬ੍ਰਾਂਡਾਂ ਦੇ ਨਾਂ 'ਤੇ ਤਿਆਰ ਕੀਤੀਆਂ ਗਈਆਂ ਸਨ। ਇਸ ਸਬੰਧੀ ਥਾਣਾ ਕੋਤਵਾਲੀ ਵਿੱਚ ਐਫ਼ਆਈਆਰ ਦਰਜ ਕੀਤੀ ਗਈ ਹੈ।

ਅਧਿਕਾਰੀਆਂ ਨੇ ਹੋਰ ਦੱਸਿਆ ਕਿ 10 ਅਪ੍ਰੈਲ ਨੂੰ ਪਿੰਡ ਕੁੱਲੇਮਾਜਰਾ ਨੇੜੇ ਇੱਕ ਕਾਰ ਵਿੱਚੋਂ 25 ਪੇਟੀਆਂ ਸ਼ੱਕੀ ਸ਼ਰਾਬ ਬਰਾਮਦ ਹੋਈ। ਜਾਂਚ ਦੌਰਾਨ ਹਰ ਬੋਤਲ 'ਤੇ ਇੱਕੋ ਹੀ ਹੋਲੋਗ੍ਰਾਮ ਨੰਬਰ ਅਤੇ ਬੈਚ ਨੰਬਰ ਦੀ ਗੈਰਹਾਜ਼ਰੀ ਸਾਹਮਣੇ ਆਈ, ਜੋ ਨਕਲੀ ਤਿਆਰੀ ਵੱਲ ਇਸ਼ਾਰਾ ਕਰਦੀ ਹੈ। ਦੋਸ਼ੀ ਮੌਕੇ ਤੋਂ ਫਰਾਰ ਹੋ ਗਏ ਹਨ, ਜਦਕਿ ਵਾਹਨ ਜ਼ਬਤ ਕਰਕੇ ਪੂਰੇ ਨੈੱਟਵਰਕ ਦੀ ਜਾਂਚ ਜਾਰੀ ਹੈ।

ਐਕਸਾਈਜ਼ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਮਿਲਾਵਟ, ਨਕਲੀ ਤਿਆਰੀ, ਤਸਕਰੀ, ਬਿਨਾਂ ਲਾਇਸੰਸ ਸਟੋਰੇਜ ਜਾਂ ਗੈਰਕਾਨੂੰਨੀ ਵਿਕਰੀ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਹਰ ਮਾਮਲੇ ਵਿੱਚ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਵਿਭਾਗ ਨੇ ਆਪਣੀ ਜ਼ੀਰੋ ਟੋਲਰੈਂਸ ਨੀਤੀ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਐਸੀ ਕਾਰਵਾਈਆਂ ਹੋਰ ਤੇਜ਼ ਕੀਤੀਆਂ ਜਾਣਗੀਆਂ।

ਵਿਭਾਗ ਵੱਲੋਂ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਸ਼ਰਾਬ ਸਿਰਫ਼ ਸਰਕਾਰੀ ਮਨਜ਼ੂਰਸ਼ੁਦਾ ਠੇਕਿਆਂ ਤੋਂ ਹੀ ਖਰੀਦੀ ਜਾਵੇ ਅਤੇ ਜੇਕਰ ਕਿਸੇ ਵੀ ਗੈਰਕਾਨੂੰਨੀ ਸਟੋਰੇਜ, ਤਿਆਰੀ, ਵਿਕਰੀ ਜਾਂ ਤਸਕਰੀ ਬਾਰੇ ਜਾਣਕਾਰੀ ਮਿਲੇ ਤਾਂ ਤੁਰੰਤ ਐਕਸਾਈਜ਼ ਵਿਭਾਗ ਜਾਂ ਨਜ਼ਦੀਕੀ ਪੁਲਿਸ ਥਾਣੇ ਨੂੰ ਸੂਚਿਤ ਕੀਤਾ ਜਾਵੇ। ਸੂਚਨਾ ਦੇਣ ਵਾਲਿਆਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ ਅਤੇ ਕਾਨੂੰਨ ਅਧੀਨ ਸੁਰੱਖਿਅਤ ਕੀਤੀ ਜਾਵੇਗੀ। ਇਹ ਮੁਹਿੰਮ ਜਨ ਸਿਹਤ, ਜਨ ਸੁਰੱਖਿਆ ਅਤੇ ਰਾਜਸਵ ਦੀ ਰੱਖਿਆ ਲਈ ਲਗਾਤਾਰ ਜਾਰੀ ਰਹੇਗੀ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਹਿਤਕ ਸਮਾਗਮਾਂ ਨੂੰ ਨਿਵੇਕਲਾ ਰੂਪ ਦੇਣ ਦਾ ਐਲਾਨ

**ਵਿਭਾਗ ਮਨਾਏਗਾ ਪੂਰਾ ਸਾਲ ਗੁਰੂਆਂ, ਦੇਸ਼ ਭਗਤਾਂ ਤੇ ਸਾਹਿਤਕਾਰਾਂ ਦੇ ਜਨਮ ਦਿਹਾੜੇ**

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਜਾਣ ਵਾਲੇ ਸਮਾਗਮਾਂ ਦਾ ਸਰੂਪ ਚਾਲੂ ਵਿੱਤੀ ਵਰ੍ਹੇ 2026-27 ਦੌਰਾਨ ਨਵਾਂ ਤੇ ਨਿਵੇਕਲਾ ਨਜ਼ਰ ਆਵੇਗਾ। ਇਸ ਸਬੰਧੀ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਵਿਭਾਗ ਵੱਲੋਂ ਰਵਾਇਤੀ ਅੰਦਾਜ਼ 'ਚ ਕਰਵਾਏ ਜਾਣ ਵਾਲੇ ਸਮਾਗਮਾਂ ਦੀ ਜਿੱਥੇ ਗਿਣਤੀ 'ਚ ਵਾਧਾ ਕੀਤਾ ਗਿਆ ਹੈ ਉੱਥੇ ਇਨ੍ਹਾਂ ਦੇ ਆਯੋਜਨ ਦੇ ਢੰਗਾਂ ਅਤੇ ਮਨੋਰਥਾਂ ਵਿੱਚ ਵੀ ਨਵੀਨਤਾ ਦਿਖਾਈ ਦੇਵੇਗੀ। ਜਿਸ ਸਦਕਾ ਪੰਜਾਬੀ ਭਾਸ਼ਾ ਦਾ ਪ੍ਰਚਾਰ-ਪਸਾਰ ਵਧੇਰੇ ਸੁਚਾਰੂ ਢੰਗ ਨਾਲ ਹੋਵੇਗਾ ਅਤੇ ਨਵੀਂ ਪੀੜ੍ਹੀ ਦਾ ਪੰਜਾਬੀ ਭਾਸ਼ਾ ਪ੍ਰਤੀ ਲਗਾਅ ਵਧੇਗਾ।

ਸ. ਜ਼ਫ਼ਰ ਨੇ ਦੱਸਿਆ ਕਿ ਭਾਸ਼ਾ ਵਿਭਾਗ ਵੱਲੋਂ ਇਸ ਮਾਲੀ ਵਰ੍ਹੇ ਦੌਰਾਨ ਗੁਰੂਆਂ, ਦੇਸ਼ ਭਗਤਾਂ ਤੇ ਸਾਹਿਤਕਾਰਾਂ ਦੇ ਜਨਮ ਦਿਨ ਨਿਵੇਕਲੇ ਤਰੀਕੇ ਨਾਲ, ਉਨ੍ਹਾਂ ਦੀ ਜਨਮ ਭੋਇੰ 'ਤੇ ਜਾਂ ਹੋਰਨਾਂ ਢੁਕਵੀਆਂ ਥਾਵਾਂ 'ਤੇ ਮਨਾਏ ਜਾਣਗੇ। ਇਨ੍ਹਾਂ ਮੌਕਿਆਂ 'ਤੇ ਕਰਵਾਏ ਜਾਣ ਵਾਲੇ ਸਮਾਗਮਾਂ ਦੌਰਾਨ ਸਬੰਧਤ ਗੁਰੂ ਸਾਹਿਬਾਨਾਂ ਦੀ ਬਾਣੀ, ਫਿਲਾਸਫ਼ੀ ਤੇ ਸਿੱਖਿਆਵਾਂ, ਦੇਸ਼ ਭਗਤਾਂ ਦੀਆਂ ਜੁਝਾਰੂ ਲਿਖਤਾਂ, ਕੁਰਬਾਨੀਆਂ ਤੇ ਜੀਵਨ ਬਾਰੇ ਅਤੇ ਉੱਘੇ ਲਿਖਾਰੀਆਂ ਦੀਆਂ ਸਾਹਿਤਕ ਕ੍ਰਿਤਾਂ ਤੇ ਜੀਵਨ ਬਾਰੇ ਬਹੁਪਰਤੀ ਗੋਸ਼ਟੀਆਂ ਤੇ ਸੈਮੀਨਾਰ ਕਰਵਾਏ ਜਾਣਗੇ। ਇਨ੍ਹਾਂ ਸਮਾਗਮਾਂ ਦਾ ਟੀਚਾ ਨਵੀਂ ਪੀੜ੍ਹੀ ਨੂੰ ਵੱਧ ਤੋਂ ਵੱਧ ਸਾਡੇ ਗੁਰੂਆਂ, ਦੇਸ਼ ਭਗਤਾਂ ਤੇ ਸਾਹਿਤਕਾਰਾਂ ਦੀਆਂ ਸ਼ਖ਼ਸੀਅਤਾਂ ਦੇ ਵੱਖ-ਵੱਖ ਪਹਿਲੂਆਂ ਦੀ ਜਾਣਕਾਰੀ ਦੇ ਕੇ, ਦੇਸ਼ ਭਗਤੀ, ਸਾਹਿਤ ਅਤੇ ਨੈਤਿਕ ਕਦਰਾਂ ਕੀਮਤਾਂ ਨਾਲ ਜੋੜਨਾ ਹੋਵੇਗਾ। ਸ. ਜ਼ਫ਼ਰ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੌਰਾਨ ਨਾਮਵਰ ਵਿਦਵਾਨ, ਲੇਖਕ ਤੇ ਕਵੀ ਆਪਣੀਆਂ ਰਚਨਾਵਾਂ ਰਾਹੀਂ ਦਾਨਿਸ਼ਵਰਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਚਾਨਣਾ ਪਾਉਣਗੇ। ਸ. ਜ਼ਫ਼ਰ ਨੇ ਦੱਸਿਆ ਕਿ ਹਰ ਸਮਾਗਮ ਦਾ ਥੀਮ (ਵਿਸ਼ਾ) ਕਿਸੇ ਨਾ ਕਿਸੇ ਦਾਨਿਸ਼ਵਰ ਨਾਲ ਸਬੰਧਤ ਵਿਸ਼ਾ ਹੋਵੇਗਾ। ਮਿਸਾਲ ਵਜੋਂ ਭਾਸ਼ਾ ਵਿਭਾਗ ਵੱਲੋਂ ਗੁਰੂਆਂ ਦੇ ਪ੍ਰਕਾਸ਼ ਦਿਹਾੜਿਆਂ ਮੌਕੇ ਉਨ੍ਹਾਂ ਦੀ ਬਾਣੀ ਦੇ ਵੱਖ-ਵੱਖ ਸਰੋਕਾਰਾਂ ਬਾਰੇ ਗੋਸ਼ਟੀਆਂ, ਲਿਖਾਰੀਆਂ ਤੇ ਢਾਡੀਆਂ ਤੇ ਕਵੀਸ਼ਰਾਂ ਦੇ ਜਨਮ ਦਿਨ ਸਾਹਿਤਕ ਸਮਾਗਮਾਂ ਦੇ ਰੂਪ 'ਚ ਮਨਾਏ ਜਾਣਗੇ। ਇਸ ਤੋਂ ਇਲਾਵਾ ਵਿਭਾਗ ਵੱਲੋਂ ਮਾਂ ਬੋਲੀ, ਹਿੰਦੀ ਤੇ ਸੰਸਕ੍ਰਿਤ ਦਿਵਸ, ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਪੰਜਾਬੀ ਤੇ ਹਿੰਦੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ ਵੀ ਕਰਵਾਏ ਜਾਣਗੇ। ਸਕੂਲੀ ਬੱਚਿਆਂ ਦੇ ਪ੍ਰਸ਼ਨੋਤਰੀ ਮੁਕਾਬਲੇ ਵੀ ਕਰਵਾਏ ਜਾਣਗੇ।

ਇਸ ਲੜੀ ਵਿੱਚ ਇਸੇ ਮਹੀਨੇ ਦੌਰਾਨ (26 ਅਪ੍ਰੈਲ) ਨੂੰ ਉੱਘੇ ਵਾਰਤਕਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਯਾਦ ਵਿੱਚ ਪਟਿਆਲਾ ਤੋਂ ਪ੍ਰੀਤ ਨਗਰ (ਅੰਮ੍ਰਿਤਸਰ) ਤੱਕ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਵੱਲੋਂ ਭਾਸ਼ਾ ਵਿਭਾਗ ਦੀ ਅਗਵਾਈ 'ਚ ਵਿਸ਼ੇਸ਼ ਪ੍ਰੀਤ ਯਾਤਰਾ ਕੱਢੀ ਜਾਵੇਗੀ ਅਤੇ ਪ੍ਰੀਤ ਨਗਰ ਵਿਖੇ ਸ਼ਾਨਦਾਰ ਸਾਹਿਤਕ ਸਮਾਗਮ ਕਰਵਾਇਆ ਜਾਵੇਗਾ।

# ਭਗਵਾਨ ਸ੍ਰੀ ਪਰਸ਼ੂਰਾਮ ਜਯੰਤੀ ਮੌਕੇ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਧਾਰਮਿਕ ਸਮਾਗਮਾਂ 'ਚ ਸ਼ਿਰਕਤ

**ਸੰਗਰੂਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਭਗਵਾਨ ਸ੍ਰੀ ਪਰਸ਼ੂਰਾਮ ਜਯੰਤੀ ਦੇ ਮੌਕੇ 'ਤੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਵਿੱਚ ਆਯੋਜਿਤ ਵੱਖ-ਵੱਖ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਸ਼ਰਧਾਲੂਆਂ ਨਾਲ ਮਿਲ ਕੇ ਮੱਥਾ ਟੇਕਿਆ ਅਤੇ ਇਲਾਕੇ ਦੀ ਖੁਸ਼ਹਾਲੀ ਲਈ ਅਰਦਾਸ ਕੀਤੀ।

ਕੈਬਨਿਟ ਮੰਤਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਨਵਤਾ ਤੋਂ ਵੱਡਾ ਕੋਈ ਧਰਮ ਨਹੀਂ ਹੁੰਦਾ ਅਤੇ ਮਨੁੱਖਤਾ ਦੀ ਸੇਵਾ ਕਰਨਾ ਸਭ ਤੋਂ ਉੱਚਾ ਫਰਜ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇਸੇ ਪ੍ਰਣ ਨਾਲ ਲੋਕ ਹਿੱਤ ਵਿੱਚ ਨਿਰੰਤਰ ਕੰਮ ਕਰ ਰਹੀ ਹੈ ਅਤੇ ਸਰਵ ਧਰਮਾਂ ਪ੍ਰਤੀ ਪੂਰੀ ਸ਼ਰਧਾ ਅਤੇ ਵਿਸ਼ਵਾਸ ਰੱਖਦੀ ਹੈ।

ਉਨ੍ਹਾਂ ਭਗਵਾਨ ਸ੍ਰੀ ਪਰਸ਼ੂਰਾਮ ਜੀ ਨੂੰ ਭਗਤੀ ਅਤੇ ਸ਼ਕਤੀ ਦਾ ਦੈਵੀ ਸੁਮੇਲ ਦੱਸਦਿਆਂ ਕਿਹਾ ਕਿ ਉਨ੍ਹਾਂ ਦਾ ਅਨਿਆਂ ਵਿਰੁੱਧ ਖੜ੍ਹੇ ਹੋਣ ਦਾ ਸੰਦੇਸ਼ ਅੱਜ ਦੇ ਸਮੇਂ ਵਿੱਚ ਹੋਰ ਵੀ ਵੱਧ ਪ੍ਰਸੰਗਿਕ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਏਕਤਾ, ਭਾਈਚਾਰੇ ਅਤੇ ਸਾਂਝੀਵਾਲਤਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਨੂੰ ਭਾਰਤ ਦੀ ਵਿਸ਼ਾਲ ਸੱਭਿਆਚਾਰਕ ਅਤੇ ਧਾਰਮਿਕ ਵਿਰਾਸਤ ਨਾਲ ਜੋੜਨ ਲਈ ਭਵਿੱਖ ਵਿੱਚ ਵੀ ਅਜਿਹੇ ਸਮਾਗਮ ਕਰਵਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ।

# 12ਵੀਂ ਪੰਜਾਬ ਰਾਜ ਗੱਤਕਾ ਚੈਂਪੀਅਨਸ਼ਿਪ ਰੂਪਨਗਰ ਜਿਲ੍ਹੇ ਨੇ ਜਿੱਤੀ

**ਗੁਰਦਾਸਪੁਰ ਨੇ ਦੂਜਾ ਤੇ ਫ਼ਤਹਿਗੜ੍ਹ ਸਾਹਿਬ ਨੇ ਤੀਜਾ ਸਥਾਨ ਪ੍ਰਾਪਤ ਕੀਤਾ**



**ਰੂਪਨਗਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

12ਵੀਂ ਪੰਜਾਬ ਰਾਜ ਗੱਤਕਾ ਚੈਂਪੀਅਨਸ਼ਿਪ 2026 ਦੌਰਾਨ ਵੱਖ-ਵੱਖ ਉਮਰ ਵਰਗਾਂ ਦੇ ਮੁਕਾਬਲਿਆਂ ਦੌਰਾਨ ਬਿਹਤਰ ਪ੍ਰਦਰਸ਼ਨ ਕਰਦਿਆਂ ਰੂਪਨਗਰ ਜਿਲ੍ਹੇ ਦੇ ਖਿਡਾਰੀਆਂ ਨੇ ਓਵਰਆਲ ਚੈਂਪੀਅਨਸ਼ਿਪ ਜਿੱਤੀ। ਨੇੜਲੇ ਪਿੰਡ ਲੌਂਦੀਮਾਜਰਾ ਵਿਖੇ ਸਮਾਪਤ ਹੋਏ ਸਲਾਨਾ ਟੂਰਨਾਮੈਂਟ ਵਿੱਚੋਂ ਗੁਰਦਾਸਪੁਰ ਦੀ ਟੀਮ ਨੇ ਦੂਜਾ ਜਦਕਿ ਫ਼ਤਹਿਗੜ੍ਹ ਸਾਹਿਬ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਟੂਰਨਾਮੈਂਟ ਦੌਰਾਨ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਸਬ-ਜੂਨੀਅਰ ਵਰਗ ਵਿੱਚੋਂ ਬਿਹਤਰੀਨ ਗੱਤਕੇਬਾਜ ਦੀ ਟਰਾਫੀ ਬਲਜੋਤ ਸਿੰਘ ਰੂਪਨਗਰ, ਜੂਨੀਅਰ ਵਰਗ ਵਿੱਚੋਂ ਦਿਲਰਾਜ ਸਿੰਘ ਅੰਮ੍ਰਿਤਸਰ ਅਤੇ ਸੀਨੀਅਰ ਵਰਗ ਵਿੱਚ ਅਮਨਪ੍ਰੀਤ ਸਿੰਘ ਫਤਿਹਗੜ੍ਹ ਸਾਹਿਬ ਨੇ ਬਿਹਤਰੀਨ ਖਿਡਾਰੀ ਦੀ ਟਰਾਫੀ ਹਾਸਲ ਕੀਤੀ। ਸਮਾਪਤੀ ਸਮਾਰੋਹ ਮੌਕੇ ਰੂਪਨਗਰ ਦੇ ਵਿਧਾਇਕ ਸ੍ਰੀ ਦਿਨੇਸ਼ ਚੱਢਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਗੱਤਕਾ ਐਸੋਸੀਏਸ਼ਨ ਜਿਲ੍ਹਾ ਰੂਪਨਗਰ ਵੱਲੋਂ ਜਾਰੀ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਜਿਲਾ ਰੂਪਨਗਰ ਖਾਲਸੇ ਦੀ ਜਨਮ ਭੂਮੀ ਹੋਣ ਕਾਰਨ ਵਿਰਾਸਤੀ ਖੇਡ ਗੱਤਕੇ ਨੂੰ ਪ੍ਰਫੁੱਲਤ ਕਰਨ ਲਈ ਇਸ ਜਿਲ੍ਹੇ ਦੇ ਵਾਸੀਆਂ ਦੀ ਵਿਸ਼ੇਸ਼ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਗੱਤਕਾ ਖਿਡਾਰੀਆਂ ਲਈ ਵਧੀਆ ਸਹੂਲਤਾਂ ਮੁਹੱਈਆ ਕਰਵਾਉਣ ਲਈ ਉਹ ਰਾਜ ਸਰਕਾਰ ਦੇ ਸਬੰਧਤ ਅਧਿਕਾਰੀਆਂ ਨਾਲ ਵੀ ਗੱਲਬਾਤ ਕਰਨਗੇ ਅਤੇ ਇਸ ਖੇਡ ਨੂੰ ਅੱਗੇ ਵਧਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਦੌਰਾਨ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਟੀਮਾਂ ਦੇ ਖਿਡਾਰੀਆਂ, ਰੈਫਰੀਆਂ ਅਤੇ ਕੋਚਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਂਝੀ ਮੇਹਨਤ ਸਦਕਾ ਗੱਤਕਾ ਖੇਡ ਲਗਾਤਾਰ ਤਰੱਕੀ ਦੇ ਰਾਹ ਤੇ ਹੈ। ਉਨ੍ਹਾਂ ਦੱਸਿਆ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਦਾ ਟੀਚਾ ਗੱਤਕੇ ਨੂੰ ਓਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਉਣਾ ਹੈ ਜਿਸ ਲਈ ਉਹ ਪੂਰੀ ਤਰ੍ਹਾਂ ਸਮਰਪਿਤ ਹਨ।

ਇਸ ਸਮਾਗਮ ਵਿੱਚ ਇਲਾਕੇ ਦੀਆਂ ਧਾਰਮਿਕ ਅਤੇ ਸਿਆਸੀ ਸ਼ਖਸੀਅਤਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਬਰਿੰਦਰ ਸਿੰਘ ਢਿੱਲੋਂ, ਇੰਦਰਪਾਲ ਰਾਜੂ ਸਤਿਆਲ, ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਵਿੱਤ ਸਕੱਤਰ ਬਲਜੀਤ ਸਿੰਘ ਸੈਣੀ, ਹਰਪ੍ਰੀਤ ਸਿੰਘ ਲੱਖੇਵਾਲ, ਅਮਨਿੰਦਰ ਸਿੰਘ ਗੀਹਲ, ਸੁਰਿੰਦਰ ਸਿੰਘ ਹਰੀਪੁਰ, ਜਗਦੀਪ ਸਿੰਘ ਥਲੀ, ਬੀਬੀ ਮਨਜੀਤ ਕੌਰ, ਗੁਰਪ੍ਰੀਤ ਸਿੰਘ ਭਾਉਵਾਲ, ਗੁਰਵਿੰਦਰ ਸਿੰਘ ਰੂਪਨਗਰ, ਚੀਫ਼ ਰੈਫਰੀ ਨਰਿੰਦਰ ਸਿੰਘ ਪਾਰਸ, ਜਸਪ੍ਰੀਤ ਸਿੰਘ, ਗੁਰਵਿੰਦਰ ਸਿੰਘ ਘਨੌਲੀ ਸਮੇਤ ਹੋਰ ਪਤਵੰਤੇ ਸੱਜਣ ਮੌਜੂਦ ਸਨ।

# ਮਹੰਤ ਖਨੌੜਾ ਦੀ ਅਗਵਾਈ ਵਿੱਚ ਹੋਇਆ ਕਾਂਗਰਸ ਵਰਕਰ ਸੰਮੇਲਨ



**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

-ਪਟਿਆਲਾ ਦਿਹਾਤੀ ਹਲਕੇ ਤੋਂ ਕਾਂਗਰਸ ਵਰਕਰ ਸੰਮੇਲਨ ਕਾਂਗਰਸ ਦੇ ਸਾਬਕਾ ਜਿਲ੍ਹਾ ਦਿਹਾਤੀ ਪ੍ਰਧਾਨ ਮਹੰਤ ਹਰਵਿੰਦਰ ਖਨੌੜਾ ਦੀ ਅਗਵਾਹੀ ਵਿੱਚ ਹੋਇਆ ਜਿਸ ਵਿੱਚ ਪਟਿਆਲਾ ਦਿਹਾਤੀ ਹਲਕੇ ਤੋਂ ਕਾਂਗਰਸ ਦੇ ਆਗੂ ਤੇ ਵਰਕਰ ਭਾਰੀ ਗਿਣਤੀ ਵਿੱਚ ਪੁੱਜੇ ਜਿਸ ਵਿੱਚ ਸ਼ਾਮਲ ਅਨਿਲ ਮਹਿਤਾ, ਹਰਪਾਲ ਸਿੰਘ ਸਾਬਕਾ ਪੱਧਾਨ ਐਨ.ਯੂ.ਐਸ.ਆਈ. ਪੰਜਾਬ ਬਲਦੇਵ ਬੱਤਾ ਪੱਧਾਨ ਜਿਲ੍ਹਾ ਇਟੰਕ ਕਾਂਗਰਸ, ਮੋਹਨ ਸਿੰਘ ਮਜੌਲੀ ਪ੍ਰਧਾਨ ਜਿਲ੍ਹਾ ਪੱਲੇਦਾਰ ਯੂਨੀਅਨ, ਕੁੰਵਰ ਪ੍ਰਤਾਪ ਸਿੰਘ ਖਨੌੜਾ ਮੈਂਬਰ ਜਿਲ੍ਹਾ ਪ੍ਰੀਸ਼ਦ ਪਟਿਆਲਾ, ਰਤਨਜੀਤ ਜਾਹਲਾਂ, ਹਰਦਾਪ ਸਿੰਘ ਜੋਸ਼ਨ ਮੀਤ ਪ੍ਰਧਾਨ ਓ.ਬੀ.ਸੀ., ਅਜਮੀਲ ਖਾਨ ਮੈਨੋਟਰੀ ਸੈਲ ਕਾਂਗਰਸ, ਗੁਰਮੇਲ ਖਾਨ, ਸੰਤੋਖ ਸਿੰਘ ਬੁੱਗਾ ਕਿਸਾਨ ਸੈਲ, ਹਰਪ੍ਰੀਤ ਢਿੰਡਸਾ ਕਿਸਾਨ ਸੈਲ, ਹਰਿੰਦਰ ਕੌਰਜੀਵਾਲਾ ਬ੍ਰਾਹਮਣ ਸਭਾ, ਕੁਲਵੰਤ ਨਾਰੀਕੇ, ਚੁੰਨੀ ਲਾਲ ਭਾਦਸੋਂ, ਗੋਪਾਲ ਘਨੌੜਾ ਮੀਤ ਪ੍ਰਧਾਨ ਨਗਰ ਪੰਚਾਇਤ, ਡਾ. ਰਾਜ ਕੁਮਾਰ ਡਕਾਲਾ, ਤਰਸੇਮ ਸਿੰਘ ਝੰਡੀ ਆਦਿ ਹਾਜ਼ਰ ਸਨ।

# ਦੇਵ ਮਾਨ ਨੇ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸ ਨੂੰ ਕੀਤਾ ਰਵਾਨਾ




**ਨਾਭਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਅੱਜ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਨਾਭਾ ਤੋਂ ਵਾਰਡ ਨੰਬਰ 18 ਦੇ ਮੁੱਖ ਸੇਵਾਦਾਰ ਉੱਧਮ ਦੀਪ ਸਿੰਘ ਦੀ ਅਗਵਾਈ ਹੇਠ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ , ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਇਹ ਯੋਜਨਾ ਬਜ਼ੁਰਗਾਂ ਅਤੇ ਸ਼ਰਧਾਲੂਆਂ ਲਈ ਬਹੁਤ ਹੀ ਲਾਭਕਾਰੀ ਸਾਬਤ ਹੋ ਰਹੀ ਹੈ। ਇਸ ਯੋਜਨਾ ਰਾਹੀਂ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਹਿਰਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਇੱਕ ਅਜਿਹੀ ਲੋਕ ਪੱਖੀ ਯੋਜਨਾ ਹੈ ਜਿਸ ਨਾਲ ਬਜ਼ੁਰਗਾਂ ਦਾ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਪਨਾ ਪੂਰਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਬਜ਼ੁਰਗ ਕਈ ਘਰੇਲੂ ਕਾਰਨਾਂ ਕਰਕੇ ਤੀਰਥ ਸਥਾਨਾਂ ਦੇ ਦਰਸ਼ਨਾ ਨੂੰ ਨਹੀਂ ਜਾ ਸਕਦੇ ਸਨ ਪ੍ਰੰਤੂ ਹੁਣ ਉਨ੍ਹਾਂ ਨੂੰ ਮੁਫਤ ਵਿੱਚ ਤੀਰਥ ਯਾਤਰਾ 'ਤੇ ਜਾਣ ਦਾ ਮੌਕਾ ਮਿਲ ਰਿਹਾ ਹੈਂ। ਉਨ੍ਹਾਂ ਦੱਸਿਆ ਕਿ ਇਸ ਯਾਤਰਾ ਦੌਰਾਨ ਸ਼ਰਧਾਲੂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਿਰ, ਵਾਲਮਿਕ ਤੀਰਥ ਅਤੇ ਵਾਗ੍ਹਾ ਵਾਰਡਰ ਦੇ ਦਰਸ਼ਨ ਕਰਨਗੇ ਅਤੇ ਸਰਕਾਰ ਵੱਲੋਂ ਯਾਤਰੀਆਂ ਲਈ ਸਾਰੀਆਂ ਜ਼ਰੂਰੀ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਇਸ ਮੌਕੇ ਜਗਜੀਤ ਸਿੰਘ ਜੱਗੀ, ਇੰਦਰਜੀਤ ਸਿੰਘ, ਵਰਿੰਦਰ ਮਾਸਟਰ ਜੀ, ਜਸਪਾਲ ਸਿੰਘ ਪ੍ਰਧਾਨ, ਜੰਗ ਬਹਾਦਰ ਸਿੰਘ, ਹਰਪ੍ਰੀਤ ਸਿੰਘ ਕਾਕਾ, ਮਨਜੋਤ ਸਿੰਘ, ਜਸਪ੍ਰੀਤ ਸਿੰਘ ਜਪਜੀ, ਪਰਮਜੀਤ ਸਿੰਘ ਰਾਜੂ, ਜਗਜੀਤ ਸਿੰਘ ਜੱਗਾ , ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ, ਮਨਜੋਤ ਸਿੰਘ, ਭੁਪਿੰਦਰ ਸਿੰਘ ਕੱਲਰ ਮਾਜਰੀ ਵਾਇਸ ਚੇਅਰਮੈਨ , ਜਸਵੀਰ ਸਿੰਘ ਵਜੀਦਪੁਰ, ਰਾਜੀਵ ਸਰਪੰਚ ਸੋਜਾ , ਸਿਮਰਨ ਅੜਕ ਚੋਹਾਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਾਰਡ ਵਾਸੀ ਆਦਿ ਹਾਜ਼ਰ ਸਨ।

# ਜ਼ਿਲ੍ਹੇ ਵਿੱਚ 1.18 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਦੀ ਆਮਦ: ਡਿਪਟੀ ਕਮਿਸ਼ਨਰ



**ਬਠਿੰਡਾ,22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਜਾਰੀ ਹੈ। ਰੋਜ਼ਾਨਾ ਪੱਧਰ ਉੱਤੇ ਕਣਕ ਦੀ ਫਸਲ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਉਨ੍ਹਾਂ ਕਿਹਾ ਕਿ ਹੁਣ ਤੱਕ ਜ਼ਿਲ੍ਹੇ ਦੀਆਂ ਵੱਖ ਵੱਖ ਮੰਡੀਆਂ ਵਿੱਚ ਕੁੱਲ 1,18,523 ਮੀਟ੍ਰਿਕ ਟਨ ਫ਼ਸਲ ਦੀ ਆਮਦ ਹੋਈ ਹੈ ਜਿਸ ਵਿਚੋਂ ਅੱਜ 44,640 ਮੀਟ੍ਰਿਕ ਟਨ ਫ਼ਸਲ ਦੀ ਆਮਦ ਹੋਈ ਹੈ। ਹੁਣ ਤੱਕ ਕੁੱਲ 87,110 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਅੱਜ 44,139 ਮੀਟ੍ਰਿਕ ਟਨ ਫ਼ਸਲ ਖ਼ਰੀਦੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਜਾਣਕਾਰੀ ਦਿੰਦੇ ਦੱਸਿਆ ਹੁਣ ਤੱਕ ਮਾਰਕਫੈੱਡ ਵਲੋਂ 19030 ਮੀਟ੍ਰਿਕ ਟਨ, ਪਨਗ੍ਰੇਨ ਵਲੋਂ 25,110 ਮੀਟ੍ਰਿਕ ਟਨ, ਪਨਸਪ ਵਲੋਂ 17,885 ਮੀਟ੍ਰਿਕ ਟਨ ਤੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਵਲੋਂ 19,490 ਮੀਟ੍ਰਿਕ ਟਨ ਫ਼ਸਲ ਦੀ ਖਰੀਦ ਕੀਤੀ ਗਈ ਹੈ।

ਕਿਸਾਨਾਂ ਨੂੰ ਖਰੀਦੀ ਫ਼ਸਲ ਦੀ ਅਦਾਇਗੀ 48 ਘੰਟਿਆਂ ਦੇ ਅੰਦਰ ਅੰਦਰ ਸਿੱਧੀ ਖਾਤਿਆਂ ਵਿਚ ਕੀਤੀ ਜਾ ਰਹੀ ਹੈ ਅਤੇ ਫ਼ਸਲ ਦੀ ਲਿਫਟਿੰਗ ਵੀ ਸ਼ੁਰੂ ਹੋ ਚੁੱਕੀ ਹੈ। ਖਰੀਦ ਏਜੰਸੀਆਂ ਨੇ ਭਰੋਸਾ ਦਿੱਤਾ ਹੈ ਕਿ ਬਰਦਾਨਾ ਲੋੜੀਂਦੀ ਮਾਤਰਾ ਵਿਚ ਉਪਲਬਧ ਹੈ, ਜਿਸ ਕਰਕੇ ਲਿਫਟਿੰਗ ਦੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

# 24 ਘੰਟਿਆਂ ਦੇ ਅੰਦਰ ਕਿਸਾਨਾਂ ਨੂੰ 647 ਕਰੋੜ ਰੁਪਏ ਦੀ ਅਦਾਇਗੀ: ਲਾਲ ਚੰਦ ਕਟਾਰੂਚੱਕ



**ਜਲੰਧਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਕਿਹਾ ਕਿ ਸੂਬੇ ਭਰ ਵਿੱਚ ਕਣਕ ਦੇ ਖ਼ਰੀਦ ਕਾਰਜ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੇ ਹਨ ਅਤੇ ਕਿਸਾਨਾਂ ਨੂੰ ਖ਼ਰੀਦ ਦੇ 24 ਘੰਟਿਆਂ ਦੇ ਅੰਦਰ ਅਦਾਇਗੀ ਪ੍ਰਾਪਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੁਚਾਰੂ ਅਤੇ ਕਿਸਾਨ-ਪੱਖੀ ਖ਼ਰੀਦ ਸੀਜ਼ਨ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਭੋਗਪੁਰ ਦੀ ਦਾਣਾ ਮੰਡੀ ਵਿਖੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਨੇ ਚੱਲ ਰਹੀ ਖ਼ਰੀਦ ਦਾ ਨਿਰੀਖਣ ਕੀਤਾ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਕਣਕ ਦੀ ਆਮਦ ਵਿੱਚ ਤੇਜ਼ੀ ਆਈ ਹੈ ਅਤੇ ਪੰਜਾਬ ਭਰ ਦੀਆਂ ਮੰਡੀਆਂ ਵਿੱਚ ਰੋਜ਼ਾਨਾ 8 ਤੋਂ 10 ਲੱਖ ਮੀਟ੍ਰਿਕ ਟਨ ਫ਼ਸਲ ਪਹੁੰਚ ਰਹੀ ਹੈ।ਉਨ੍ਹਾਂ ਦੱਸਿਆ ਕਿ ਸ਼ਨੀਵਾਰ ਨੂੰ 11 ਲੱਖ ਮੀਟ੍ਰਿਕ ਟਨ ਦੀ ਰਿਕਾਰਡ ਆਮਦ ਹੋਈ ਹੈ। ਹੁਣ ਤੱਕ, ਸਾਰੇ ਖ਼ਰੀਦ ਕੇਂਦਰਾਂ 'ਤੇ 28 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ 24 ਲੱਖ ਮੀਟ੍ਰਿਕ ਟਨ 2585 ਰੁਪਏ ਪ੍ਰਤੀ ਕੁਇੰਟਲ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 'ਤੇ ਖ਼ਰੀਦ ਕੀਤੀ ਗਈ ਹੈ।

ਸਮੇਂ ਸਿਰ ਅਦਾਇਗੀ ਨੂੰ ਪ੍ਰਮੁੱਖ ਤਰਜੀਹ ਦੱਸਦਿਆਂ ਸ਼੍ਰੀ ਕਟਾਰੂਚੱਕ ਨੇ ਦੱਸਿਆ ਕਿ ਕਿਸਾਨਾਂ ਦੇ ਖਾਤਿਆਂ ਵਿੱਚ ਪਹਿਲਾਂ ਹੀ 647 ਕਰੋੜ ਰੁਪਏ ਪਾਏ ਜਾ ਚੁੱਕੇ ਹਨ, ਜਿਸ ਦੌਰਾਨ ਖ਼ਰੀਦ ਦੇ 24 ਘੰਟਿਆਂ ਦੇ ਅੰਦਰ ਭੁਗਤਾਨ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਮਜ਼ਦੂਰਾਂ ਦੀ ਭਲਾਈ ਪ੍ਰਤੀ ਸਰਕਾਰ ਦੀ ਵਚਨਬੱਧਤਾ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੀਜ਼ਨ ਦੌਰਾਨ ਲਗਭਗ ਕਰੋੜਾਂ ਬੋਰੀਆਂ ਦੀ ਸੰਭਾਲ ਦੇ ਮੱਦੇਨਜ਼ਰ ਮਜ਼ਦੂਰੀ ਪਹਿਲਾਂ ਹੀ 10 ਫੀਸਦੀ ਵਧਾ ਦਿੱਤੀ ਗਈ ਹੈ।

ਇਸ ਦੌਰਾਨ ਕਿਸਾਨਾਂ ਨੇ ਖ਼ਰੀਦ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ। ਹਰਬੰਸ ਸਿੰਘ ਨੇ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਅਤੇ ਨਿਰਵਿਘਨ ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਸਾਰੀ ਉਪਜ ਦੀ ਤੁਰੰਤ ਖ਼ਰੀਦ ਕਰ ਲਈ ਗਈ ਅਤੇ ਉਨ੍ਹਾਂ ਨੂੰ 24 ਘੰਟਿਆਂ ਦੇ ਅੰਦਰ ਅਦਾਇਗੀ ਵੀ ਪ੍ਰਾਪਤ ਹੋ ਗਈ ਹੈ।

ਸ਼੍ਰੀ ਕਟਾਰੂਚੱਕ ਨੇ ਅੱਗੇ ਕਿਹਾ ਕਿ ਇਸ ਸੀਜ਼ਨ ਵਿੱਚ ਸੂਬੇ ਦਾ 122 ਲੱਖ ਮੀਟ੍ਰਿਕ ਟਨ ਕਣਕ ਖ਼ਰੀਦ ਕਰਨ ਦਾ ਟੀਚਾ ਹੈ। ਉਨ੍ਹਾਂ ਨੇ ਮੰਡੀ ਵਿੱਚ ਮੌਜੂਦ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ ਅਤੇ ਖ਼ਰੀਦ ਕਾਰਜਾਂ ਅਤੇ ਸਬੰਧਤ ਅਥਾਰਟੀਆਂ ਵੱਲੋਂ ਕਿਸਾਨਾਂ ਲਈ ਕੀਤੇ ਗਏ ਪ੍ਰਬੰਧਾਂ ਬਾਰੇ ਉਨ੍ਹਾਂ ਦਾ ਕੀਮਤੀ ਫੀਡਬੈਕ ਵੀ ਲਿਆ।

ਕਣਕ ਅਤੇ ਝੋਨੇ ਦੇ ਖ਼ਰੀਦ ਸੀਜ਼ਨ ਦੌਰਾਨ ਕਿਸਾਨਾਂ ਨੂੰ ਸਹੂਲਤ ਪ੍ਰਦਾਨ ਕਰਨ ਦੀ ਪੰਜਾਬ ਸਰਕਾਰ ਦੀ ਸੋਚ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਸੂਬੇ ਵਿੱਚ ਹਰ ਸਾਲ ਖ਼ਰੀਦ ਸੀਜ਼ਨ ਸੁਚਾਰੂ ਢੰਗ ਨਾਲ ਨੇਪਰੇ ਚੜ੍ਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਕਿਸਾਨਾਂ ਨੂੰ ਬਾਰਦਾਨੇ ਦੀ ਘਾਟ, ਲਿਫ਼ਟਿੰਗ ਅਤੇ ਅਦਾਇਗੀ ਦੇ ਮੁੱਦਿਆਂ ਕਾਰਨ ਵਿਰੋਧ ਪ੍ਰਦਰਸ਼ਨ ਕਰਨਾ ਪੈਂਦਾ ਸੀ ਪਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਇਨ੍ਹਾਂ ਮੁੱਦਿਆਂ ਨੂੰ ਸਥਾਈ ਤੌਰ 'ਤੇ ਹੱਲ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਕਿਸਾਨ ਆਪਣੀ ਫ਼ਸਲ ਦੀ ਵਿਕਰੀ ਕਰ ਰਹੇ ਹਨ ਅਤੇ 24 ਘੰਟਿਆਂ ਦੇ ਅੰਦਰ ਉਨ੍ਹਾਂ ਨੂੰ ਅਦਾਇਗੀ ਮਿਲ ਰਹੀ ਹੈ।

# ਪੰਜਾਬ ਦੇ ਲੋਕ ਆਪਣੇ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕ ਹੋਏ, 30-35 ਤੋਂ ਵੱਧਕੇ 400 ਤੋਂ ਜ਼ਿਆਦਾ ਸ਼ਿਕਾਇਤਾਂ ਰੋਜ਼ਾਨਾ ਆਉਣ ਲੱਗੀਆਂ : ਪਦਮ ਸ਼੍ਰੀ ਜਤਿੰਦਰ ਸਿੰਘ ਸ਼ੰਟੀ

**➢ ਸਾਰੇ ਜ਼ਿਲ੍ਹਿਆਂ 'ਚ ਕੋਰ ਗਰੁੱਪ ਕਾਇਮ ਕਰਨ ਵਾਲਾ ਪੰਜਾਬ ਦਾ ਕਮਿਸ਼ਨ ਦੇਸ਼ ਵਿੱਚੋਂ ਮੋਹਰੀ ➢ ਮਨੁੱਖੀ ਅਧਿਕਾਰ ਕਮਿਸਨ ਪੰਜਾਬ ਅੰਦਰ ਨਸ਼ਿਆਂ ਵਿਰੁੱਧ ਵੀ ਵੱਡੀ ਮੁਹਿੰਮ ਵਿੱਢੇਗਾ ➢ ਚਾਰ ਮਹੀਨਿਆਂ ਅੰਦਰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਜਾ ਕੇ ਲੋਕਾਂ ਦੀਆਂ ਸ਼ਿਕਾਇਤਾਂ ਬਾਰੇ ਜਾਣਿਆ**

**ਪਟਿਆਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਤੇ ਕੇਂਦਰ ਸਾਸ਼ਤ ਪ੍ਰਦੇਸ਼ ਚੰਡੀਗੜ੍ਹ ਦੇ ਮਨੁੱਖੀ ਅਧਿਕਾਰ ਕਮਿਸ਼ਨ (ਪੀ.ਐਸ.ਐਚ.ਆਰ.ਸੀ.) ਦੇ ਮੈਂਬਰ ਪਦਮ ਸ਼੍ਰੀ ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਹੈ ਕਿ ਪੰਜਾਬ ਦੇ ਲੋਕ ਹੁਣ ਆਪਣੇ ਮਨੁੱਖੀ ਅਧਿਕਾਰਾਂ ਪ੍ਰਤੀ ਵਧੇਰੇ ਜਾਗਰੂਕ ਹੋ ਰਹੇ ਹਨ। ਉਨ੍ਹਾਂ ਅੱਜ ਮਨੁੱਖੀ ਅਧਿਕਾਰ ਸੁਰੱਖਿਆ ਭਲਾਈ ਸੁਸਾਇਟੀ ਵੱਲੋਂ ਸਰਕਾਰੀ ਬਿਕਰਮ ਕਾਲਜ ਪਟਿਆਲਾ ਵਿਖੇ ਮਨੁੱਖੀ ਅਧਿਕਾਰ ਜਾਗਰੂਕਤਾ ਸੈਮੀਨਾਰ ਤੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਲਈ ਖੁੱਲ੍ਹੀ ਸੁਣਵਾਈ ਦੇ ਲਗਾਏ ਕੈਂਪ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਸਨ।



ਇਸ ਮੌਕੇ ਜਤਿੰਦਰ ਸਿੰਘ ਸ਼ੰਟੀ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਚਾਰ ਮਹੀਨਿਆਂ ਦੌਰਾਨ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦਾ ਦੌਰਾ ਕਰਕੇ ਸ਼ਿਕਾਇਤਾਂ ਦੀ ਕਿਸਮ ਬਾਰੇ ਪਤਾ ਲਗਾਇਆ ਹੈ ਅਤੇ ਹਰ ਜ਼ਿਲ੍ਹੇ ਵਿੱਚ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਕੋਰ ਗਰੁੱਪ ਕਾਇਮ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮਨੁੱਖੀ ਅਧਿਕਾਰ ਕਮਿਸ਼ਨ ਅਜਿਹੇ ਕੋਰ ਗਰੁੱਪ ਕਾਇਮ ਕਰਨ ਵਾਲਾ ਦੇਸ਼ ਦਾ ਪਹਿਲਾ ਕਮਿਸ਼ਨ ਬਣ ਗਿਆ ਹੈ।

ਉਨ੍ਹਾਂ ਦੱਸਿਆ ਕਿ ਲੋਕਾਂ ਦੀ ਆਪਣੇ ਜਾਗਰੂਕਤਾ ਬਾਰੇ ਇਸ ਗੱਲੋਂ ਪਤਾ ਚੱਲ ਰਿਹਾ ਹੈ ਕਿ ਪਹਿਲਾਂ ਕਮਿਸ਼ਨ ਕੋਲ ਕੇਵਲ 30-35 ਸ਼ਿਕਾਇਤਾਂ ਰੋਜ਼ਾਨਾ ਆ ਰਹੀਆਂ ਸਨ, ਪਰੰਤੂ ਜਦੋਂ ਦਾ ਕਮਿਸ਼ਨ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਣ ਉਤੇ ਸ਼ਿਕਾਇਤ ਕਰਨ ਲਈ ਵਟਸਐਪ ਨੰਬਰ 9855475547 ਜਾਰੀ ਕੀਤਾ ਹੈ, ਉਦੋਂ ਤੋਂ ਹੁਣ ਉਨ੍ਹਾਂ ਕੋਲ 300 ਤੋਂ 400 ਸ਼ਿਕਾਇਤਾਂ ਰੋਜ਼ਾਨਾ ਆ ਰਹੀਆਂ ਹਨ।

ਕਮਿਸ਼ਨ ਮੈਂਬਰ ਜਤਿੰਦਰ ਸਿੰਘ ਸ਼ੰਟੀ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਤਰਫ਼ੋਂ ਏ.ਡੀ.ਸੀ (ਜ) ਸਿਮਰਪ੍ਰੀਤ ਕੌਰ ਤੇ ਐਸ.ਪੀ ਸਵਰਨਜੀਤ ਕੌਰ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੇਤ ਪਟਿਆਲਾ ਦੀਆਂ ਸਮਾਜ ਸੇਵੀ ਸੰਸਥਾਵਾਂ (ਐਨ.ਜੀ.ਓਜ) ਨਾਲ ਇੱਕ ਅਹਿਮ ਬੈਠਕ ਕੀਤੀ ਤੇ ਪੀੜਤਾਂ ਦੀਆਂ ਸ਼ਿਕਾਇਤਾਂ ਵੀ ਸੁਣੀਆਂ ਅਤੇ ਵਿਭਾਗੀ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।

ਇਸ ਮੌਕੇ ਉਨ੍ਹਾਂ ਨੇ ਐਲਾਨ ਕੀਤਾ ਕਿ ਕਮਿਸ਼ਨ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਵੱਡੀ ਮੁਹਿੰਮ ਵਿੱਢੇਗਾ ਅਤੇ ਜਲਦੀ ਹੀ ਇੱਕ ਵਟਸਐਪ ਨੰਬਰ ਵੀ ਜਾਰੀ ਕੀਤਾ ਜਾਵੇਗਾ, ਜਿਸ ਉਪਰ ਨਸ਼ਿਆਂ ਦੇ ਤਸਕਰਾਂ ਤੇ ਨਸ਼ਿਆਂ ਬਾਰੇ ਜਾਣਕਾਰੀ ਦਿੱਤੀ ਜਾ ਸਕੇਗੀ ਤੇ ਕਮਿਸ਼ਨ ਦੇ ਕੋਰ ਗਰੁੱਪਾਂ ਦੇ ਮੈਂਬਰ ਵੀ ਆਪਣੀ ਭੂਮਿਕਾ ਨਿਭਾਉਣਗੇ।

ਮੀਡੀਆ ਨਾਲ ਗੱਲਬਾਤ ਕਰਦਿਆਂ ਪਦਮਸ੍ਰੀ ਜਤਿੰਦਰ ਸਿੰਘ ਸ਼ੰਟੀ ਨੇ ਦੱਸਿਆ ਕਿ ਪੰਜਾਬ ਰਾਜ ਤੇ ਚੰਡੀਗੜ੍ਹ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਜਾਰੀ ਸਲਾਹਕਾਰੀਆਂ ਦੇ ਤਹਿਤ ਸਰਕਾਰੀ ਅਤੇ ਨਿੱਜੀ ਹਸਪਤਾਲ ਕਿਸੇ ਮਰੀਜ ਜਾਂ ਮ੍ਰਿਤਕ ਸਰੀਰ ਨੂੰ ਬਿੱਲ ਦੇ ਭੁਗਤਾਨ ਨਾ ਹੋਣ ਉਤੇ ਰੋਕ ਨਹੀਂ ਸਕੇਗਾ। ਇਸ ਤੋਂ ਬਿਨ੍ਹਾਂ ਹਰ ਹਸਪਤਾਲ ਵਿਖੇ ਲਾਜਮੀ ਤੌਰ ਉਤੇ ਢੁਕਵੀਂ ਮੁਰਦਾਘਰ ਸਹੂਲਤ ਤੇ ਐਂਬੂਲੈਂਸ ਵੈਨ ਸੇਵਾਵਾਂ ਪ੍ਰਦਾਨ ਕਰਨੀਆਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਲਾਵਾਰਿਸ ਜਾਂ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਦੇ ਸਸਕਾਰ/ਦਫ਼ਨਾਉਣ ਲਈ ਸਹਾਇਤਾ ਦੇ ਯਕੀਨੀ ਬਣਾਉਣ ਲਈ ਵੀ ਆਦੇਸ਼ ਦਿੱਤਾ ਗਿਆ ਹੈ।

ਸ਼ੰਟੀ ਨੇ ਕਿਹਾ ਕਿ ਪਿੰਡਾਂ ਵਿੱਚ ਲਾਸ਼ਾਂ ਰੱਖਣ ਲਈ ਮੌਰਚਰੀ ਬਾਕਸ ਉਪਲਬੱਧ ਕਰਵਾਉਣ ਸਮੇਤ ਸਫਾਈ ਯੋਧਿਆਂ ਨੂੰ ਸੁਰੱਖਿਆ, ਜੁੱਤੇ, ਦਸਤਾਨੇ, ਸੈਨੇਟਾਈਜ਼ਰ ਦੇਣ ਸਮੇਤ ਬੀਮਾ ਸੁਰੱਖਿਆ ਸਹੂਲਤਾਂ ਦੇਣ ਲਈ ਵੀ ਹਦਾਇਤ ਜਾਰੀ ਕੀਤੀ ਗਈ ਹੈ। ਇਸ ਤੋਂ ਬਿਨ੍ਹਾਂ 112 'ਤੇ ਫੋਨ ਕਰਕੇ ਜਿੰਦਗੀ ਮੌਤ ਦੀ ਲੜਾਈ ਦੀ ਲੜ ਰਹੇ ਮਰੀਜਾਂ ਦੀਆਂ ਐਂਬੂਲੈਂਸਾਂ ਨੂੰ ਹਸਪਤਾਲਾਂ ਤੱਕਣ ਲਈ ਪੁਲਿਸ ਪਾਇਲਟ ਮੁਹੱਈਆ ਕਰਵਾਉਣ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।

ਇਸ ਮੌਕੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ, ਆਰ.ਟੀ.ਓ ਪੂਨਮਪ੍ਰੀਤ ਕੌਰ, ਐਸ.ਡੀ.ਐਮ ਗੁਰਦੇਵ ਸਿੰਘ, ਮਨੁੱਖੀ ਅਧਿਕਾਰ ਕਮਿਸ਼ਨ ਮੈਂਬਰ ਦੇ ਸਕੱਤਰ ਬਲਦੇਵ ਸਿੰਘ ਤੇ ਅਮਨਦੀਪ ਸਿੰਘ ਸਮੇਤ ਵੱਡੀ ਗਿਣਤੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕੋਰ ਗਰੁੱਪ ਦੇ ਮੈਂਬਰ ਤੇ ਹਿਉਮਨ ਰਾਈਟਸ ਪ੍ਰੋਟੈਕਸ਼ਨ ਵੈਲਫੇਅਰ ਸੁਸਾਇਟੀ ਪਟਿਆਲਾ ਦੇ ਮੈਂਬਰ ਮੌਜੂਦ ਸਨ।

ਇਸ ਤੋਂ ਪਹਿਲਾਂ ਹਿਉਮਨ ਰਾਈਟਸ ਪ੍ਰੋਟੈਕਸ਼ਨ ਵੈਲਫੇਅਰ ਸੁਸਾਇਟੀ ਦੇ ਚੀਫ਼ ਪੈਟਰਨ ਏਅਰ ਮਾਰਸ਼ਨ (ਰਿਟਾ) ਕੁਲਵੰਤ ਸਿੰਘ ਗਿੱਲ ਨੇ ਸਵਾਗਤ ਕੀਤਾ ਅਤੇ ਪਾਣੀ ਦੀ ਸੰਭਾਲ ਤੇ ਜਲ ਪ੍ਰਦੂਸ਼ਣ ਰੋਕਣ ਸਮੇਤ ਸਿੰਗਲ ਯੂਜ ਪਲਸਟਿਕ ਉਪਰ ਪਾਬੰਦੀ ਲਗਾਉਣ ਬਾਰੇ ਮੰਗ ਉਠਾਈ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕਰਨ ਵਾਲਾ ਲੇਖਕ



ਅੰਸ਼ ਸਾਗਰ
87086-52098

ਮੰਡੀ ਡੱਬਵਾਲੀ 'ਚ ਜਨਮਿਆ ਪਲ਼ਿਆ ਅੰਸ਼ ਅਰੋੜਾ ਆਪਣੇ ਸੁਫ਼ਨੇ ਨੂੰ ਵਿਸ਼ਾਲਤਾ ਦਿੰਦਾ ਕਦੇ ਕਵੀ, ਗਾਇਕ, ਅਦਾਕਾਰ ਤੇ ਕਦੇ ਸਮਾਜ ਸੇਵੀ ਹੁੰਦਾ ਅੱਗੇ ਵਧਦਾ ਹੋਇਆ ਅੰਸ਼ ਸਾਗਰ ਹੋ ਗਿਆ। ਮਾਂ ਡਿੰਪਲ ਤੋਂ ਮਿਲੀ ਸੰਗੀਤਕ ਗੁੜ੍ਹਤੀ ਨੇ ਸਹਿਜ ਸੁਭਾਅ ਹੀ ਬਾਲ ਅੰਸ਼ ਦਾ ਰੁਝਾਨ ਸੰਗੀਤ ਵੱਲ ਕਰਨਾ ਸ਼ੁਰੂ ਕਰ ਦਿੱਤਾ। ਸਗੀਤ ਹੌਲੀ-ਹੌਲੀ ਰੂਹ ਦੀ ਖ਼ੁਰਾਕ ਬਣ ਗਿਆ। ਅੰਸ਼ ਦਾ ਸੁਪਨਾ ਸੰਗੀਤ ਵਿਚ ਹੀ ਆਪਣਾ ਨਾਂ ਬਨਾਉਣ ਦਾ ਬਣ ਗਿਆ। ਇਕ ਵਾਰ ਹਰ ਸਮੇਂ ਸੰਗੀਤਕ ਧੁਨਾਂ 'ਚ ਗਵਾਚੇ ਅੰਸ਼ ਨੂੰ ਪਿਤਾ ਪਵਨ ਕੁਮਾਰ ਪੁੱਛਿਆ ਕਿ ਕੀ ਬਣਨਾ ਹੈ ਤਾਂ ਉਹੀ ਪੁਰਾਣਾ ਮਾਸੂਮ ਜਵਾਬ ਸੀ 'ਗਾਇਕ'। ਉਮਰ ਦੇ ਨਾਲ-ਨਾਲ ਸਵਾਲ ਦਾ ਅਸਰ ਗਹਿਰਾ ਹੁੰਦਾ ਗਿਆ। ਸਵਾਲ ਭਾਵੇਂ ਉਹੀ ਰਿਹਾ ਪਰ ਜਵਾਬ ਬਦਲ ਕੇ ਪਾਇਲਟ ਬਣ ਜਾਣ 'ਤੇ ਰੁਕਣ ਲੱਗਾ। ਜਵਾਬ ਬਦਲਣ ਨਾਲ ਦਿਲ ਤਾਂ ਨਹੀਂ ਬਦਲਦੇ ਪਰ ਫੇਰ ਵੀ ਅੰਸ਼ ਸਾਗਰ ਨਾਨ-ਮੈਡੀਕਲ ਦੀ ਪੜ੍ਹਾਈ ਲਈ ਤਿਆਰ ਹੋ ਗਿਆ। ਆਈਆਈਟੀ ਦੀ ਤਿਆਰੀ ਲਈ ਦੋ ਸਾਲ ਲਈ ਕੋਟਾ ਵੀ ਭੇਜਿਆ ਗਿਆ ਪਰ ਮਨ ਕਿਤੇ ਹੋਰ ਅਟਕਿਆ ਸੀ। ਇਸ ਦਾ ਅਸਰ ਪ੍ਰੀਖਿਆ ਦੇ ਨਤੀਜਿਆਂ 'ਤੇ ਵੀ ਸਾਫ਼ ਦਿਖਿਆ। ਕੁਝ ਨਾ ਹੁੰਦਾ ਵੇਖ ਮਲੋਟ ਵਿਚ ਐੱਮਐੱਮ ਆਈਟੀ ਕਾਲਜ ਤੋਂ ਮਕੈਨੀਕਲ ਇੰਜੀਨਿਰਿੰਗ ਕੀਤੀ। ਇਸ ਦਾ ਸਿਹਰਾ ਵੀ ਅੰਸ਼ ਬੜੀ ਸਾਫ਼ਗੋਈ ਨਾਲ ਆਪਣੇ ਮਿੱਤਰ ਅਮਰਜੀਤ ਦੇ ਸਿਰ ਬੰਨ੍ਹਦਾ ਹੈ ਜਿਸ ਦੀ ਮਦਦ ਨਾਲ ਉਹ ਕਈ ਔਖੇ-ਔਖੇ ਵਿਸ਼ਿਆਂ ਵਿੱਚੋਂ ਪਾਸ ਹੁੰਦਾ ਰਿਹਾ ਤੇ ਇੰਜਿਨਰਿੰਗ ਦੀ ਪੜ੍ਹਾਈ ਵਕਤ ਰਹਿੰਦੇ ਪੂਰੀ ਕੀਤੀ। ਕਾਲਜ 'ਚ ਹੁੰਦੇ ਯੁਵਕ ਮੇਲਿਆਂ ਵਿਚ ਅੰਸ਼ ਨੇ ਹਰ ਵਾਰ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀਆਂ ਲਿਖੀਆਂ ਕਵਿਤਾਵਾਂ ਪੜ੍ਹਨ ਲਈ ਦੋ ਵਾਰ ਵਿਸ਼ਵਵਿਦਿਆਲੇ ਤੋਂ ਸੋਨ ਤਗਮੇਂ ਵੀ ਜਿੱਤੇ। ਪਿਤਾ ਨੂੰ ਐੱਮਟੈਕ ਦੀ ਥਾਂ ਐੱਮਏ ਉਰਦੂ ਕਰਨ ਲਈ ਮਨਾ ਕੇ ਅੰਸ਼ ਨੇ ਆਪਣਾ ਰੁੱਖ ਚੰਡੀਗੜ੍ਹ ਵੱਲ ਕਰ ਲਿਆ। ਮਾਣਦੇ ਹਾਂ ਉਸ ਦੀਆਂ ਕਵਿਤਾਵਾਂ ਦਾ ਰੰਗ।

• ਗੁਰਪ੍ਰੀਤ ਮਾਨ
98786-12757

## ਕਵਿਤਾ

### ਗੁੱਡੀਆਂ ਪਟੋਲੇ

ਬਾਪੂ ਸਿਰ ਰੱਖਿਆ ਤੈਅ ਤਾਜ ਕੁੜੇ ਦਾਜ ਦਾ
ਬਾਪੂ ਤੋਂ ਨਾ ਉੱਤੇ ਹੁੰਦੀ ਪੱਤ ਕਿਸੇ ਹੋਰ ਦੀ
ਗੁੱਡੀ ਤੂੰ ਤਾਂ ਸੱਖਣੀ ਸੱਜ ਬੈਠ ਡੋਲੀ ਨੀ
ਵੀਰ ਤੇਰਾ ਸਾਂਭ ਲਉ ਹਨੇਰੇ ਘਨਘੋਰ ਨੀ
ਤੇਰੇ ਬਿਨਾਂ ਸੁੰਨਾ ਸਾਨੂੰ ਲੱਗਣਾ ਏ ਵਿਹੜਾ ਨੀ
ਇਕ ਅੱਧਾ ਘਰ ਵਿਚ ਘੱਟ ਲੱਗੂ ਗੇੜਾ ਵੀ
ਸਹੁਰਿਆਂ ਦਾ ਘਰ ਭਾਵੇਂ ਆਪਣਾ ਕਹਾਵੇਂਗੀ
ਰਹੇਂਗੀ ਜਿੱਥੇ ਤੂੰ, ਦਿਲ ਓਥੇ ਲਾਵੇਂਗੀ
ਧੀਏ ਤੂੰ ਕੁਆਰੀ ਸੀ ਮੈਂ ਢੂੰਡਦਾ ਸੀ ਵਰ ਤੇਰੇ ਲਈ
ਸ਼ਗਨਾਂ ਦੇ ਦਿਨ ਰੋਕਾਂ ਹੰਜੂਆਂ ਦੇ ਹੜ੍ਹ ਨੂੰ
ਬੀਤ ਜਾਂਦੀ ਰਾਤ ਸਾਡੀ ਹਾਸਿਆਂ ਤੋਂ ਓਹਲੇ ਨੀ
ਯਾਦ ਤੈਨੂੰ ਆਉਂਦੇ ਹੋਣੇ ਗੁੱਡੀਆਂ ਪਟੋਲੇ ਨੀ।



ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

ਸੁਖਰਾਜ ਸਿੰਘ ਚਹਿਲ



# ਬਿਗਾਨੇ ਮੁਲਕ ਜਾਣ ਦੀ ਲਾਲਸਾ

ਅਜੋਕੇ ਸਮੇਂ ਵਿਚ ਰੰਗਲੇ ਪੰਜਾਬ ਦੇ ਬਹੁਗਿਣਤੀ ਪੰਜਾਬੀਆਂ ਦੀ ਚਾਹਤ ਵਿਦੇਸ਼ਾਂ ਵਿਚ ਜਾ ਕੇ ਰਹਿਣ ਦੀ ਬਣੀ ਹੋਈ ਹੈ। ਹਰ ਵਿਅਕਤੀ ਕਿਸੇ ਨਾ ਕਿਸੇ ਢੰਗ ਨਾਲ ਆਪਣਾ ਘਰ-ਬਾਰ ਛੱਡ ਕੇ ਸੱਤ ਸਮੁੰਦਰੋਂ ਪਾਰ, ਚੰਗੀ ਜ਼ਿੰਦਗੀ ਜਿਊਣ ਲਈ ਕਾਹਲਾ ਹੈ। ਇੱਥੇ ਤਾਂ ਸਿਰਫ਼ ਉਹੀ ਲੋਕ ਰਹਿਣ ਲਈ ਮਜਬੂਰ ਹਨ, ਜਿਨ੍ਹਾਂ ਦਾ ਵਿਦੇਸ਼ ਜਾਣ ਲਈ ਕੋਈ ਜ਼ਰੀਆ ਨਹੀਂ ਬਣਦਾ। ਲੱਖਾਂ ਰੁਪਏ ਖ਼ਰਚ ਕੇ ਲੋਕ ਆਪਣਾ ਮੁਲਕ ਛੱਡਣ ਲਈ ਤਿਆਰ ਹਨ ਕਿਉਂਕਿ ਉਹ ਇੱਥੋਂ ਦੇ ਸਿਸਟਮ ਤੋਂ ਪਰੇਸ਼ਾਨ ਹਨ। ਜਿਸ ਕਰਕੇ ਉਹ ਵਿਦੇਸ਼ੀ ਪਰਵਾਸ ਨੂੰ ਹੀ ਆਪਣਾ ਮਿਸ਼ਨ ਸਮਝ ਰਹੇ ਹਨ। ਇਹ ਸਾਡੇ ਦੇਸ਼ ਜਾਂ ਸੂਬੇ ਲਈ ਕੋਈ ਚੰਗੀ ਪ੍ਰਾਪਤ ਦਾ ਸੰਕੇਤ ਨਹੀਂ ਬਲਕਿ ਇਹ ਤਾਂ ਸਾਡੇ ਮੁਲਕ ਲਈ ਚਿੰਤਨ ਕਰਨ ਵਾਲੀ ਗੱਲ ਹੈ। ਮੁਲਕ ਵਿਚ ਜੇ ਕਮੀਆਂ ਹੋਣਗੀਆਂ ਤਾਂ ਹੀ ਲੋਕ ਆਪਣਾ ਸਭ ਕੁਝ ਛੱਡ ਕੇ ਬਿਗਾਨੇ ਮੁਲਕਾਂ ਵਿਚ ਸੈਟਲ ਹੋਣ ਲਈ ਉਤਾਵਲੇ ਹਨ।

### ਲੜਕੀ ਦੀ ਪੜ੍ਹਾਈ ਦਾ ਖ਼ਰਚਾ

ਚੰਗੇ ਅੰਕ ਆਉਣ ਉਪਰੰਤ ਉਸ ਦੇ ਵਿਆਹ ਲਈ ਕੋਈ ਲੜਕਾ ਦੇਖਿਆ ਜਾਂਦਾ ਹੈ ਤਾਂ ਇਹ ਸ਼ਰਤ ਰੱਖੀ ਜਾਂਦੀ ਹੈ ਕਿ ਵਿਆਹ ਅਤੇ ਵਿਦੇਸ਼ ਭੇਜਣ ਅਤੇ ਉੱਥੋਂ ਦੀ ਪੜ੍ਹਾਈ ਦਾ ਸਾਰਾ ਖ਼ਰਚਾ ਲੜਕੇ ਪਰਿਵਾਰ ਨੂੰ ਕਰਨਾ ਪਵੇਗਾ। ਲੋਕ ਵਿਦੇਸ਼ ਜਾਣ ਦੇ ਚਾਹਵਾਨ ਹੋਣ ਕਾਰਨ ਸਾਰੀਆਂ ਸ਼ਰਤਾਂ ਕਬੂਲ ਕੇ ਵਿਆਹ ਤੋਂ ਲੈ ਕੇ ਵਿਦੇਸ਼ੀ ਪੜ੍ਹਾਈ ਤਕ ਦੇ ਸਾਰੇ ਖ਼ਰਚੇ ਲੜਕੇ ਵਾਲੇ ਕਰਦੇ ਹਨ। ਇਹ ਹੁਣ ਰਿਵਾਜ ਬਣਦਾ ਜਾ ਰਿਹਾ ਹੈ।

ਹੁਣ ਇੱਥੇ ਰਹਿਣ ਵਾਲੀਆਂ ਲੜਕੀਆਂ ਦੀ ਮੰਗ ਲਗਾਤਾਰ ਘੱਟਦੀ ਜਾ ਰਹੀ ਹੈ। ਹੁਣ ਵਿਚੋਲਿਆਂ ਕੋਲ ਜ਼ਿਆਦਾਤਰ ਆਈਲੈਟਸ ਪਾਸ ਲੜਕੀਆਂ ਦੇ ਰਿਸ਼ਤਿਆਂ ਦੀ ਗਿਣਤੀ ਵਧੇਰੇ ਹੈ। ਅਜਿਹੇ ਰਿਸ਼ਤਿਆਂ 'ਚ ਵਿਚੋਲਿਆਂ ਦੀ ਵੀ ਚਾਂਦੀ ਬਣ ਰਹੀ ਹੈ ਕਿਉਂਕਿ ਉਹ ਰਿਸ਼ਤੇ ਕਰਵਾਉਣ ਦਾ ਮੋਟਾ ਕਮਿਸ਼ਨ ਵਸੂਲਦੇ ਹਨ। ਕਈ ਲੋਕ ਰਿਸ਼ਤਾ ਕਰਨ ਤੋਂ ਪਹਿਲਾਂ ਇਹ ਗੱਲ ਕਰਦੇ ਹਨ ਕਿ ਜੇਕਰ ਉਹ ਆਪਣੇ ਲੜਕੇ ਜਾਂ ਲੜਕੀ ਨੂੰ ਆਈਲੈਟਸ ਕਰਵਾਉਣ ਤਾਂ ਹੀ ਰਿਸ਼ਤੇ ਦੀ ਗੱਲ ਅੱਗੇ ਤੁਰੇਗੀ।

### ਆਈਲੈਟਸ ਨੂੰ ਤਰਜੀਹ

ਅਜਿਹਾ ਵਰਤਾਰਾ ਦੇਖ ਲੋਕ ਲੜਕੀਆਂ ਨੂੰ ਆਈਲੈਟਸ ਕਰਵਾਉਣ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। 60 ਤੋਂ 70 ਪ੍ਰਤੀਸ਼ਤ ਰਿਸ਼ਤੇ ਵਿਦੇਸ਼ੀ ਪਰਵਾਸ 'ਤੇ ਕੇਂਦਰਿਤ ਹੋ ਗਏ ਹਨ। ਜਿਸ ਕਰਕੇ ਹੁਣ ਇੱਧਰ ਰਹਿੰਦੇ ਲੜਕਿਆਂ ਅਤੇ ਲੜਕੀਆਂ ਦੀ ਪੁੱਛਗਿੱਛ ਘੱਟ ਗਈ ਹੈ। ਜਿਹੜੇ ਲੜਕੇ ਮੱਧਵਰਗੀ ਪਰਿਵਾਰ ਨਾਲ ਸਬੰਧਿਤ ਹਨ ਜਾਂ ਇਸ ਤੋਂ ਹੇਠਲੀ ਕਤਾਰ ਵਿਚ ਆਉਂਦੇ ਹਨ ਉਨ੍ਹਾਂ ਲਈ ਇਹ ਵਰਤਾਰਾ ਸਾਰਥਿਕ ਨਹੀਂ ਸਿੱਧ ਹੋ ਰਿਹਾ ਕਿਉਂਕਿ ਉਹ ਕਿਸੇ ਨੂੰ ਵਿਦੇਸ਼ ਭੇਜਣ 'ਤੇ ਖ਼ਰਚਾ ਨਹੀਂ ਕਰ ਸਕਦੇ ਤੇ ਇੱਧਰ ਉਨ੍ਹਾਂ ਨੂੰ ਆਮ ਰਿਸ਼ਤਾ ਮਿਲਣ ਵਿਚ ਦਿੱਕਤ ਆਉਂਦੀ ਹੈ ਕਿਉਂਕਿ ਹੁਣ ਲੜਕੀਆਂ ਵਿਦੇਸ਼ ਵੱਲ ਜਾ ਰਹੀਆਂ ਹਨ। ਜਿਸ ਕਾਰਨ ਉਹ ਵਧੇਰੇ ਚਿੰਤਤ ਹਨ। ਜਿੱਥੇ ਲੜਕੀਆਂ ਦੀ ਆਈਲੈਟਸ ਕਰਨ ਵਿਚ ਰੁੱਚੀ ਵਧੀ ਹੈ ਉੱਥੇ ਹੀ ਜਿਹੜੇ ਲੜਕੇ ਸਰਦੇ-ਪੁਜਦੇ ਹਨ, ਉਹ ਵੀ ਆਈਲੈਟਸ ਕਰਕੇ ਵਿਦੇਸ਼ ਜਾਣ ਲਈ ਉਤਾਵਲੇ ਹਨ। ਉਹ ਵੀ ਵਿਦੇਸ਼ ਰਹਿੰਦੀ ਕੁੜੀ ਜਾਂ ਫਿਰ ਇਧਰੋਂ ਆਈਲੈਟਸ ਪਾਸ ਲੜਕੀ ਲਈ ਤਲਾਸ਼ ਕਰਦੇ ਹਨ। ਨੌਜਵਾਨਾਂ ਦੀ ਆਈਲੈਟਸ ਕਰਨ ਵੱਲ ਵਧੀ ਦਿਲਚਸਪੀ ਕਾਰਨ ਹੁਣ ਹਰ ਜਗ੍ਹਾ ਉੱਪਰ ਆਈਲੈਟਸ ਕਰਵਾਉਣ ਵਾਲੇ ਕੇਂਦਰਾਂ ਦੀ ਭਰਮਾਰ ਹੈ। ਜਿੱਥੇ ਦੇਖੋ ਆਈਲੈਟਸ ਵਾਲੇ ਸਕੂਲ, ਕਾਲਜ ਨਜ਼ਰੀਂ ਪੈਂਦੇ ਹਨ। ਹਰ ਕੇਂਦਰ ਵਿਚ ਆਈਲੈਟਸ ਕਰਨ ਵਾਲੇ ਵਿਦਿਆਰਥੀਆਂ ਦਾ ਤਾਂਤਾ ਲੱਗਿਆ ਹੋਇਆ ਹੈ।

> **ਵਿਦੇਸ਼ ਜਾਣ ਦੇ ਤਰੀਕੇ**
> *ਲੋਕ ਵਿਦੇਸ਼ ਜਾਣ ਲਈ ਅਲੱਗ-ਅਲੱਗ ਤਰੀਕੇ ਅਪਨਾਉਂਦੇ ਹਨ। ਪਹਿਲਾਂ ਜ਼ਿਆਦਾਤਰ ਲੋਕਾਂ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣਾ ਜਾਂ ਏਜੰਟਾਂ ਰਾਹੀਂ ਵਿਦੇਸ਼ ਦਾ ਰਾਹ ਅਖ਼ਤਿਆਰ ਕਰਨਾ ਅਤੇ ਕੋਈ ਆਪਣੇ ਸਾਕ-ਸਬੰਧੀਆਂ ਰਾਹੀਂ ਜਹਾਜ਼ ਚੜ੍ਹ ਜਾਂਦਾ ਆਦਿ ਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਸਨ। ਜ਼ਿਆਦਾਤਰ ਲੋਕ ਵਿਆਹ ਦਾ ਸਹਾਰਾ ਲੈ ਕੇ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ, ਜਿਸ ਕਾਰਨ ਹੁਣ ਲੜਕੀ ਵਾਲੇ ਕੁਝ ਰੁਪਏ ਲਾ ਕੇ ਆਪਣੀ ਲੜਕੀ ਨੂੰ ਆਈਲੈਟਸ ਕਰਵਾ ਦਿੰਦੇ ਹਨ।*

### ਸਿਸਟਮ ਤੋਂ ਪਰੇਸ਼ਾਨ ਇਨਸਾਨ

ਚੰਗੇ ਕਾਰੋਬਾਰੀ, ਚੰਗੀਆਂ ਜ਼ਮੀਨਾਂ ਜਾਇਦਾਦਾਂ ਅਤੇ ਸਰਕਾਰੀ ਨੌਕਰੀ ਪੇਸ਼ੇ ਨਾਲ ਸਬੰਧਿਤ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵੱਲ ਧੱਕ ਰਹੇ ਹਨ ਕਿਉਂਕਿ ਇੱਥੋਂ ਦੇ ਸਿਸਟਮ ਤੋਂ ਹਰੇਕ ਇਨਸਾਨ ਪਰੇਸ਼ਾਨ ਹੈ। ਨੌਜਵਾਨਾਂ ਤੇ ਆਮ ਲੋਕਾਂ ਦਾ ਆਪਣਾ ਮੁਲਕ ਛੱਡ ਵਿਦੇਸ਼ ਜਾਣਾ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਸਵਾਲੀਆਂ ਚਿੰਨ੍ਹ ਲਗਾਉਂਦਾ ਹੈ ਕਿਉਂਕਿ ਨੌਜਵਾਨਾਂ ਨੂੰ ਚੰਗੀਆਂ ਪੜ੍ਹਾਈਆਂ ਕਰ ਕੇ ਇੱਥੇ ਰੁਜ਼ਗਾਰ ਨਹੀਂ ਮਿਲਦਾ, ਜੇਕਰ ਮਿਲਦਾ ਹੈ ਤਾਂ ਤਨਖਾਹਾਂ ਨਿਗੂਣੀਆਂ ਮਿਲਦੀਆਂ ਹਨ ਤੇ ਕੰਮ ਵਧੇਰੇ ਲਿਆ ਜਾਂਦਾ ਹੈ। ਜਿਸ ਕਾਰਨ ਲੋਕ ਇਹ ਗੱਲ ਸੋਚਦੇ ਹਨ ਕਿ ਇਕ ਵਾਰ ਪੈਸੇ ਖ਼ਰਚਾ ਕਰਕੇ ਸਾਰੀ ਜ਼ਿੰਦਗੀ ਸਰੁੱਖਿਅਤ ਹੋ ਜਾਂਦੀ ਹੈ। ਰੁਜ਼ਗਾਰ ਤੋਂ ਇਲਾਵਾ ਜੇਕਰ ਕੋਈ ਆਪਣਾ ਕੰਮਕਾਰ ਕਰਦਾ ਹੈ ਤਾਂ ਉਸ ਨੂੰ ਅਨੇਕਾਂ ਟੈਕਸਾਂ, ਮਹਿੰਗਾਈ ਆਦਿ ਦੀ ਮਾਰ ਪੈ ਜਾਂਦੀ ਹੈ ਜਿਸ ਕਾਰਨ ਉਸ ਦਾ ਰੁਜ਼ਗਾਰ ਠੱਪ ਹੋ ਜਾਂਦਾ ਹੈ। ਲੋਕ ਟੈਕਸ ਦੇਣ ਨੂੰ ਤਿਆਰ ਹਨ ਪਰ ਉਸ ਦੇ ਮੁਕਾਬਲੇ ਸਹੂਲਤਾਂ ਵੀ ਦਿੱਤੀਆਂ ਜਾਣ। ਬਾਕੀ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਲੋਕਾਂ ਦੀ ਵਿਦੇਸ਼ ਜਾਣ ਦੀ ਗਤੀ ਹੋਰ ਤੇਜ਼ ਹੁੰਦੀ ਹੈ ਜਾਂ ਸਰਕਾਰਾਂ ਪ੍ਰਬੰਧ ਕਰਨਗੀਆਂ ਜਿਸ ਨਾਲ ਨੌਜਵਾਨ ਵਰਗ ਮੁੜ ਤੋਂ ਆਪਣੇ ਮੁਲਕ ਵੱਲ ਮੂੰਹ ਕਰੇਗਾ। •

97810-48055

## ਪੱਤਰ ਹਰੇ ਕਚੂਰ

# ਸਮਾਜ ਸੇਵਾ ਨੂੰ ਸਮਰਪਿਤ ਸ਼ਾਇਰ



ਪਰਮਜੀਤ ਰਾਮਗੜ੍ਹੀਆ

ਸਾਹਿਤਕ ਵਿਧਾਵਾਂ ਤੇ ਸ਼ਿਲਪਕਲਾ ਦਾ ਮਾਹਿਰ ਪਰਮਜੀਤ ਹੋਰ ਅਨੇਕਾਂ ਬਹੁਕਲਾਵਾਂ ਦੇ ਧਾਰਨੀ ਹੈ। ਕਿੱਤੇ ਵਜੋਂ ਅਧਿਆਪਨ ਦੇ ਕਾਰਜ ਵਿਚ ਆਪਣੇ ਵਿਸ਼ੇ ਵਿਚ ਨਿਪੁੰਨ ਪਰਮਜੀਤ ਨੇ ਸਾਲ 2014 ਵਿਚ ਡਰਾਇੰਗ ਵਿਸ਼ੇ ਵਿਚ ਨਵੀਂ ਖੋਜ ਕਰਦਿਆਂ, ਇਸ ਵਿਸ਼ੇ ਦਾ ਸਿਲੇਬਸ ਬਣਾ ਸਭ ਨੂੰ ਅਚੰਭਿਤ ਕਰ ਦਿੱਤਾ। ਜਿਸ ਨੂੰ ਪੰਜਾਬ ਦੇ ਮਾਨਯੋਗ ਡੀਜੀਐੱਸਈ ਵੱਲੋਂ ਮਨਜ਼ੂਰ ਕੀਤਾ ਗਿਆ। ਆਲ ਇੰਡੀਆ ਰੇਡੀਓ ਜਲੰਧਰ, ਬਠਿੰਡਾ ਤੋਂ ਕਈ ਕਵੀ ਤੇ ਕਹਾਣੀ ਦਰਬਾਰਾਂ ਵਿਚ ਕਵਿਤਾ ਪਾਠ ਤੇ ਮਿੰਨੀ ਕਹਾਣੀਆਂ ਪੜ੍ਹੀਆਂ। ਪਰਮਜੀਤ ਦੀ ਮਿੰਨੀ ਕਹਾਣੀ 'ਸ਼ਿਕਾਰ' ਨੂੰ ਅੰਤਰਰਾਸ਼ਟਰੀ ਅਵਾਰਡ ਵੀ ਮਿਲਿਆ। ਉਸ ਦੀਆਂ ਰਚਨਾਵਾਂ ਵਿਚੋਂ ਮਨੁੱਖੀ ਦਰਦ ਆਪ-ਮੁਹਾਰੇ ਬੋਲਦਾ ਹੈ। ਉਹ ਆਪਮੇ ਤੋਂ ਗੱਲ ਸ਼ੁਰੂ ਕਰਕੇ ਪਰ ਦੇ ਦੁੱਖਾਂ-ਸੁੱਖਾਂ ਦੀ ਬਾਤ ਪਾਉਂਦਾ ਹੈਸ਼ ਪਰਮਦਾਤ ਦੇ ਕੰਮਾਂ ਨੂੰ ਦੇਖ ਦੇ ਹੋਏ ਪੰਜਾਬ ਸਰਕਾਰ ਨੇ ਸਾਲ 2014 ਵਿਚ ਸਟੇਟ ਅਵਾਰਡ ਨਾਲ ਨਾਲ ਸਨਮਾਨਿਆ। ਬੇਸ਼ੱਕ ਪਰਮਜੀਤ ਦੀ ਕਲਮ 1988 ਤੋਂ ਲਗਾਤਾਰ ਲਿਖ ਰਹੇ ਪਰਮਜੀਤ ਦੀਆਂ ਚਾਰ ਕਿਤਾਬਾਂ ਦਾ ਮੈਟਰ ਛਪਣ ਲਈ ਤਿਆਰ ਪਿਆ ਹੈ। ਉਸ ਦਾ ਇਕ ਕਾਵਿ ਸੰਗ੍ਰਹਿ 'ਮਘਦੇ ਹਰਫ਼' ਛਪ ਚੁੱਕਾ ਹੈ। ਜਿਸ ਦੀ ਪ੍ਰਸ਼ੰਸਾ ਸਾਹਿਤਕ ਖੇਤਰ ਵਿਚ ਹੋ ਚੁੱਕੀ ਹੈ। ਉਸ ਇਕ ਪਾਠਕ ਵਰਗ ਹੈ। ਆਉ ਮਾਣ ਦੇ ਹਾਂ ਉਸ ਦੀ ਰਚਨਾ ਦਾ ਅਨੰਦ।

• ਗੁਰਬਾਜ ਗਿੱਲ
98723-62507

## ਨਜ਼ਮਾਂ

### ਦੁਆ ਕਰਿਓ



ਦੁਆ ਕਰਿਓ ਪੰਜਾਬ ਮੇਰੇ 'ਚ ਸਭ ਸੁੱਖ ਹੋਵੇ,
ਫੁੱਲਾਂ ਦੇ ਵਾਂਗ ਮਹਿਕਾਂ ਵੰਡਦਾ ਹਰ ਮੁੱਖ ਹੋਵੇ।

ਦਿਓ ਸੁਨੇਹਾ ਜਨ ਨੂੰ ਕਿ ਸ਼ਾਂਤੀ ਬਣੀ ਰਹੇ,
ਟੁੱਟੇ ਨਾ ਕੋਈ ਕਹਿਰ ਅਜਿਹਾ ਕਿ ਦੁੱਖ ਹੋਵੇ।

ਕਲੀਆਂ ਵਰਗੇ ਕੋਮਲ ਰੂਪ ਰੱਬ ਦੇਵੇ ਬੱਚੇ,
ਇਨ੍ਹਾਂ ਬਾਝੋਂ ਸੁੰਨੀ ਨਾ ਕਿਸੇ ਮਾਂ ਦੀ ਕੁੱਖ ਹੋਵੇ।

ਫੁੱਲਾਂ ਤੋਂ ਬਿਨਾਂ ਬਗ਼ੀਚਾ ਵੀ ਕਦੇ ਸੋਹੇ ਨਾ,
ਰੋਹੀ ਵਿਚ ਇਕੱਲਾ ਕਦੇ ਨਾ ਕੋਈ ਰੁੱਖ ਹੋਵੇ।

ਹਰ ਕਾਮੇ ਦੇ ਜੀਅ ਨੂੰ ਮਿਲਦੀ ਹੋਵੇ ਰੋਟੀ,
ਗ਼ਰੀਬ ਦੀ ਮੌਤ ਕਦੇ ਨਾ ਉਸ ਦੀ ਭੁੱਖ ਹੋਵੇ।

ਕਈ ਦਿਨਾਂ ਤੋਂ ਪਤਾ ਨ੍ਹੀਂ ਕਿਉਂ ਅੱਖ ਫਰਕੇ,
ਰੱਬਾ ਦੁਆ ਹੈ ਦੁਸ਼ਮਣ ਘਰ ਵੀ ਸੁੱਖ ਹੋਵੇ।

ਪਰਮਾਤਮਾ ਕਦੇ ਨਾ ਐਸੀ ਹਨ੍ਹੇਰੀ ਝੁੱਲੇ,
ਕਿ ਅੰਮੜੀ ਦਾ ਸੀਨਾ ਕਿਸੇ ਵਜ੍ਹਾ ਕੋਈ ਦੁੱਖ ਹੋਵੇ।

ਸੁਖਵੀਰ ਘੁਮਾਣ ਦਿੜਬਾ

# ਜਾ ਆਖੀਂ ਮੇਰੇ ਢੋਲ ਸਿਪਾਹੀ ਨੂੰ



ਲੋਕ-ਗੀਤਾਂ ਦੀ ਯਾਤਰਾ ਮਨੁੱਖ ਦੀਆਂ ਮੂਲ-ਪ੍ਰਵਿਰਤੀਆਂ ਦੀ ਹੀ ਵਿਕਾਸ ਗਾਥਾ ਹੈ। ਪੁਰਾਤਨ ਹੋਣ ਦੇ ਬਾਵਜੂਦ ਵੀ ਲੋਕ-ਗੀਤ ਸਮੇਂ ਦੀ ਸੀਮਾਂ ਤੋਂ ਪਾਰਗਾਮੀ ਹੁੰਦੇ ਹਨ । ਲੋਕ ਗੀਤ ਦੀ ਵਿਸ਼ੇਸਤਾ ਇਹ ਹੁੰਦੀ ਹੈ ਕਿ ਇਹ ਲੋਕਾਂ ਦੇ ਬੁੱਲ੍ਹਾਂ 'ਤੇ ਸਹਿਜ ਸੁਭਾਅ ਯਾਤਰਾ ਕਰਦਾ ਰਹਿੰਦਾ ਹੈ। ਲੋਕ ਕਿੱਤੇ, ਲੋਕ ਸੰਸਕਾਰ, ਲੋਕ ਰਹੁ ਰੀਤਾਂ ਮਨੁੱਖੀ ਜ਼ਬਾਨ ਰਾਹੀਂ ਲੋਕ ਗੀਤਾਂ ਵਿਚ ਢਲ ਜਾਂਦੇ ਹਨ। ਹਰ ਸੱਭਿਆਚਾਰ, ਸੰਸਕ੍ਰਿਤੀ ਤੇ ਉਸ ਦੀ ਸਥਾਨਕ ਭਾਸ਼ਾ ਵਿਚ ਲੋਕ ਗੀਤ ਜਨਮ ਲੈਂਦੇ ਹਨ। ਲੋਕ ਗੀਤ ਲੋਕ ਜੀਵਨ ਦਾ ਝਰੋਖਾ ਹੁੰਦੇ ਹਨ ਜਿਸ ਵਿੱਚੋਂ ਸਮੁੱਚਾ ਲੋਕ ਜੀਵਨ ਨਜ਼ਰੀ ਪੈਂਦਾ ਹੈ। ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ 'ਪੰਜਾਬ ਦਾ ਲੋਕ ਕਾਵਿ ਤਾਂ ਹੈ ਹੀ ਉਨ੍ਹਾਂ ਅਣਗਿਣਤ ਅਗਿਆਤ ਕਵੀਆਂ ਦੀ ਕਿਰਤ ਜੋ ਕੁਦਰਤ ਦੀ ਗੋਦੀ ਵਿਚ ਜੰਮਦੇ ਪਲਦੇ ਤੇ ਪ੍ਰਵਾਨ ਚੜ੍ਹਦੇ ਰਹੇ। ਜੇ ਅਸੀਂ ਪੰਜਾਬ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਇਹ ਕਹਿਣਾ ਪਵੇਗਾ ਕਿ ਪੰਜਾਬੀ ਲੋਕ ਗੀਤਾਂ ਦਾ ਪਿੜ ਬਹੁਤ ਵੱਡਾ ਹੈ ਜਿਸ ਵਿੱਚੋਂ ਪੰਜਾਬੀ ਰਹਿਣ-ਸਹਿਣ ਅਤੇ ਪੰਜਾਬੀ ਸੱਭਿਆਚਾਰ ਦੇ ਝਲਕਾਰੇ ਡੁੱਲ-ਡੁੱਲ ਪੈਂਦੇ ਹਨ। ਪੰਜਾਬੀ ਲੋਕ ਗੀਤਾਂ ਵਿੱਚੋਂ ਪੰਜਾਬੀ ਲੋਕ ਕਿੱਤਿਆਂ ਦੇ ਨਾਲ-ਨਾਲ, ਪੰਛੀਆਂ ਪ੍ਰਤੀ ਪ੍ਰੇਮ ਦਾ ਜ਼ਿਕਰ ਵੀ ਵਿਸ਼ੇਸ ਤੌਰ 'ਤੇ ਮਿਲਦਾ ਹੈ। ਪੰਛੀਆਂ ਵਰਗੇ ਖੁੱਲ੍ਹੇ ਸੁਭਾਅ ਦੇ ਪੰਜਾਬੀ ਲੋਕ, ਲੋਕ ਗੀਤਾਂ ਦੀ ਭਾਸ਼ਾ ਰਹੀਂ ਪੰਛੀਆਂ ਨਾਲ ਸੰਵਾਦ ਰਚਾਉਂਦੇ ਹਨ। ਪੰਜਾਬੀ ਜਨ-ਜੀਵਨ ਵਿਚ ਪੰਛੀਆਂ ਨੂੰ ਜੀਵਨ ਦਾ ਇਕ ਅੰਗ ਅਤੇ ਦੁੱਖਾਂ-ਸੁੱਖਾਂ ਦਾ ਭਾਵੀਵਾਲ ਵੀ ਮੰਨਿਆਂ ਗਿਆ ਹੈ। ਪੰਛੀਆਂ ਦੀਆਂ ਅਨੇਕਾਂ ਪ੍ਰਜਾਤੀਆਂ ਵਿੱਚੋਂ ਕਾਂ ਨੇ ਪੰਜਾਬੀ ਲੋਕ ਗੀਤਾਂ ਵਿੱਚ ਜ਼ਿਕਰਯੋਗ ਥਾਂ ਮੱਲੀ ਹੋਈ ਹੈ। ਚੁਸਤ ਚਲਾਕ ਵਿਰਤੀ ਦਾ ਇਹ ਪੰਛੀ ਪੰਜਾਬੀ ਲੋਕ ਗੀਤਾਂ ਦੀ ਜ਼ਬਾਨ ਵਿਚ ਆਪਣੀ ਗਹਿਰੀ ਹੋਂਦ ਜਮਾਈਂ ਬੈਠਾ ਹੈ। ਹਮਲਾਵਰ ਅਤੇ ਚੁਸਤ-ਚਲਾਕ ਪ੍ਰਵਿਰਤੀ ਦਾ ਇਹ ਪੰਛੀ ਭਾਵੇਂ ਆਪਣੀਆਂ ਆਦਤਾਂ ਕਾਰਨ ਕੁਝ ਹੱਦ ਤਕ ਬਦਨਾਮ ਵੀ ਹੈ ਪਰ ਫਿਰ ਵੀ ਵੱਡੇ ਰੂਪ ਵਿਚ ਇਸ ਪੰਛੀ ਦੇ ਹਿੱਸੇ ਵਡਿਆਈਆਂ ਹੀ ਆਈਆਂ ਹਨ। ਪੰਜਾਬੀ ਸੱਭਿਆਚਾਰ ਵਿਚ ਕਾਂ ਦਾ ਬਨੇਰੇ 'ਤੇ ਬੋਲਣਾ ਸ਼ੁੱਭ ਸ਼ਗਨ ਮੰਨਿਆਂ ਜਾਂਦਾ ਹੈ। ਕਾਂ ਦਾ ਬਨੇਰੇ 'ਤੇ ਬੋਲਣ ਦੀ ਧਾਰਨਾਂ ਨੂੰ ਘਰ ਵਿਚ ਕਿਸੇ ਪ੍ਰਹੁਣੇ ਦੇ ਆਉਣ ਦਾ ਸੰਦੇਸ਼ ਮੰਨਿਆਂ ਜਾਂਦਾ ਹੈ। ਗੁਆਂਢੀਆਂ ਦੇ ਬਨੇਰੇ 'ਤੇ ਬੋਲਦੇ ਕਾਂ ਵੇਖ ਕੇ ਦੂਜੀ ਗੁਆਂਢਣ ਚਿੰਤਾਤੁਰ ਹੁੰਦੀ ਹੋਈ ਉਸ ਨੂੰ ਆਪਣੇ ਘਰ ਦੇ ਬਨੇਰੇ 'ਤੇ ਬੋਲਣ ਦਾ ਵਾਸਤਾ ਪਾਉਂਦੀ ਹੈ ਤਾਂ ਜੋ ਉਸ ਦੇ ਘਰ ਵੀ ਅੱਜ ਕਿਸੇ ਮਹਿਮਾਨ ਦੀ ਸੱਜਰੀ ਪੈੜ ਪੈ ਸਕੇ। ਇਸ ਦਾ ਵਰਨਣ ਇਸ ਤਰ੍ਹਾਂ ਮਿਲਦਾ ਹੈ :

ਕਦੇ ਸਾਡੇ ਵੀ ਬਨੇਰੇ ਉੱਤੇ ਬੋਲ ਵੇ
ਨਿੱਤ ਬੋਲਦੈਂ ਗੁਆਂਢੀਆਂ ਦੇ ਕਾਵਾਂ...

ਜਦੋਂ ਚਿੱਠੀ ਪੱਤਰ ਯੁੱਗ ਪੂਰਨ ਰੂਪ ਵਿਚ ਹੋਂਦ ਵਿਚ ਨਹੀਂ ਆਇਆ ਸੀ ਤਾਂ ਕਾਵਾਂ ਹੱਥ ਸੁਨੇਹੇ ਘੱਲ ਕੇ ਮਨ ਨੂੰ ਤਸੱਲੀ ਅਤੇ ਧਰਵਾਸ ਦਿੱਤਾ ਜਾਂਦਾ ਸੀ ਕਿਉਂਕਿ ਕਾਂ ਨੂੰ ਚੰਗਾ ਸੰਦੇਸ਼ ਵਾਹਕ ਪੰਛੀ ਮੰਨਿਆਂ ਜਾਂਦਾ ਰਿਹਾ ਹੈ। ਇਸ ਕਰਕੇ ਆਪਣੇ ਮਾਹੀ ਦੀ ਉਡੀਕ ਵਿਚ ਝੱਲੀ ਹੋਈ ਮੁਟਿਆਰ ਅੱਖੀਆਂ ਤੋਂ ਦੂਰ ਵਸਦੇ ਮਾਹੀ ਨੂੰ ਮਿਲਣ ਦੀ ਤਾਂਘ ਵਿਚ ਕਾਵਾਂ ਨੂੰ ਵਾਸਤੇ ਪਾਉਂਦੀ ਹੋਈ ਕਹਿੰਦੀ ਕਿ ਜੇ ਉਹ ਮੇਰੇ ਮਾਹੀ ਤਕ ਮੇਰੀ ਵੇਦਨਾ ਭਰੀ ਉਡੀਕ ਦਾ ਸੁਨੇਹਾਂ ਲੈ ਜਾਵੇ ਤਾਂ ਉਹ ਸ਼ੁਕਰਾਨੇ ਵਜੋਂ ਉਸ ਦੀ ਚੁੰਝ ਸੋਨੇ ਵਿਚ ਮੜ੍ਹਾ ਦੇਵੇਗੀ ਅਤੇ ਸੇਵਾ ਵਜੋਂ ਉਸ ਨੂੰ ਦੇਸੀ ਘਿਓ ਦੀ ਚੂਰੀ ਵੀ ਖਾਣ ਲਈ ਦੇਵੇਗੀ। ਉਡੀਕ ਦੀ ਵੇਦਨਾ ਵਿੱਚੋਂ ਇਹ ਬੋਲ ਜ਼ਬਾਨ ਤੇ ਆਏ :

ਚੁੰਝ ਤੇਰੀ ਵੇ ਕਾਲਿਆ ਕਾਵਾਂ
ਸੋਨੇ ਨਾਲ ਮੜ੍ਹਾਵਾ
ਜਾ ਆਖੀਂ ਮੇਰੇ ਢੋਲ ਸਿਪਾਹੀ ਨੂੰ
ਨਿੱਤ ਮੈਂ ਔਂਸੀਆਂ ਪਾਵਾਂ
ਖ਼ਬਰਾਂ ਲਿਆ ਕਾਵਾਂ
ਤੈਨੂੰ ਘਿਓ ਦੀ ਚੂਰੀ ਪਾਵਾਂ...

ਸਹੁਰੇ ਘਰ ਵਿਆਹ ਕੇ ਆਈ ਮੁਟਿਆਰ ਦੇ ਮੋਹ ਦੀਆਂ ਤੰਦਾ ਹਮੇਸ਼ਾ ਆਪਣੇ ਮਾਂ, ਪਿਓ ਅਤੇ ਭਰਾਵਾਂ ਦੇ ਪਿਆਰ ਨਾਲ ਜਕੜੀਆਂ ਰਹਿੰਦੀਆਂ ਹਨ। ਸਹੁਰਿਆਂ ਦੇ ਘਰ ਪੇਕੇ ਘਰ ਦੀ ਯਾਦ ਮੁਟਿਆਰ ਦੇ ਕਲੇਜੇ ਖੋਹ ਜਿਹੀ ਪਾਉਂਦੀ ਰਹਿੰਦੀ ਹੈ। ਮਾਂ ਪਿਓ ਅਤੇ ਭਰਾਵਾਂ ਨੂੰ ਮਿਲਣ ਦੀ ਤਾਂਘ ਹਮੇਸ਼ਾ ਉਸ ਦੇ ਮਨ ਵਿਚ ਉੱਸਲਵੱਟੇ ਲੈਂਦੀ ਰਹਿੰਦੀ ਹੈ ਪਰ ਸਹੁਰੇ ਘਰ ਅਤੇ ਪੇਕੇ ਘਰ ਵਿਚਲਾ ਫ਼ਾਸਲਾਂ ਉਸ ਨੂੰ ਸਰ ਕਰਨਾਂ ਔਖਾ ਪ੍ਰਤੀਤ ਹੁੰਦਾ ਹੈ। ਕੋਈ ਵੱਸ ਨਾਂ ਚਲਦਾ ਦੇਖ ਕੇ ਉਸ ਨੂੰ ਕਾਂ ਤੋਂ ਆਸ ਦੀ ਕਿਰਨ ਦਿਖਾਈ ਦਿੰਦੀ ਹੈ ਜੋ ਉਸ ਦਾ ਸੁਨੇਹਾ ਨੂੰ ਉਸ ਦੇ ਪੇਕਿਆਂ ਦੇ ਘਰ ਪਹੁੰਚਾ ਸਕਦਾ ਹੈ। ਭਾਵੇਂ ਕਿ ਪੰਛੀਆਂ ਦੀ ਭਾਸ਼ਾ ਦਾ ਮਨੁੱਖਾ ਦੀ ਭਾਸ਼ਾ ਨਾਲ ਕੋਈ ਮੇਲ ਨਹੀਂ ਪਰ ਕਾਂ ਨਾਲ ਰਚਾਇਆਂ ਸੰਵਾਦ ਮਨ ਨੂੰ ਤਸੱਲੀ ਜ਼ਰੂਰ ਦੇ ਜਾਂਦਾ ਹੈ।

ਉੱਡਦਾ-ਉੱਡਦਾ ਜਾਈਂ ਵੇ ਕਾਲਿਆ ਕਾਵਾਂ
ਬੈਠੀ ਜਾ ਕੇ ਮੇਰੇ ਮਾਪਿਆਂ ਦੇ ਵਿਹੜੇ
ਆਖੀਂ ਵੇ ਜਾ ਕੇ ਮੇਰੀ ਮਾਂ ਨੂੰ ਵੇ ਅੜਿਆ। •

98155-90209

ਬਲਵੀਰ ਮੰਨਣ



# ਬੜਾ ਯਾਦ ਆਉਂਦੀਆਂ ਬਾਪੂ ਦੀਆਂ ਗੱਲਾਂ

ਬੱਚੇ ਦੇ ਸਿਰ 'ਤੇ ਬਾਪੂ ਦਾ ਹੋਣਾ ਕਾਦਰ ਵੱਲੋਂ ਬਖ਼ਸ਼ੀ ਬਹੁਤ ਵੱਡੀ ਦਾਤ ਹੈ। ਉਹ ਬਾਪੂ, ਜਿਹੜਾ ਬੱਚੇ ਦੇ ਸਾਰੇ ਫ਼ਿਕਰ ਆਪਣੇ ਸਿਰ ਲੈ ਲੈਂਦਾ ਹੈ। ਉਹ ਬਾਪੂ, ਜਿਹੜਾ ਬੱਚੇ ਦੇ ਦਸੀਂ ਦਿਸ਼ਾਵੀਂ ਨਿਗ੍ਹਾ ਰੱਖਦਾ, ਉਸ ਵੱਲ ਤੱਕਣ ਵਾਲੀ ਮੁਸੀਬਤ ਨੂੰ ਬੱਚੇ 'ਤੇ ਆਉਣ ਤੋਂ ਪਹਿਲਾਂ ਹੀ ਮੁਕਾ ਛੱਡਦਾ ਹੈ। ਜਦਕਿ ਬੱਚੇ ਨੂੰ ਇਸ ਬਾਰੇ ਰਤਾ ਭਰ ਇਲਮ ਵੀ ਨਹੀਂ ਹੁੰਦਾ। ਬਾਪੂ ਬੱਚਿਆਂ ਦੇ ਸਿਰ 'ਤੇ ਬੋਹੜ ਦੀ ਛਾਂ ਜਿਹਾ ਹੁੰਦਾ ਹੈ। ਉਹ ਬਾਪੂ, ਜਿਸ ਦੇ ਸਿਰ 'ਤੇ ਬੱਚਿਆਂ ਨੂੰ ਰਤਾ ਵੀ ਫ਼ਿਕਰ ਨਹੀਂ ਹੁੰਦਾ। ਉਹ ਬਾਪੂ, ਜਿਸ ਦੇ ਤੁਰ ਜਾਣ 'ਤੇ ਹੀ ਉਸ ਦੀ ਹੋਂਦ ਦੀ ਕੀਮਤ ਨੂੰ ਸਮਝ ਆਉਂਦਾ ਹੈ। ਹਾਂ! ਮੇਰਾ ਬਾਪੂ ਵੀ ਇਵੇਂ ਦਾ ਸੀ। ਉਹ ਦਰਮਿਆਨੇ ਸਰੀਰ ਤੇ ਕੱਦ ਵਾਲਾ। ਕੰਮ 'ਤੇ ਜਾਣ ਤੋਂ ਪਹਿਲਾਂ ਨਹਾ-ਧੋ ਕੇ ਖੱਬੇ ਪਾਸਿਓਂ ਸੱਜੇ ਨੂੰ ਵਾਲ ਵਾਹ ਕੇ, ਧਰਤੀ 'ਤੇ ਬਹਿ ਰੋਟੀ ਖਾਣ ਵਾਲਾ। ਦਾਲ਼ ਦੇ ਵਿਚ ਦਹੀਂ ਮਿਲਾ ਕੇ, ਉਸ ਨਾਲ ਰੋਟੀ ਖਾਣੀ ਉਹਨੂੰ ਬੜੀ ਪਸੰਦ ਸੀ। ਇਕ ਪਾਸੇ ਪੈਂਤੀ ਕਿਲੋਮੀਟਰ ਸਫ਼ਰ ਸਾਈਕਲ 'ਤੇ ਤੈਅ ਕਰ ਕੇ ਜਾਂਦਾ ਹੁੰਦਾ ਸੀ ਬਾਪੂ ਆਪਣੀ ਡਿਊਟੀ ਉੱਤੇ। ਤਿੰਨ ਭਰਾ ਸਾਂ ਅਸੀਂ ਤੇ ਮੈਂ ਚਾਰ ਸਾਲ ਦਾ ਸੀ ਓਦੋਂ, ਜਦੋਂ ਮੇਰੀ ਮਾਂ ਮਰ ਗਈ। ਵੱਡਾ ਭਾਈ ਸੱਤਾਂ ਦਾ ਤੇ ਛੋਟਾ ਦੋ ਸਾਲ ਦਾ। ਬਾਪੂ ਦੀ ਉਮਰ ਉਦੋਂ ਬਹੁਤੀ ਨਹੀਂ ਸੀ, ਜੁਆਨ ਸੀ ਉਹ। ਲੋਕਾਂ ਨੇ ਬਥੇਰਾ ਕਿਹਾ ਕਿ ਵਿਆਹ ਕਰਵਾ ਲੈ, ਨੌਕਰੀ ਕਰਦਾ ਹੈਂ ਪਰ ਨਹੀਂ ਕਰਵਾਇਆ। ਮਨ ਅੰਦਰ ਤੌਖ਼ਲਾ ਸੀ, 'ਕਿਤੇ ਮਤਰੇਈ ਦੇ ਆਇਆਂ ਮੇਰੇ ਬੱਚੇ ਰੁਲ਼ ਨਾ ਜਾਣ।' ਕੀ ਜਤੀ-ਸਤੀ ਏਦਾਂ ਦੇ ਮਨੁੱਖਾਂ ਤੋਂ ਇਲਾਵਾ ਕੋਈ ਹੋਰ ਹੁੰਦੇ ਨੇ? ਸਾਨੂੰ ਤਿਆਰ ਕਰਨਾ। ਚੁੱਲ੍ਹੇ 'ਤੇ ਰੋਟੀ ਪਕਾਉਣੀ। ਸਾਡੇ ਸਿਰ ਨੂੰ ਤੇਲ ਲਾ ਕੇ ਵਾਲਾ ਵਿੱਚੋਂ ਖੱਬੇ ਪਾਸਿਓਂ ਚੀਰ ਕੱਢਣਾ। ਸਕੂਲ ਭੇਜਣਾ। ਪਿੱਛੇ ਨਿਗ੍ਹਾ ਰੱਖਣੀ ਕਿ ਸਕੂਲ ਜਾਂਦੇ ਵੀ ਆ। ਜੇ ਅਸੀਂ ਅਵੇਸਲੇ ਹੋ ਜਾਣਾ ਤਾਂ ਝਿੜਕਣਾ ਵੀ। ਅੱਜ ਇਹ ਅੱਖਰ ਲਿਖਦਿਆਂ ਬਾਪੂ ਦੀ ਘਾਲਣਾ ਇਨ੍ਹਾਂ ਅੱਖਰਾਂ ਦੀ ਬਣ ਰਹੀ ਬਣਤਰ ਮਗਰ ਉੱਘੜਦੀ ਦਿਖਾਈ ਦੇ ਰਹੀ ਹੈ। ਬਾਪੂ ਤੋਂ ਬਿਨਾਂ ਬੰਦਾ ਕਾਸ ਜੋਗਾ ਹੈ? ਕਦੇ-ਕਦੇ ਸਾਨੂੰ ਆਪਣੇ ਨਾਲ ਕੰਮ 'ਤੇ ਲੈ ਜਾਣਾ, ਵਾਰੀ-ਵਾਰੀ। ਬਾਪੂ ਦੇ ਸਾਈਕਲ ਦੇ ਮੂਹਰਲੇ ਡੰਡੇ 'ਤੇ ਬੈਠਿਆਂ ਜੋ ਨਜ਼ਾਰਾ ਆਉਂਦਾ ਸੀ, ਉਹ ਹੁਣ ਗੱਡੀਆਂ ਵਿਚ ਫਿਰਦਿਆਂ ਵੀ ਨਹੀਂ ਆਉਂਦਾ। ਦੇਰ ਤਕ ਸਾਈਕਲ ਦੇ ਡੰਡੇ 'ਤੇ ਬੈਠਿਆਂ ਥੱਕ ਵੀ ਜਾਣਾ। ਫਿਰ ਬਾਪੂ ਨੇ ਕੁਝ ਦੇਰ ਰੁਕ ਜਾਣਾ। ਰਾਹ ਵਿੱਚੋਂ ਕੁਝ ਖਵਾਉਣਾ। ਸਾਨੂੰ ਤਿੰਨਾਂ ਭਰਾਵਾਂ ਨੂੰ ਨਵੇਂ ਕੱਪੜੇ ਲੈ ਕੇ ਦੇਣੇ। ਸਾਡਾ ਮੇਚਾ (ਨਾਪ) ਲੈਣ ਦਾ ਬਾਪੂ ਦਾ ਢੰਗ ਅਲਹਿਦਾ ਹੀ ਸੀ। ਲੱਕ ਤੋਂ ਲੈ ਕੇ ਗਿੱਟੇ ਤੱਕ ਸੇਬੇ (ਪਟਸਨ ਦੀ ਪਤਲੀ ਰੱਸੀ) ਨਾਲ ਮੇਚਾ ਲੈਣਾ ਤੇ ਉਸ ਸੇਬੇ ਨੂੰ ਕੱਟ ਲੈਣਾ। ਇਸੇ ਤਰ੍ਹਾਂ ਝੱਗੇ (ਕਮੀਜ਼) ਦਾ ਮਾਪ ਲੈਣ ਲਈ ਮੋਢਿਆਂ ਦੇ ਵਿਚਕਾਰੋਂ ਲੈ ਕੇ ਲੰਬਾਈ ਅਨੁਸਾਰ ਸੇਬਾ ਕੱਟ ਲੈਣਾ। ਤਿੰਨਾਂ ਭਰਾਵਾਂ ਦਾ ਇਸੇ ਤਰ੍ਹਾਂ ਨਾਪ ਲੈ ਕੇ ਸੇਬੇ ਅਲੱਗ-ਅਲੱਗ ਸਾਂਭ ਲੈਣੇ ਤੇ ਤ੍ਰਿਕਾਲ਼ਾਂ ਨੂੰ ਪੂਰੇ ਮੇਚੇ ਦੇ ਨਵੇਂ ਕੱਪੜੇ ਆ ਜਾਣੇ। ਅਸਾਂ ਪਾ ਬੜੇ ਖ਼ੁਸ਼ ਹੋਣਾ। ਦੂਜੇ ਦਿਨ ਸਕੂਲ ਵਿਚ ਦੱਸਦੇ ਫਿਰਨਾ, 'ਇਹ ਕੱਪੜੇ ਕੱਲ੍ਹ ਮੇਰੇ ਡੈਡੀ ਨੇ ਨਵੇਂ ਲਿਆ ਕੇ ਦਿੱਤੇ ਆ।' ਬੜੀ ਘਾਲਣਾ ਘਾਲ਼ੀ ਉਸ ਨੇ ਸਾਡੇ ਲਈ। ਸਾਰੀ ਉਮਰ ਸਖ਼ਤ ਕਮਾਈ ਕਰਦਿਆਂ, ਹੁਣ ਉਸ ਨੇ ਸੁੱਖ ਦਾ ਸਾਹ ਲੈਣਾ ਸੀ। ਹੁਣ ਅਸੀਂ ਜਵਾਨ ਹੋ ਗਏ, ਵਿਆਹੇ ਗਏ, ਕੰਮਾਂ-ਕਾਰਾਂ 'ਤੇ ਲੱਗ ਗਏ। ਬਾਪੂ ਪੋਤਿਆਂ-ਪੋਤੀਆਂ ਵਾਲ਼ਾ ਹੋ ਗਿਆ ਸੀ ਪਰ ਹੋਣੀ ਨੂੰ ਕੁਛ ਹੋਰ ਹੀ ਮਨਜ਼ੂਰ ਸੀ। ਘਰੋਂ ਚਲੇ ਗਏ ਨੂੰ ਤੇਰਾਂ ਸਾਲ ਹੋ ਗਏ ਆ। ਮੁੜ ਕੋਈ ਹਾਲ ਨਹੀਂ ਦੱਸਿਆ ਆਪਣਾ। ਛੋਟੇ ਭਰਾ ਨੂੰ ਇਕ ਝੂਠੇ ਕੇਸ ਵਿਚ ਸਜ਼ਾ ਹੋ ਗਈ ਸੀ ਛੇ ਸਾਲ ਦੀ। ਬਾਪੂ ਕਿੰਝ ਝੱਲ ਸਕਦਾ ਸੀ ਆਪਣੇ ਪੁੱਤ ਦਾ ਵਿਛੋੜਾ। ਛੇ ਸਾਲ ਦਾ ਲੰਮਾ ਅਰਸਾ, ਜੇਲ੍ਹ ਦਾ। ਕਿਵੇਂ ਜਰ ਸਕਦਾ ਸੀ ਬਾਪੂ, ਜਿਹਨੇ ਆਪਣੇ ਛੋਟੇ ਪੁੱਤ ਨੂੰ, ਜਿਹੜਾ ਮਾਂ ਮਰੀ ਵੇਲੇ ਦੋ ਸਾਲ ਦਾ ਸੀ, ਜਿਹਨੂੰ ਬਾਪੂ ਨੇ ਢਿੱਡ 'ਤੇ ਪਾ-ਪਾ ਕੇ ਸੁਲਾਇਆ ਸੀ। ਬਾਪੂ ਤੋਂ ਇਹ ਸਦਮਾ ਸਹਿਆ ਨਹੀਂ ਗਿਆ। ਉਹ ਘਰੋਂ ਚਲਾ ਗਿਆ ਤੇ ਮੁੜ ਕਦੇ ਨਹੀਂ ਪਰਤਿਆ। ਕੀ ਰੱਬ ਇੰਨੇ ਦੁੱਖ ਵੀ ਲਿਖ ਦਿੰਦੈਂ ਕਿਸੇ ਦੀ ਜ਼ਿੰਦਗੀ ਵਿੱਚ? ਆਪ ਦੁੱਖ ਝੱਲਦਾ ਤੇ ਸਾਨੂੰ ਸੁੱਖ ਦਿੰਦਾ ਬਾਪੂ ਬਿਨਾਂ ਕੋਈ ਮੁੱਲ ਲਿਆ ਸਾਡੇ ਕੋਲੋਂ ਪਰ੍ਹਾਂ ਹੋ ਗਿਆ। ਲੱਭਦੇ ਰਹੇ ਆਂ, ਹੁਣ ਵੀ ਲੱਭਦੇ ਆਂ ਪਰ ਕਦੇ ਕੋਈ ਸੁਘ ਨਹੀਂ ਲੱਗੀ। ਜਿਊਣ ਜੋਗਿਓ! ਸਾਂਭ ਲਓ ਆਪਣੇ ਬਾਪੂ ਨੂੰ! ਇਹ ਜੇ ਇਹ ਕਿੱਧਰੇ ਤੁਰ ਗਿਆ ਤਾਂ ਮੁੜ ਪਰਤ ਕੇ ਨਹੀਂ ਆਉਣਾ ਇਸ ਨੇ। •

94173-45485

ਮਨਪ੍ਰੀਤ ਕੌਰ ਮਿਨਹਾਸ

# ਹੁੰਦੇ ਨਹੀਂ ਗੰਵਾਰ ਪੰਜਾਬੀ ਬੋਲਣ ਵਾਲੇ



ਪੰਜਾਬ ਵਿਚ ਮਾਂ ਬੋਲੀ ਦੇ ਨਿਰਾਦਰ ਦਾ ਵਿਸ਼ਾ ਬਹੁਤ ਹੀ ਸੰਜੀਦਾ ਅਤੇ ਵਿਚਾਰਨਯੋਗ ਬਣਦਾ ਜਾ ਰਿਹਾ ਹੈ। ਅਕਸਰ ਸਾਹਿਤਕ ਪਿੜਾਂ ਵਿਚ ਇਹ ਮਸਲਾ ਗਰਮਾਇਆ ਰਹਿੰਦਾ ਹੈ ਕਿਉਂਕਿ ਅੱਜ ਦੀ ਨੌਜਵਾਨ ਪੀੜ੍ਹੀ ਪੰਜਾਬੀ ਭਾਸ਼ਾਂ ਤੋਂ ਮੁੱਖ ਮੋੜ ਰਹੀ ਹੈ। ਠੇਠ ਪੰਜਾਬੀ ਬੋਲਣ ਵਾਲੇ ਨੂੰ ਗੰਵਾਰ ਜਾਂ ਪੇਂਡੂ ਦਾ ਦਰਜਾ ਦਿੱਤਾ ਜਾਂਦਾ ਹੈ। ਭਾਸ਼ਾ ਕੋਈ ਵੀ ਮਾੜੀ ਨਹੀਂ ਹੁੰਦੀ ਕਿਉਂਕਿ ਜਿੰਨੀਆਂ ਭਾਸ਼ਾਵਾਂ ਬਾਰੇ ਤੁਹਾਨੂੰ ਗਿਆਨ ਹੋਵੇਗਾ ਓਨਾ ਹੀ ਤੁਹਾਡੀ ਸ਼ਖ਼ਸੀਅਤ ਵਿਚ ਨਿਖਾਰ ਆਵੇਗਾ ਪਰ ਆਪਣੀ ਮਾਂ ਬੋਲੀ ਨੂੰ ਪਿੱਛੇ ਸੁੱਟ ਕੇ ਦੂਜੀਆਂ ਭਾਸ਼ਾਵਾਂ ਨੂੰ ਮੋਹਰੀ ਬਣਾਉਣਾ ਵੀ ਗ਼ਲਤ ਹੈ। ਲੱਖ ਚਾਚੀਆਂ-ਤਾਈਆਂ ਹੋਣ ਪਰ ਮਾਂ ਤਾਂ ਮਾਂ ਹੀ ਹੁੰਦੀ ਹੈ।

ਇਸ ਵਰਤਾਰੇ ਵਿਚ ਕਿਸੇ ਵੀ ਇਨਸਾਨ ਦਾ ਬਚਪਨ ਬਹੁਤ ਅਹਿਮੀਅਤ ਰੱਖਦਾ ਹੈ। ਅੱਜ ਮਹਿੰਗੇ ਪ੍ਰਾਈਵੇਟ ਸਕੂਲਾਂ ਦੀ ਮਾਸੂਮ ਬੱਚਿਆਂ ਨੂੰ ਅੰਗਰੇਜ਼ ਬਣਾਉਣ ਦੀ ਦੌੜ ਵਿਚ ਉਨ੍ਹਾਂ ਨੂੰ ਮਾਂ-ਬੋਲੀ ਨਾਲੋਂ ਜ਼ਬਰਦਸਤ ਤਰੀਕੇ ਨਾਲ ਤੋੜਿਆ ਜਾ ਰਿਹਾ ਹੈ। ਇਨ੍ਹਾਂ ਸਕੂਲਾਂ ਨੇ ਤਾਂ ਸਹੁੰ ਖਾਧੀ ਹੋਈ ਹੈ ਕਿ ਬੱਚਿਆਂ ਨੂੰ ਦੇਸੀ ਅੰਗਰੇਜ਼ ਬਣਾ ਕੇ ਹੀ ਛੱਡਣਾ ਹੈ। ਇਸ ਲਈ ਸਕੂਲਾਂ ਵਿਚ ਪੰਜਾਬੀ ਬੋਲਣ ਦੀ ਸਖ਼ਤ ਮਨਾਹੀ ਹੈ। ਇਨ੍ਹਾਂ ਸਕੂਲਾਂ ਵਿਚ ਜ਼ਬਰਦਸਤੀ ਅੰਗਰੇਜ਼ੀ ਥੋਪੀ ਜਾਂਦੀ ਹੈ ਅਤੇ ਨਾ ਬੋਲਣ 'ਤੇ ਜ਼ੁਰਮਾਨਾ ਵੀ ਲਾਇਆ ਜਾਂਦਾ ਹੈ। ਮਾਪੇ ਅਧਿਆਪਕ ਮਿਲਣੀ 'ਤੇ ਵੀ ਇਹੀ ਰਾਗ ਅਲਾਪਿਆ ਜਾਂਦਾ ਹੈ ਕਿ ਘਰ ਬੱਚਿਆ ਨਾਲ ਅੰਗਰੇਜ਼ੀ ਵਿਚ ਹੀ ਗੱਲ ਕੀਤੀ ਜਾਵੇ। ਕਈ ਬਹੁਤ ਹੀ ਸਮਝਦਾਰ ਮਾਪੇ ਘਰ ਆ ਕੇ ਵੀ ਬੱਚਿਆ ਨੂੰ ਪੰਜਾਬੀ ਬੋਲਣ ਨਹੀਂ ਦਿੰਦੇ ਅਤੇ ਆਪ ਵੀ ਉਨ੍ਹਾਂ ਨਾਲ ਮਿਲਗੋਭਾ ਹਿੰਦੀ-ਅੰਗਰੇਜ਼ੀ ਵਿਚ ਗੱਲ ਕਰਨਗੇ। ਅੰਗਰੇਜ਼ੀ ਕੋਈ ਮਾੜੀ ਨਹੀਂ ਕਿਉਂਕਿ ਇਹ ਅੰਤਰ ਰਾਸ਼ਟਰੀ ਭਾਸ਼ਾ ਹੈ, ਜੋ ਬਾਕੀ ਦੁਨੀਆ ਵਿਚ ਵਿਚਰਦਿਆਂ ਸੰਚਾਰ ਦਾ ਮਾਧਿਅਮ ਬਣੇਗੀ ਪਰ ਮਾਂ ਬੋਲੀ ਵਿਚ ਮੁਹਾਰਤ ਉਸ ਤੋਂ ਵੀ ਜ਼ਰੂਰੀ ਹੈ। ਅੱਜ ਆਲਮ ਇਹ ਹੈ ਕਿ ਪਿੰਡਾਂ ਵਿਚ ਰਹਿਣ ਵਾਲੇ ਪ੍ਰਾਈਵੇਟ ਸਕੂਲਾਂ ਵਿਚ ਵੱਡੀਆਂ ਕਲਾਸਾਂ ਵਿਚ ਪੜ੍ਹਨ ਵਾਲੇ 50 ਤਕ ਪੰਜਾਬੀ ਦੀ ਗਿਣਤੀ ਨਹੀਂ ਜਾਣਦੇ 100 ਤਾਂ ਬਹੁਤ ਦੂਰ ਦੀ ਗੱਲ ਹੈ ਪਰ ਦੂਜੇ ਪਾਸੇ ਅੰਗਰੇਜ਼ੀ ਦੀ ਗਿਣਤੀ ਐੱਲਕੇਜੀ ਵਾਲਾ ਵੀ ਰੱਟੀ ਫਿਰਦਾ ਹੈ। ਛੋਟੀ ਪਨੀਰੀ ਤਾਂ ਅੰਗਰੇਜ਼ੀ ਦੀਆਂ ਕਵਿਤਾਵਾਂ ਸੁਣਾਉਂਦੇ ਅੰਗਰੇਜ਼ਾ ਦੇ ਜੁਆਕਾਂ ਨੂੰ ਵੀ ਮਾਤ ਪਾਉਂਦੀ ਹਨ। ਇਸ ਦਾ ਕਾਰਣ ਇਹ ਹੈ ਕਿ ਅੰਗਰੇਜ਼ੀ ਵਿਸ਼ਾ ਮੁੱਢਲੀਆਂ ਕਲਾਸਾਂ (ਨਰਸਰੀ, ਐੱਲਕੇਜੀ) ਵਿਚ ਸ਼ੁਰੂ ਕਰ ਦਿੱਤਾ ਜਾਂਦਾ ਹੈ ਪਰ ਪੰਜਾਬੀ ਨੂੰ ਪਹਿਲੀ ਜਾਂ ਦੂਜੀ ਕਲਾਸ ਵਿਚ ਸ਼ੁਰੂ ਕੀਤਾ ਜਾਂਦਾ ਹੈ। ਅੱਜ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਨ ਵਾਲੇ ਜ਼ਿਆਦਾਤਰ ਸ਼ਹਿਰੀ ਬੱਚੇ ਬਾਕੀ ਵਿਸ਼ਿਆ ਵਿਚ ਤਾਂ ਕਾਰਗੁਜ਼ਾਰੀ ਬਹੁਤ ਵਧੀਆ ਦਿਖਾਉਂਦੇ ਹਨ ਪਰ ਪੰਜਾਬੀ ਵਿਸ਼ੇ ਵਿਚ ਉਹ ਲਗਾਤਾਰ ਪਛੜ ਰਹੇ ਹਨ। ਉਨ੍ਹਾਂ ਨੂੰ ਪੰਜਾਬੀ ਔਖੀ ਲੱਗਦੀ ਹੈ। ਨਾ ਤਾਂ ਸਕੂਲ ਅਤੇ ਨਾ ਹੀ ਮਾਪੇ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਜ਼ਿਆਦਾਤਰ ਵਿਦਿਆਰਥੀ ਸ਼ੁੱਧ ਪੰਜਾਬੀ ਲਿਖ ਹੀ ਨਹੀਂ ਸਕਦੇ। ਇਸ ਲਈ ਮਾਪਿਆ ਨੂੰ ਖ਼ੁਦ ਹੀ ਬੱਚਿਆਂ ਨੂੰ ਘਰ ਪੰਜਾਬੀ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਨਾਲ ਸ਼ੁੱਧ ਪੰਜਾਬੀ ਵਿਚ ਗੱਲ ਕਰੋ। ਬੱਚਿਆਂ ਨੂੰ ਪੰਜਾਬੀ ਸਾਹਿਤ ਪੜ੍ਹਨ ਦੀ ਆਦਤ ਪਾਓ। ਘਰ ਵਿਚ ਪੰਜਾਬੀ ਅਖ਼ਬਾਰ ਜ਼ਰੂਰ ਲਗਵਾਓ, ਸਿਰਫ਼ ਕਾਰਟੂਨਾਂ ਨਾਲ ਹੀ ਉਨ੍ਹਾਂ ਦਾ ਟਾਇਮ ਪਾਸ ਨਾ ਕਰਾਓਪਰਵਾਸੀ ਪੰਜਾਬੀਆਂ ਤੋਂ ਕੁਝ ਸਿੱਖੋ ਜਿਨ੍ਹਾਂ ਨੇ ਵਿਦੇਸ਼ਾ ਵਿਚ ਵਸਣ ਦੇ ਬਾਵਜੂਦ ਆਪਣੀ ਮਾਂ-ਬੋਲੀ ਦੇ ਵਜੂਦ ਨੂੰ ਨਹੀਂ ਵਿਸਾਰਿਆ ਅਤੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਰਗੇ ਮੁਲਕਾਂ ਵਿਚ ਵੀ ਮਾਂ-ਬੋਲੀ ਨੂੰ ਵਿਸ਼ੇਸ਼ ਦਰਜਾ ਦੁਆਇਆ ਹੈ। ਆਪਣੀ ਭਵਿੱਖੀ ਨਸਲ ਦੀ ਵੀ ਪੰਜਾਬੀ ਬੋਲੀ, ਆਪਣੇ ਧਰਮ ਅਤੇ ਸੱਭਿਆਚਾਰ ਨਾਲ ਨਿੱਘੀ ਸਾਂਝ ਪੁਆਈ ਹੈ। ਹੋਰ ਤਾਂ ਹੋਰ ਅੰਗਰੇਜ਼ਾਂ ਨੂੰ ਵੀ ਆਪਣੇ ਰੰਗ ਵਿਚ ਰੰਗਿਆ ਹੈ ਅਤੇ ਆਪਣੀ ਮਾਂ-ਬੋਲੀ ਨੂੰ ਵਿਦੇਸ਼ਾਂ ਵਿਚ ਵੀ ਮਾਣ ਬਖ਼ਸ਼ਿਆ ਹੈ। ਵਿਦੇਸ਼ਾ ਵਿਚ ਬੈਠੇ ਵੀ ਉਹ ਪੰਜਾਬੀ ਅਖ਼ਬਾਰ ਅਤੇ ਮੈਗਜ਼ੀਨ ਛਾਪ ਕੇ ਇਸ ਦੀ ਸੇਵਾ ਕਰ ਰਹੇ ਹਨ ਪਰ ਅਸੀਂ ਆਪਣੇ ਘਰ ਵਿਚ ਹੀ ਆਪਣੀ ਮਾਂ-ਬੋਲੀ ਦੀ ਬੇਕਦਰੀ ਕੀਤੀ ਪਈ ਹੈ ਪਤਾ ਨਹੀਂ ਕਿਉਂ ਅਸੀਂ ਆਪਣੇ ਬੱਚਿਆਂ ਨੂੰ ਦੇਸੀ ਅੰਗਰੇਜ਼ ਬਣਾਉਣ 'ਤੇ ਜ਼ੋਰ ਲਾਇਆ ਪਿਆ ਹੈ। ਆਪਾਂ ਤਾਂ ਵੈਸੇ ਕੋਈ ਯੂਪੀ, ਬਿਹਾਰ ਵਾਲੇ ਲੋਕ ਜਾਂ ਕੰਮ ਵਾਲੀਆਂ ਨੂੰ ਵੀ ਏਨਾ ਮਾਣ ਬਖ਼ਸ਼ਦੇ ਹਾਂ ਕਿ ਝੱਟ ਆਪਣੀ ਬੋਲੀ ਛੱਡ ਕੇ ਉਨ੍ਹਾਂ ਨਾਲ ਗੁਲਾਬੀ ਹਿੰਦੀ ਵਿਚ ਗੱਲਾਂ ਕਰਨ ਲੱਗ ਜਾਂਦੇ ਹਾਂ ਪਰ ਜਦੋਂ ਉਹ ਅੱਗੋਂ ਸਾਡੇ ਨਾਲ ਪੰਜਾਬੀ ਵਿਚ ਗੱਲ ਕਰਨ ਲੱਗ ਜਾਣ ਤਾਂ ਬੜੀ ਕਸੂਤੀ ਸਥਿਤੀ ਬਣ ਜਾਂਦੀ ਹੈ।

ਮੰਜ਼ਿਲ ਕਦੇ ਨਸੀਬ ਨਾ ਹੁੰਦੀ
ਡੋਲਣ ਵਾਲੇ ਨੂੰ,
ਕਿਉਂ ਦੇਸੀ ਸਮਝਣ ਲੋਕ
ਪੰਜਾਬੀ ਬੋਲਣ ਵਾਲੇ ਨੂੰ।
ਬੱਚਿਆਂ ਨੂੰ ਵੀ ਰੱਖਦੇ ਲੋਕੀ
ਦੂਰ ਪੰਜਾਬੀ ਤੋਂ,
ਐਡੀ ਵੀ ਕੀ ਗ਼ਲਤੀ ਹੋ ਗਈ
ਬੋਲੀ ਸਾਡੀ ਤੋਂ।
ਮਿਲੇ ਤਰੱਕੀ ਮਾਂ-ਬੋਲੀ
ਰੋਲਣ ਵਾਲੇ ਨੂੰ,
ਸਮਝਣੋ ਨਾ ਗੰਵਾਰ ਪੰਜਾਬੀ
ਬੋਲਣ ਵਾਲੇ ਨੂੰ। •

94643-89293

## ਸੰਪਾਦਕੀ

# ਮਨੀਪੁਰ 'ਚ ਮੁੜ ਹਿੰਸਾ ਭੜਕਣਾ ਚਿੰਤਾਜਨਕ ਸੰਕੇਤ

ਮਨੀਪੁਰ ਵਿੱਚ ਚੁਣੀ ਗਈ ਸਰਕਾਰ ਦੀ ਬਹਾਲੀ ਤੋਂ ਮਹਿਜ਼ ਦੋ ਮਹੀਨਿਆਂ ਬਾਅਦ ਮੁੜ ਹਿੰਸਾ ਭੜਕਣਾ ਚਿੰਤਾਜਨਕ ਸੰਕੇਤ ਹੈ, ਜੋ ਇਹ ਦਰਸਾਂਉਂਦਾ ਹੈ ਕਿ ਉੱਤਰ-ਪੂਰਬੀ ਸੂਬੇ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਦਾ ਕੰਮ ਕੋਈ ਖਾਲਾ ਜੀ ਦਾ ਵਾੜਾ ਨਹੀਂ। ਸ਼ਨਿਚਰਵਾਰ ਨੂੰ ਉਖਰੂਲ ਜ਼ਿਲ੍ਹੇ ਵਿੱਚ ਇੱਕ ਸਾਬਕਾ ਸੈਨਿਕ ਸਣੇ ਦੋ ਵਿਅਕਤੀਆਂ ਨੂੰ ਗੋਲੀ ਮਾਰ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ, ਜਦੋਂਕਿ 7 ਅਪਰੈਲ ਨੂੰ ਬਿਸ਼ਨੂਪੁਰ ਜ਼ਿਲ੍ਹੇ ਦੇ ਟ੍ਰੋਂਗਲਾਓਬੀ ਵਿੱਚ ਇੱਕ ਬੰਬ ਹਮਲੇ ਵਿੱਚ ਦੋ ਬੱਚੇ ਮਾਰੇ ਗਏ ਸਨ। ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਕਾਰ ਝੜਪਾਂ ਨੇ ਇੰਫਾਲ ਘਾਟੀ ਦੇ ਜ਼ਿਲ੍ਹਿਆਂ ਨੂੰ ਮੁੜ ਦਹਿਲਾ ਦਿੱਤਾ ਹੈ। ਇਹ ਹਮਲਾ ਗੱਲਬਾਤ ਅਤੇ ਸੁਲਾਹ-ਸਫ਼ਾਈ ਦੀਆਂ ਅਪੀਲਾਂ ਦਰਮਿਆਨ ਹੋਇਆ ਹੈ। ਅਮਨ ਬਹਾਲੀ ਲਈ ਵਾਰ ਵਾਰ ਕੀਤੀਆਂ ਜਾ ਰਹੀਆਂ ਅਪੀਲਾਂ ਨੂੰ ਨਜ਼ਰਅੰਦਾਜ਼ ਕੀਤਾ ਜਾਣਾ ਡੂੰਘੀ ਬੇਭਰੋਸਗੀ ਅਤੇ ਗੜਬੜ ਵਾਲੀ ਸਥਿਤੀ ਨੂੰ ਦਰਸਾਉਂਦਾ ਹੈ।

ਸੂਬਾ ਸਰਕਾਰ ਵੱਲੋਂ ਉਖਰੂਲ ਅਤੇ ਬਿਸ਼ਨੂਪੁਰ ਮਾਮਲੇ ਕੌਮੀ ਜਾਂਚ ਏਜੰਸੀ ਨੂੰ ਸੌਂਪਣ ਦਾ ਫੌਰੀ ਫ਼ੈਸਲਾ ਇਸ ਮਾਮਲੇ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ, ਪਰ ਇਹ ਆਪਣੇ ਆਪ ਵਿੱਚ ਕੋਈ ਹੱਲ ਨਹੀਂ ਹੈ। ਮੁੜ ਮੁੜ ਹਿੰਸਾ ਨੂੰ ਭੜਕਾਉਣ ਵਾਲੇ ਮੂਲ ਕਾਰਨਾਂ ਨੂੰ ਦੂਰ ਕਰਨ ਦੀ ਸਖ਼ਤ ਲੋੜ ਹੈ। ਵਿਰੋਧੀ ਵਿਚਾਰਧਾਰਾਵਾਂ, ਭਾਈਚਾਰਿਆਂ ਵਿਚਾਲੇ ਆਪਸੀ ਸ਼ੱਕ ਅਤੇ ਤੇਜ਼ੀ ਨਾਲ ਗ਼ਲਤ ਜਾਣਕਾਰੀ ਫੈਲਣ ਨਾਲ ਇੱਕ ਅਜਿਹਾ ਮਾਹੌਲ ਬਣ ਗਿਆ ਹੈ, ਜਿਥੇ ਇੱਕਾ-ਦੁੱਕਾ ਘਟਨਾਵਾਂ ਵੀ ਵੱਡੇ ਪੱਧਰ 'ਤੇ ਗੜਬੜ ਪੈਦਾ ਕਰ ਸਕਦੀਆਂ ਹਨ। ਲੋਕਾਂ ਦਾ ਗੁੱਸਾ ਪ੍ਰਤੱਖ ਹੈ, ਪਰ ਅਫਵਾਹਾਂ ਅਤੇ ਭੜਕਾਊ ਬਿਆਨਬਾਜ਼ੀ ਨਾਲ ਇਹ ਹੋਰ ਵਧ ਰਿਹਾ ਹੈ।

ਸਰਕਾਰ ਦਾ ਇਹ ਦਾਅਵਾ ਕਿ ਕਾਨੂੰਨ ਵਿਵਸਥਾ ਦੀ ਸਥਿਤੀ 'ਸੰਵੇਦਨਸ਼ੀਲ ਹੈ, ਪਰ ਕਾਬੂ ਹੇਠ ਹੈ', ਅਸਲੀਅਤ ਨਾਲ ਮੇਲ ਨਹੀਂ ਖਾਂਦਾ। ਮਨੀਪੁਰ ਦਾ ਭਵਿੱਖ ਨਿਰੰਤਰ ਗੱਲਬਾਤ, ਜਵਾਬਦੇਹੀ ਅਤੇ ਭਾਈਚਾਰਿਆਂ 'ਚ ਆਪਸੀ ਸਹਿਯੋਗ ਤੇ ਤਾਲਮੇਲ 'ਤੇ ਨਿਰਭਰ ਕਰੇਗਾ। ਸੂਬੇ ਨੂੰ ਦਰਪੇਸ਼ ਖ਼ਤਰਿਆਂ ਨਾਲ ਸਿੱਝਣ ਲਈ ਸੁਰੱਖਿਆ ਕਾਰਵਾਈਆਂ ਜ਼ਰੂਰੀ ਹਨ, ਪਰ ਇਨ੍ਹਾਂ ਦੇ ਨਾਲ ਨਾਲ ਭਰੋਸਾ ਬਹਾਲੀ ਅਤੇ ਸ਼ਿਕਵੇ-ਸ਼ਿਕਾਇਤਾਂ ਦੂਰ ਕਰਨ ਦੇ ਯਤਨ ਵੀ ਕੀਤੇ ਜਾਣੇ ਚਾਹੀਦੇ ਹਨ।

ਅਮਨ ਕਿਸੇ 'ਤੇ ਥੋਪਿਆ ਨਹੀਂ ਜਾ ਸਕਦਾ। ਇਹ ਸਾਰੇ ਭਾਈਵਾਲਾਂ ਵਿਚਾਲੇ ਗੱਲਬਾਤ ਰਾਹੀਂ ਕਾਇਮ ਕੀਤਾ ਜਾਣਾ ਚਾਹੀਦਾ ਹੈ। ਸਾਰੀਆਂ ਧਿਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸਨੂੰ ਸੁਰੱਖਿਅਤ ਰੱਖਣ। ਹਿੰਸਾ ਦੀ ਹਰ ਨਵੀਂ ਘਟਨਾ ਵਾਰ ਵਾਰ ਉਮੀਦ ਨੂੰ ਤੋੜਦੀ ਅਤੇ ਸੂਬੇ ਨੂੰ ਸਥਾਈ ਸਥਿਰਤਾ ਤੋਂ ਹੋਰ ਦੂਰ ਧੱਕਦੀ ਰਹੇਗੀ। ਮਨੀਪੁਰ ਵਾਸੀਆਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਬਹੁਤ ਦੁੱਖ ਝੱਲੇ ਹਨ। ਹੁਣ 'ਡਬਲ ਇੰਜਣ' ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦਾ ਕੰਮ ਕਰੇ।

# ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਵਿਖੇ ਡਿਗਰੀ ਵੰਡ ਸਮਾਰੋਹ ਦੌਰਾਨ 450 ਵਿਦਿਆਰਥਣਾਂ ਨੂੰ ਡਿਗਰੀਆਂ ਤਕਸੀਮ



ਲੁਧਿਆਣਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਵਿਖੇ ਡਿਗਰੀ ਵੰਡ ਸਮਾਰੋਹ ਦੌਰਾਨ 450 ਵਿਦਿਆਰਥਣਾਂ ਨੂੰ ਡਿਗਰੀਆਂ ਪ੍ਰਦਾਨ ਲੁਧਿਆਣਾ ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਲੜਕੀਆਂ ਲੁਧਿਆਣਾ ਵਿਖੇ ਸਾਲਾਨਾ ਡਿਗਰੀ ਵੰਡ ਸਮਾਰੋਹ ਕਰਵਾਇਆ ਗਿਆ। ਜਿਸ ਵਿਚ ਮਹਾਰਾਜਾ ਅਗਰਸੈਨ ਯੂਨੀਵਰਸਿਟੀ ਸੋਲਨ ਦੇ ਉਪ ਕੁਲਪਤੀ ਪ੍ਰੋ .(ਡਾ.) ਪਰਦੀਪ ਸਿੰਘ ਵਾਲੀਆ ਨੇ ਬਤੌਰ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥਣਾਂ ਨੂੰ ਡਿਗਰੀਆਂ ਤਕਸੀਮ ਕੀਤੀਆਂ। ਸਮਾਗਮ ਦਾ ਆਗਾਜ਼ ਕਾਲਜ ਸ਼ਬਦ ਦੇਹਿ ਸ਼ਿਵਾ ਬਰ ਮੋਹਿ ਇਹੈ ਨਾਲ਼ ਹੋਇਆ। ਅਕਾਦਮਿਕ, ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲਿਆਂ 15 ਵਿਦਿਆਰਥਣਾਂ ਨੂੰ ਰੋਲ ਆਫ ਆਨਰ, 9 ਵਿਦਿਆਰਥਣਾਂ ਨੂੰ ਕਾਲਜ ਕਲਰ ਅਤੇ 21 ਵਿਦਿਆਰਥਣਾਂ ਨੂੰ ਮੈਰਿਟ ਸਰਟੀਫਿਕੇਟ ਨਾਲ਼ ਸਨਮਾਨਿਤ ਕੀਤਾ ਗਿਆ।

ਪੋਸਟ ਗਰੈਜੂਏਟ ਅਤੇ ਗਰੈਜੂਏਟ ਕਲਾਸਾਂ ਦੇ 450 ਵਿਦਿਆਰਥਣਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।

ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਵਰਨ ਸਿੰਘ, ਸਕੱਤਰ ਗੁਰਬਚਨ ਸਿੰਘ ਪਾਹਵਾ, ਮੈਂਬਰ ਜੱਥੇਦਾਰ ਹੀਰਾ ਸਿੰਘ ਗਾਬੜੀਆ, ਬਾਬਾ ਅਜੀਤ ਸਿੰਘ, ਜਗਜੀਤ ਸਿੰਘ ਅਹੂਜਾ (ਕਾਰਜਕਾਰੀ ਪ੍ਰਧਾਨ) ਨੇ ਫ਼ੁੱਲਾਂ ਦੇ ਗੁਲਦਸਤੇ ਦੇ ਕੇ ਮੁੱਖ ਮਹਿਮਾਨ ਜੀ ਨੂੰ ਜੀ ਆਇਆਂ ਨੂੰ ਆਖਿਆ। ਸ਼ਮਾਂ ਰੌਸ਼ਨ ਉਪਰੰਤ ਕਾਲਜ ਪ੍ਰਿੰਸੀਪਲ ਡਾ. ਕਿਰਨਦੀਪ ਕੌਰ ਨੇ ਮੁੱਖ ਮਹਿਮਾਨ ਨੂੰ ਰਸਮੀ ਤੌਰ ਤੇ ਜੀ ਆਇਆ ਨੂੰ ਆਖਿਆ ਅਤੇ ਕਾਲਜ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ। ਆਪਣੇ ਸੰਬੋਧਨ ਵਿਚ ਪ੍ਰੋ. (ਡਾ.) ਵਾਲੀਆ ਨੇ ਵਿਦਿਆਰਥਣਾਂ ਨੂੰ ਇੱਕਸੁਰ ਹੋ ਕੇ ਆਪਣੇ ਕਰਮਖੇਤਰ ਵਿਚ, ਮਿਹਨਤ ਤੇ ਲਗਨ ਨਾਲ ਯਤਨਸ਼ੀਲ ਰਹਿਣ ਦੀ ਪ੍ਰੇਰਨਾ ਦਿੱਤੀ ਅਤੇ ਮੌਜੂਦਾ ਡਿਜੀਟਲ ਯੁੱਗ ਵਿਚ ਸਮੇਂ ਦਾ ਸਦਉਪਯੋਗ ਕਰਕੇ ਆਪਣੇ ਕੈਰੀਅਰ ਤੇ ਟੀਚਿਆਂ ਵੱਲ ਧਿਆਨ ਦੇਣ ਲਈ ਆਖਿਆ।

ਕਾਲਜ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਬਾਬਾ ਅਜੀਤ ਸਿੰਘ ਨੇ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਕਾਲਜ ਦੇ ਉਦੇਸ਼ ਤੇ ਟੀਚਿਆਂ ਬਾਰੇ ਜਾਣਕਾਰੀ ਦਿੱਤੀ। ਸਮਾਰੋਹ ਦੌਰਾਨ ਜਗਜੀਤ ਸਿੰਘ ਅਹੂਜਾ (ਕਾਰਜਕਾਰੀ ਪ੍ਰਧਾਨ), ਮੈਂਬਰ ਜੱਥੇਦਾਰ ਹੀਰਾ ਸਿੰਘ ਗਾਬੜੀਆ, ਸ. ਅਮਰੀਕ ਸਿੰਘ ਸੱਚਰ ਨੇ ਵੀ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ। ਰਾਸ਼ਟਰੀ ਗਾਇਨ ਉਪਰੰਤ ਖਿੜੇ ਚਿਹਰਿਆਂ ਅਤੇ ਭਵਿੱਖ ਦੇ ਆਸ਼ਾਵਾਦੀ ਨਜ਼ਰੀਏ ਨਾਲ਼ ਇਹ ਸਮਾਗਮ ਸੰਪੰਨ ਹੋਇਆ।

# ਨੌਜਵਾਨ ਨੂੰ ਘੇਰ ਕੇ ਮੋਟਰਸਾਈਕਲ ਲੁੱਟਿਆ, ਬਦਮਾਸ਼ਾਂ ਨੇ ਦਿੱਤੀਆਂ ਜਾਨੋਂ ਮਾਰਨ ਦੀਆਂ ਧਮਕੀਆਂ

ਲੁਧਿਆਣਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਉਦਯੋਗਿਕ ਨਗਰੀ ਲੁਧਿਆਣਾ ਵਿੱਚ ਬਦਮਾਸ਼ਾਂ ਦੇ ਹੌਂਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਹੁਣ ਉਹਨਾਂ ਨੇ ਸ਼ਹਿਰ ਦੇ ਭੀੜ-ਭੜੱਕੇ ਵਾਲੇ ਇਲਾਕਿਆਂ ਵਿੱਚ ਵੀ ਲੁੱਟ-ਖੋਹ ਕਰਨੀ ਸ਼ੁਰੂ ਕਰ ਦਿੱਤੀ ਹੈ।

ਤਾਜ਼ਾ ਮਾਮਲੇ ਵਿੱਚ ਦੋ ਮੋਟਰਸਾਈਕਲ ਸਵਾਰ ਬਦਮਾਸ਼ਾਂ ਨੇ ਇੱਕ ਅਕਾਊਂਟੈਂਟ ਨੂੰ ਨਿਸ਼ਾਨਾ ਬਣਾਉਂਦਿਆਂ ਉਸ ਦਾ ਕੀਮਤੀ ਹਾਰਲੇ ਡੇਵਿਡਸਨ (Harley Davidson) ਮੋਟਰਸਾਈਕਲ ਖੋਹ ਲਿਆ ਅਤੇ ਮੌਕੇ ਤੋਂ ਫ਼ਰਾਰ ਹੋ ਗਏ।

ਉਦਯੋਗਿਕ ਨਗਰੀ ਲੁਧਿਆਣਾ ਵਿੱਚ ਬਦਮਾਸ਼ਾਂ ਦੇ ਹੌਂਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਹੁਣ ਉਹਨਾਂ ਨੇ ਸ਼ਹਿਰ ਦੇ ਭੀੜ-ਭੜੱਕੇ ਵਾਲੇ ਇਲਾਕਿਆਂ ਵਿੱਚ ਵੀ ਲੁੱਟ-ਖੋਹ ਕਰਨੀ ਸ਼ੁਰੂ ਕਰ ਦਿੱਤੀ ਹੈ। ਤਾਜ਼ਾ ਮਾਮਲੇ ਵਿੱਚ ਦੋ ਮੋਟਰਸਾਈਕਲ ਸਵਾਰ ਬਦਮਾਸ਼ਾਂ ਨੇ ਇੱਕ ਅਕਾਊਂਟੈਂਟ ਨੂੰ ਨਿਸ਼ਾਨਾ ਬਣਾਉਂਦਿਆਂ ਉਸ ਦਾ ਕੀਮਤੀ ਹਾਰਲੇ ਡੇਵਿਡਸਨ (Harley Davidson) ਮੋਟਰਸਾਈਕਲ ਖੋਹ ਲਿਆ ਅਤੇ ਮੌਕੇ ਤੋਂ ਫ਼ਰਾਰ ਹੋ ਗਏ।

# ਪ੍ਰੈਸ ਕਲੱਬ ਅੰਮ੍ਰਿਤਸਰ ਦੀ ਚੋਣ ਵਿੱਚ ਰਾਜੇਸ਼ ਗਿੱਲ ਗਰੁੱਪ ਦੀ ਫਿਰ ਜਿੱਤ

ਅੰਮ੍ਰਿਤਸਰ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰੈਸ ਕਲੱਬ ਅੰਮ੍ਰਿਤਸਰ ਦੀਆਂ ਤਾਜ਼ਾ ਹੋਈਆਂ ਚੋਣਾਂ ਵਿੱਚ ਰਾਜੇਸ਼ ਗਿੱਲ ਗਰੁੱਪ ਨੇ ਇਕ ਵਾਰ ਫਿਰ ਆਪਣਾ ਦਬਦਬਾ ਕਾਇਮ ਰੱਖਦਿਆਂ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਚੋਣ ਨਤੀਜਿਆਂ ਦੇ ਐਲਾਨ ਨਾਲ ਹੀ ਗਰੁੱਪ ਦੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਪਈ।



ਚੋਣ ਨਤੀਜਿਆਂ ਅਨੁਸਾਰ ਰਾਜੇਸ਼ ਗਿੱਲ ਨੂੰ ਮੁੜ ਪ੍ਰਧਾਨ ਚੁਣਿਆ ਗਿਆ ਹੈ, ਜਦਕਿ ਰੇਸ਼ਮ ਸਿੰਘ ਨੇ ਜਨਰਲ ਸਕੱਤਰ ਦੇ ਅਹੁਦੇ @ਤੇ ਜਿੱਤ ਹਾਸਲ ਕੀਤੀ। ਇਸ ਤੋਂ ਇਲਾਵਾ ਰਜਿੰਦਰ ਸਿੰਘ ਰੂਬੀ ਨੂੰ ਸਕੱਤਰ ਵਜੋਂ ਚੁਣਿਆ ਗਿਆ ਹੈ। ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੱਤਰਕਾਰ ਭਾਈਚਾਰੇ ਦੀ ਭਲਾਈ ਅਤੇ ਹੱਕਾਂ ਦੀ ਰੱਖਿਆ ਲਈ ਪਹਿਲਾਂ ਨਾਲੋਂ ਵੀ ਵੱਧ ਸਮਰਪਿਤ ਹੋ ਕੇ ਕੰਮ ਕਰਨਗੇ। ਉਨ੍ਹਾਂ ਨੇ ਕਲੱਬ ਦੀ ਇਕਤਾ ਅਤੇ ਤਰੱਕੀ ਲਈ ਸਭ ਨੂੰ ਨਾਲ ਲੈ ਕੇ ਚੱਲਣ ਦਾ ਭਰੋਸਾ ਦਿੱਤਾ।

ਚੋਣ ਪ੍ਰਕਿਰਿਆ ਸ਼ਾਂਤੀਪੂਰਨ ਢੰਗ ਨਾਲ ਪੂਰੀ ਹੋਈ ਅਤੇ ਵੱਡੀ ਗਿਣਤੀ ਵਿੱਚ ਮੈਂਬਰਾਂ ਨੇ ਆਪਣੇ ਮਤ ਦਾ ਪ੍ਰਯੋਗ ਕੀਤਾ। ਨਤੀਜਿਆਂ ਤੋਂ ਬਾਅਦ ਕਲੱਬ ਪ੍ਰਾਂਗਣ ਵਿੱਚ ਵਧਾਈਆਂ ਦਾ ਸਿਲਸਿਲਾ ਜਾਰੀ ਰਿਹਾ।

# ਕੈਬਨਿਟ ਮੰਤਰੀ ਅਮਨ ਅਰੋੜਾ ਦੀ ਕੋਠੀ ਪਰਿਵਾਰਾਂ ਸਮੇਤ ਦਿਤਾ ਧਰਨਾ



ਸੁਨਾਮ,22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜਮ ਯੂਨੀਅਨ ਪੰਜਾਬ ਦੇ ਠੇਕਾ ਕਾਮਿਆਂ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਰਿਹਾਇਸ਼ ਅੱਗੇ ਧਰਨਾ ਦਿਤਾ ਗਿਆ ਆਊਟ-ਸੋਰਸਿੰਗ ਕਾਮਿਆਂ ਨੇ ਪਰਿਵਾਰਾਂ ਸਮੇਤ ਆਕਾਸ਼ ਗੂੰਜਾਊ ਨਾਅਰੇ ਮਾਰਦਿਆਂ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ।

ਪਾਵਰਕਾਮ ਤੋਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਸੂਬਾ ਜਰਨਲ ਸਕੱਤਰ ਰਜੇਸ਼ ਕੁਮਾਰ ਮੌੜ ਸਹਾਇਕ ਸਕੱਤਰ ਟੇਕ ਚੰਦ ਸੂਬਾ ਪ੍ਰੈਸ ਸਕੱਤਰ ਇੰਦਰਪ੍ਰੀਤ ਨੇ ਵਿਚਾਰ ਰੱਖਦੇ ਹੋਏ ਕਿਹਾ ਕਿ ਸਾਮਰਾਜੀ ਦਿਸ਼ਾ ਨਿਰਦੇਸਤ ਆਰਥਿਕ ਤੇ ਸਨਅਤੀ ਨੀਤੀਆਂ ਨੂੰ ਲਾਗੂ ਕਰਦਿਆਂ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਆਰਥਿਕ ਸੁਧਾਰਾਂ ਦੇ ਦੰਭੀ ਐਲਾਨ ਹੇਠ ਕਾਰਪੋਰੇਟ ਘਰਾਣਿਆਂ ਵੱਲੋਂ ਪਹਿਲਾਂ ਕੀਤੀ ਜਾਂਦੀ ਲੁੱਟ ਚ ਵਾਧਾ ਕਰਨ ਲਈ ਨਿੱਜੀਕਰਨ ਕੀਤਾ ਜਾ ਰਿਹਾ ਹੈ। ਲੋਕ ਵਿਰੋਧੀ ਨਿਜੀਕਰਨ ਦੀ ਨੀਤੀ ਲਾਗੂ ਕਰਨ ਲਈ ਸਾਰੀਆਂ ਹਾਕਮ ਜਮਾਤੀ ਪਾਰਲੀਮਾਨੀ ਪਾਰਟੀਆਂ ਇਕਮੱਤ ਹਨ। ਇਹਨਾਂ ਸਾਮਰਾਜੀ ਦਿਸ਼ਾ ਨਿਰਦੇਸ਼ਤ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਹੀ ਪੰਜਾਬ ਸਰਕਾਰ ਵੱਲੋਂ ਬਿਜਲੀ ਐਕਟ 2003 ਅਤੇ 2025 ਲਾਗੂ ਕਰਦਿਆਂ ਬਿਜਲੀ ਕਾਰਪੋਰੇਸ਼ਨ ਦੇ ਨਿਜੀਕਰਣ ਦਾ ਹੱਲ ਤੇਜ਼ ਕੀਤਾ ਹੋਇਆ ਹੈ, ਮੀਨੀਮਮ ਵੇਜ ਐਕਟ ਰੱਦ ਕਰਕੇ ਡੀ.ਸੀ. ਰੇਟ ਲਾਗੂ ਕੀਤੇ ਗਏ ਹਨ, ਪੱਕੀ ਭਰਤੀ ਦੀ ਥਾਂ ਆਊਟਸੋਰਸਡ ਠੇਕਾ ਭਰਤੀ ਲਾਗੂ ਕੀਤੀ ਗਈ ਹੈ। ਆਗੂਆਂ ਨੇ ਪੰਜਾਬ ਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਨਿੱਜੀਕਰਣ ਦੇ ਇਸ ਤਬਾਹਕੁੰਨ ਹੱਲੇ ਵਿਰੁੱਧ ਵਿਸ਼ਾਲ, ਸਾਂਝੇ, ਲੰਬੇ ਅਤੇ ਤਿੱਖੇ ਸੰਘਰਸ਼ ਦੀਆਂ ਜ਼ੋਰਦਾਰ ਤਿਆਰੀਆਂ ਵਿੱਚ ਜੁਟਣ ਦੀ ਲੋੜ ਹੈ, ਕਿਉਂਕਿ ਪੰਜਾਬ ਸਰਕਾਰ ਪਿਛਲੇ ਦਿਨਾਂ ਤੋਂ ਜਿਸ ਕਿਸਮ ਦੇ ਕਦਮ ਲੈ ਰਹੀ ਹੈ ਉਨ੍ਹਾਂ ਤੋਂ ਸਪੱਸ਼ਟ ਹੈ ਕਿ ਉਹ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਜਲਦੀ ਹੀ ਬਿਜਲੀ ਕਾਰਪੋਰੇਸ਼ਨ ਦਾ ਭੋਗ ਪਾਉਣ ਦੀਆਂ ਤਿਆਰੀਆਂ ਵਿੱਚ ਜੁਟੀ ਹੋਈ ਹੈ। ਉਨ੍ਹਾਂ ਕਿਹਾ ਕਿ ਨਿੱਜੀਕਰਣ ਦੀ ਲੋੜ ਵਜੋਂ ਲਏ ਜਾ ਰਹੇ ਇਹ ਕਦਮ ਬੜੇ ਸਾਜ਼ਿਸ਼ੀ ਅਤੇ ਧੋਖੇ ਭਰੇ ਢੰਗ ਤਰੀਕੇ ਨਾਲ ਲਏ ਜਾ ਰਹੇ ਹਨ। ਕੰਮ ਦੌਰਾਨ ਮੈਨ ਪਾਵਰ ਦੀ ਘਾਟ ਨੂੰ ਪੂਰਾ ਕਰਨ ਲਈ ਵਿਭਾਗ ਵੱਲੋਂ ਆਊਟ-ਸੋਰਸਡ ਠੇਕਾ ਕਾਮਿਆਂ ਨੂੰ ਪੱਕਾ ਕਰਨ ਦੀ ਥਾਂ, ਠੇਕੇ 'ਤੇ ਬਾਹਰੀ ਸਰੋਤਾਂ ਤੋਂ ਲੇਬਰ ਦਾ ਪ੍ਰਬੰਧ ਐਸਟੀਮੇਟ ਦੇ ਬਾਹਰਲੇ ਵਸੀਲਿਆਂ ਰਾਹੀਂ ਕੀਤਾ ਜਾ ਰਿਹਾ ਕਿਸ ਦੇ ਨਾਲ ਰੁਜ਼ਗਾਰ ਦਾ ਉਜਾੜਾ ਹੋ ਰਿਹਾ ਹੈ। ਜਿਨ੍ਹਾਂ ਦਾ ਮਕਸਦ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁੱਹਈਆ ਕਰਨਾ ਨਹੀਂ ਸਗੋਂ ਨਿਜੀਕਰਣ ਵਿਰੁੱਧ ਸੰਘਰਸ਼ ਨੂੰ ਅਸਫਲ ਬਣਾਉਣ ਦੀ ਸਾਜ਼ਿਸ਼ ਹੈ। ਆਗੂਆਂ ਨੇ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੇਬਰ ਲਾਅ @ਚ ਕੀਤੀਆਂ ਤਬਦੀਲੀਆਂ ਨੂੰ ਲਾਗੂ ਕਰਨ ਲਈ ਬਿੱਲ ਪਾਸ ਕੀਤਾ ਗਿਆ ਹੈ। ਜਿਸ ਵਿੱਚ ਪ੍ਰਮੁੱਖ ਤੌਰ ਤੇ ਜਿਸ ਇੰਡਸਟਰੀ / ਫੈਕਟਰੀ ਵਿੱਚ 20 ਤੋਂ ਘੱਟ ਕਾਮੇ ਕੰਮ ਕਰਦੇ ਹਨ ਉੱਥੇ ਫੈਕਟਰੀ ਐਕਟ ਲਾਗੂ ਨਹੀਂ ਹੋਵੇਗਾ। ਇਹ ਫੈਸਲਾ ਕਾਰਪੋਰੇਟਰਾਂ ਨੂੰ ਕਾਮਿਆਂ ਦੀ ਤਿੱਖੀ ਲੁੱਟ ਕਰਨ ਦਾ ਅਧਿਕਾਰ ਮੁਹੱਈਆ ਕਰਦਾ ਹੈ। ਜਿਸ ਦੀ ਆਗੂਆਂ ਵੱਲੋਂ ਜੋਰਦਾਰ ਨਿਖੇਧੀ ਕੀਤੀ ਗਈ। ਆਗੂਆਂ ਨੇ ਕਿਸਾਨਾਂ, ਮਜਦੂਰਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਨਿੱਜੀਕਰਨ ਦਾ ਇਹ ਸਾਮਰਾਜੀ ਹੱਲਾ ਸਾਡੇ ਸਾਰੇ ਵਰਗਾਂ ਤੇ ਸਾਂਝਾ ਹੈ, ਇਸ ਹੱਲਾ ਨੂੰ ਪਿੱਛੇ ਮੋੜਾ ਦੇਣ ਲਈ ਸਾਂਝੇ ਤੇ ਤਿੱਖੇ ਸੰਘਰਸ਼ਾਂ ਦੇ ਰਾਹ ਪੈਣਾ ਚਾਹੀਦਾ ਹੈ। ਧਰਨਾਕਾਰੀਆਂ ਨੇ ਰੋਹ ਭਰਪੂਰ ਨਾਅਰੇ ਮਾਰਦਿਆਂ ਬਿਜਲੀ ਮੰਤਰੀ ਸੰਜੀਵ ਅਰੋੜਾ ਦੇ ਹਲਕੇ ਬਜਾਰਾਂ ਵਿੱਚ ਦੀ ਮੁਜਾਹਰਾ ਕੀਤਾ ਅਤੇ ਮੰਗ ਕੀਤੀ ਕਿ ਸਮੂਹ ਆਊਟਸੋਰਸਡ ਠੇਕਾ ਕਾਮਿਆਂ ਨੂੰ ਬਿਨਾਂ ਸ਼ਰਤ ਵਿਭਾਗ ਵਿੱਚ ਸ਼ਾਮਿਲ ਕੀਤਾ ਜਾਵੇ, 1948 ਐਕਟ ਮੁਤਾਬਕ ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ ਲਾਗੂ ਕੀਤੀ ਜਾਵੇ। ਅਤੇ ਹਾਦਸਾ ਪੀੜਤ ਲਈ ਪੱਕੀ ਨੌਕਰੀ ਪੱਕੀ ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ ਠੇਕਾ ਕਾਮਿਆਂ ਦੇ ਨਾਲ ਕੰਪਨੀਆਂ ਦੇ ਵੱਲੋਂ ਕੀਤੇ ਗਏ ਘਪਲੇ ਦਾ ਪੁਰਾਣਾ ਪਿਆ ਬਕਾਇਆ ਏਰੀਆ ਜਾਰੀ ਕਰਵਾਇਆ ਜਾਵੇ ਦਰਜ ਮੰਗਾਂ ਦਾ ਹੱਲ ਕੀਤਾ ਜਾਵੇ ਮੰਗਾਂ ਦਾ ਹੱਲ ਨਾ ਹੋਣ ਦੀ ਸੂਰਤ ਵਿੱਚ ਜਥੇਬੰਦੀਆਂ ਵੱਲੋਂ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ।

# ਪਰਾਲੀ ਨੂੰ ਅੱਗ ਨਾ ਲਾ ਕੇ ਮਿਸਾਲ ਬਣਿਆ ਪ੍ਰਗਤੀਸ਼ੀਲ ਕਿਸਾਨ ਹਰਭਜਨ ਸਿੰਘ



ਖਡੂਰ ਸਾਹਿਬ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਚ ਪਰਾਲੀ ਸਾੜਨ ਦੀ ਸਮੱਸਿਆ ਦੇ ਵਿਚਕਾਰ ਪਿੰਡ ਜਲਾਲਾਬਾਦ (ਡੇਰਾ ਸੋਹਲ) ਦੇ ਪ੍ਰਗਤੀਸ਼ੀਲ ਕਿਸਾਨ ਹਰਭਜਨ ਸਿੰਘ ਨੇ ਇਕ ਨਵੀਂ ਸੋਚ ਨਾਲ ਮਿਸਾਲ ਕਾਇਮ ਕੀਤੀ ਹੈ। ਉਹ ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਨਾ ਸਿਰਫ ਵਾਤਾਵਰਣ ਦੀ ਰੱਖਿਆ ਕਰ ਰਿਹਾ ਹੈ, ਸਗੋਂ ਖੇਤੀ ਦੀ ਲਾਗਤ ਵੀ ਘਟਾ ਰਿਹਾ ਹੈ।

ਹਰਭਜਨ ਸਿੰਘ ਨੇ ਦੱਸਿਆ ਕਿ ਤਕਰੀਬਨ 10 ਸਾਲ ਪਹਿਲਾਂ ਉਹ ਵੀ ਪਰਾਲੀ ਨੂੰ ਅੱਗ ਲਗਾਉਂਦਾ ਸੀ, ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਘਟਦੀ ਸੀ ਅਤੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਸੀ। ਪਰ ਖੇਤੀਬਾੜੀ ਵਿਭਾਗ ਸਰਕਲ ਇੰਚਾਰਜ ਜਲਾਲਾਬਾਦ ਡਾ. ਯਾਦਵਿੰਦਰ ਸਿੰਘ ਦੀ ਪ੍ਰੇਰਨਾ ਸਦਕਾ ਉਨ੍ਹਾਂ ਨੇ ਨਵੀਂ ਤਕਨੀਕਾਂ ਜਿਵੇਂ ਕਿ ਹੈਪੀ ਸੀਡਰ ਅਤੇ ਸੁਪਰ ਐਸ.ਐਮ.ਐਸ ਦੀ ਵਰਤੋਂ ਸ਼ੁਰੂ ਕੀਤੀ।

ਉਸ ਅਨੁਸਾਰ, ਇਸ ਤਰੀਕੇ ਨਾਲ ਖੇਤ ਵਿਚ ਹੀ ਪਰਾਲੀ ਨੂੰ ਮਿੱਟੀ ਵਿਚ ਮਿਲਾ ਦਿੱਤਾ ਜਾਂਦਾ ਹੈ, ਜਿਸ ਨਾਲ ਮਿੱਟੀ ਦੀ ਨਮੀ ਬਣੀ ਰਹਿੰਦੀ ਹੈ ਅਤੇ ਜੈਵਿਕ ਪਦਾਰਥ ਵਧਦਾ ਹੈ। ਇਸ ਨਾਲ ਖ਼ਾਦ ਦੀ ਲੋੜ ਵੀ ਘਟਦੀ ਹੈ ਅਤੇ ਫ਼ਸਲ ਦੀ ਪੈਦਾਵਾਰ ਵਿਚ ਵੀ ਸੁਧਾਰ ਆਇਆ।ਹਰਭਜਨ ਸਿੰਘ ਨੇ ਕਿਹਾ, ਪਰਾਲੀ ਨੂੰ ਅੱਗ ਲਾਉਣ ਨਾਲ ਸਿਰਫ ਨੁਕਸਾਨ ਹੀ ਹੁੰਦਾ ਹੈ। ਜੇਕਰ ਅਸੀਂ ਨਵੀਂ ਤਕਨੀਕ ਅਪਣਾਈਏ ਤਾਂ ਇਹੀ ਪਰਾਲੀ ਸਾਡੇ ਲਈ ਖ਼ਾਦ ਬਣ ਸਕਦੀ ਹੈ।

ਪਿੰਡ ਦੇ ਹੋਰ ਕਿਸਾਨ ਵੀ ਹੁਣ ਉਸ ਤੋਂ ਪ੍ਰੇਰਿਤ ਹੋ ਰਹੇ ਹਨ ਅਤੇ ਪਰਾਲੀ ਨਾ ਸਾੜਨ ਵੱਲ ਵੱਧ ਰਹੇ ਹਨ। ਖੇਤੀਬਾੜੀ ਅਧਿਕਾਰੀ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਖਡੂਰ ਸਾਹਿਬ ਨੇ ਵੀ ਹਰਭਜਨ ਸਿੰਘ ਦੀ ਪ੍ਰਸੰਸਾ ਕੀਤੀ ਅਤੇ ਹੋਰ ਕਿਸਾਨਾਂ ਨੂੰ ਵੀ ਇਹ ਮਾਡਲ ਅਪਣਾਉਣ ਦੀ ਅਪੀਲ ਕੀਤੀ।ਇਸ ਤਰ੍ਹਾਂ ਹਰਭਜਨ ਸਿੰਘ ਨੇ ਸਾਬਤ ਕੀਤਾ ਹੈ ਕਿ ਜੇ ਕਿਸਾਨ ਚਾਹੇ ਤਾਂ ਪਰਾਲੀ ਦੀ ਸਮੱਸਿਆ ਦਾ ਹੱਲ ਖ਼ੁਦ ਕਰ ਸਕਦਾ ਹੈ ਅਤੇ ਵਾਤਾਵਰਣ ਦੀ ਸੰਭਾਲ ਦੇ ਨਾਲ- ਨਾਲ ਆਪਣੀ ਆਮਦਨ ਵਿਚ ਵੀ ਵਾਧਾ ਕਰ ਸਕਦਾ ਹੈ।ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਬੀਤੇ ਦਿਨੀਂ ਖੇਤੀਬਾੜੀ ਦਫ਼ਤਰ ਖਡੂਰ ਸਾਹਿਬ ਵਿਖੇ ਲਗਾਏ ਗਏ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਉਪ ਮੰਡਲ ਮੈਜਿਸਟਰੇਟ ਖਡੂਰ ਸਾਹਿਬ ਸੰਜੀਵ ਸ਼ਰਮਾ ਨੇ ਝੋਨੇ ਦੀ ਪਰਾਲੀ ਅਤੇ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਵਾਲੇ 25 ਕਿਸਾਨਾਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਇਹ ਖੇਤੀਬਾੜੀ ਵਿਭਾਗ ਦਾ ਸ਼ਲਾਘਾਯੋਗ ਉਪਰਾਲਾ ਹੈ। ਇਸ ਤਰ੍ਹਾਂ ਪ੍ਰਸੰਸਾ ਪੱਤਰ ਦੇ ਨਾਲ ਕਿਸਾਨਾਂ ਵਿਚ ਉਤਸ਼ਾਹ ਵਧਿਆ ਹੈ ਅਤੇ ਉਹ ਬਾਕੀ ਕਿਸਾਨਾਂ ਲਈ ਪ੍ਰੇਰਨਾ ਸਰੋਤ ਬਣਦੇ ਹਨ। ਇਸ ਮੌਕੇ ਉਨ੍ਹਾਂ ਨਾਲ ਡਾ. ਰੁਪਿੰਦਰਜੀਤ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ ਗੁਰਪ੍ਰਤਾਪ ਸਿੰਘ ਕਮਲਜੀਤ ਕੌਰ ਅਤੇ ਇਲਾਕੇ ਦੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਭਗਵਾਨ ਸ੍ਰੀ ਪਰਸ਼ੂਰਾਮ ਜੀ ਦੇ ਜਨਮ ਦਿਹਾੜੇ ਮੌਕੇ ਖੱਟੜਾ ਹੋਏ ਨਤਮਸਤਕ



ਪਟਿਆਲਾ, 22 ਅਪ੍ਰੈਲ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦਿਹਾਤੀ ਹਲਕੇ ਦੇ ਸ਼ਹਿਰੀ ਖੇਤਰ ਵਿੱਚ ਭਗਵਾਨ ਸ੍ਰੀ ਪਰਸੂਰਾਮ ਜੀ ਦਾ ਜਨਮ ਦਿਹਾੜਾ ਬ੍ਰਾਹਮਣ ਸਮਾਜ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਜਿੱਥੇ ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਭਾਜਪਾ ਆਗੂ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਨਤਮਸਤਕ ਹੋ ਕੇ ਆਪਣੀ ਹਾਜ਼ਰੀ ਭਰੀ ਉੱਥੇ ਹੀ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਪਰਸੂਰਾਮ ਜੀ ਦੇ ਜਨਮ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ ਖੱਟੜਾ ਨੇ ਕਿਹਾ ਕਿ ਬ੍ਰਾਹਮਣ ਸਮਾਜ ਵੱਲੋਂ ਸ੍ਰੀ ਪਰਸੂਰਾਮ ਜੀ ਦਾ ਹਰ ਸਾਲ ਦਿਹਾੜਾ ਮਨਾਉਣਾ ਇੱਕ ਸਲਾਘਾ ਯੋਗ ਕਦਮ ਹੈ ਉਨਾਂ ਕਿਹਾ ਕਿ ਸਮੁੱਚੀ ਸੰਗਤ ਨੂੰ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਣਾ ਸਮੇਂ ਦੀ ਮੁੱਖ ਲੋੜ ਹੈ ਖੱਟੜਾ ਨੇ ਕਿਹਾ ਕਿ ਭਗਵਾਨ ਸ੍ਰੀ ਪਰਸ਼ੂਰਾਮ ਜੀ ਬ੍ਰਹਮਾ ਦੇ ਬਾਂਸਜ ਅਤੇ ਸ਼ਿਵ ਦੇ ਭਗਤ ਸਨ ਇਹ ਤ੍ਰੇਤਾ ਯੁਗ ਵਿੱਚ ਰਹੇ ਅਤੇ ਹਿੰਦੂ ਮਿਥਿਹਾਸ ਦੇ ਸੰਤ ਚਿਰਨਜੀਵੀਆਂ ਵਿੱਚੋਂ ਇੱਕ ਸਨ ਇਹਨਾਂ ਨੇ ਪ੍ਰਿਥਵੀ ਨੂੰ 21 ਵਾਰ ਖੱਤਰੀਆਂ ਤੋਂ ਖਾਲੀ ਕੀਤਾ ਸੀ ਲਿਹਾਜਾ ਮਹਾਂਭਾਰਤ ਵਿੱਚ ਕਰਨ ਅਤੇ ਦੁਰਜੋਧਨ ਦੇ ਗੁਰੂ ਵਜੋਂ ਵੀ ਜਾਣੇ ਜਾਂਦੇ ਸਨ ਜਿਨਾਂ ਨੇ ਰਮਾਇਣ ਵਿੱਚ ਇਹਨਾਂ ਦੇ ਰਾਜਾ ਜਨਕ ਨੂੰ ਇੱਕ ਸ਼ਿਵ ਧਨੁਸ਼ ਵੀ ਭੇਟ ਕੀਤੀ ਸੀ ਜਿਸ ਕਰਕੇ ਸਮੁੱਚਾ ਬ੍ਰਾਹਮਣ ਸਮਾਜ ਭਗਵਾਨ ਸ੍ਰੀ ਪਰਸੂਰਾਮ ਜੀ ਜੀ ਦੇ ਜਨਮ ਦਿਹਾੜੇ ਮਨਾਉਂਦਾ ਆ ਰਿਹਾ ਹੈ ਜ਼ਿਕਰ ਜੋ ਹੈ ਕਿ ਇਹ ਸਮਾਗਮ

ਆਧਿਆਤਮਿਕ ਪ੍ਰੋਗਰਾਮ ਸ੍ਰੀ ਬ੍ਰਾਹਮਣ ਸਮਾਜ ਸ੍ਰੀ ਪਰਸ਼ੁਰਾਮ ਵਾਟਿਕਾ ਅਤੇ ਅਖਿਲ ਭਾਰਤੀਏ ਬ੍ਰਾਹਮਣ ਮਹਾਸਮਾਜ ਵੱਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਜਿੱਥੇ ਸਮੁੱਚੇ ਬ੍ਰਾਹਮਣ ਸਮਾਜ ਦੇ ਆਗੂ ਤੇ ਵਰਕਰ ਵੀ ਹਾਜ਼ਰ ਰਹੇ ਇਸ ਮੌਕੇ ਭਾਜਪਾ ਆਗੂ ਐਡਵੋਕੇਟ ਖਡਾ ਖਟੜਾ ਤੇ ਯੁਵਰਾਜ ਸ਼ਰਮਾ ਨੂੰ ਸਨਮਾਨਿਤ ਵੀ ਕੀਤਾ ਗਿਅ।

# ਸਤਲੁਜ ਦਰਿਆ ਵਿੱਚ ਨਜਾਇਜ਼ ਮਾਈਨਿੰਗ ਮਾ.ਫ਼ੀਆ ਫਿਰ ਸਰਗਰਮ



ਮਾਛੀਵਾੜਾ ਸਾਹਿਬ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਦੇ ਨੇੜੇ ਵਗਦੇ ਸਤਲੁਜ ਦਰਿਆ ਵਿੱਚ ਰੇਤ ਮਾਫ਼ੀਆ ਇੱਕ ਵਾਰ ਫਿਰ ਸਰਗਰਮ ਹੋ ਗਿਆ ਹੈ, ਅਤੇ ਦਰਿਆ ਵਿੱਚ ਬੇਰਹਿਮੀ ਨਾਲ ਗੈਰ-ਕਾਨੂੰਨੀ ਰੇਤ ਮਾਈਨਿੰਗ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਇਸ ਗਤੀਵਿਧੀ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਬੇਅਸਰ ਸਾਬਤ ਹੋਇਆ ਹੈ। ਮਾਈਨਿੰਗ ਦਰਿਆ ਦੇ ਨਾਲ-ਨਾਲ ਸਿਰਫ਼ ਇੱਕ ਬਿੰਦੂ ਤੱਕ ਸੀਮਤ ਨਹੀਂ ਹੈ; ਸਗੋਂ, ਇਹ ਕਈ ਥਾਵਾਂ 'ਤੇ ਹੋ ਰਹੀ ਹੈ ਜਿੱਥੇ ਸ਼ਾਮ ਹੁੰਦੇ ਹੀ ਕਾਰਵਾਈਆਂ ਸ਼ੁਰੂ ਹੋ ਜਾਂਦੀਆਂ ਹਨ। ਮਾਛੀਵਾੜਾ ਦੀਆਂ ਸੜਕਾਂ 'ਤੇ ਰੇਤ ਨਾਲ ਭਰੀਆਂ ਟਰਾਲੀਆਂ ਇੱਕ ਆਮ ਦ੍ਰਿਸ਼ ਬਣ ਗਈਆਂ ਹਨ।

ਇਹ ਘਟਨਾ ਅੱਜ ਪਿੰਡ ਚੱਕਲੀ ਕਾਸਬਬ ਵਿੱਚ ਵਾਪਰੀ, ਜਿੱਥੇ ਦਰਿਆ ਦੇ ਕੰਢੇ ਇੱਕ ਗੈਰ-ਕਾਨੂੰਨੀ ਰੇਤ-ਤੋਲਣ ਵਾਲਾ ਸਕੇਲ ਲਗਾਇਆ ਜਾ ਰਿਹਾ ਸੀ। ਇਹ ਜਗ੍ਹਾ ਇੱਕ ਰੇਤ ਮਾਈਨਿੰਗ ਟੋਏ ਦੇ ਬਿਲਕੁਲ ਉਲਟ ਸਥਿਤ ਹੈ - ਨਵਾਂਸ਼ਹਿਰ ਵੱਲ ਸਥਿਤ - ਨਿਰਧਾਰਤ ਪਹੁੰਚ ਰਸਤਾ ਜਿਸ ਲਈ ਵਿਸ਼ੇਸ਼ ਤੌਰ 'ਤੇ ਨਵਾਂਸ਼ਹਿਰ ਵੱਲ ਵੀ ਜਾਂਦਾ ਹੈ। ਹਾਲਾਂਕਿ, ਰੇਤ ਠੇਕੇਦਾਰ ਨੇ ਕੁਝ ਪਿੰਡ ਵਾਸੀਆਂ ਨਾਲ ਮਿਲੀਭੁਗਤ ਕਰਕੇ, ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਵੱਲ ਜਾਣ ਵਾਲਾ ਇੱਕ ਵਿਕਲਪਿਕ ਨਿਕਾਸ ਰਸਤਾ ਬਣਾਉਣ ਲਈ ਆਪਣੀ ਨਿੱਜੀ ਜ਼ਮੀਨ 'ਤੇ ਤੋਲਣ ਵਾਲਾ ਸਕੇਲ ਲਗਾਉਣਾ ਸ਼ੁਰੂ ਕਰ ਦਿੱਤਾ ਸੀ। ਹਾਲਾਂਕਿ, ਪਿੰਡ ਵਾਸੀਆਂ ਨੇ ਇਸ ਕਦਮ ਦਾ ਸਖ਼ਤ ਵਿਰੋਧ ਕੀਤਾ ਅਤੇ ਕੁਝ ਦਿਨ ਪਹਿਲਾਂ, ਸਮਰਾਲਾ ਦੇ ਉਪ-ਮੰਡਲ ਮੈਜਿਸਟਰੇਟ (ਐਸਡੀਐਮ) ਨੂੰ ਇਸ ਮਾਮਲੇ ਸੰਬੰਧੀ ਇੱਕ ਰਸਮੀ ਸ਼ਿਕਾਇਤ ਵੀ ਦਿੱਤੀ ਸੀ। ਇਸ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਮਾਈਨਿੰਗ ਵਿਭਾਗ ਦੇ ਉਪ-ਮੰਡਲ ਅਧਿਕਾਰੀ (ਐਸਡੀਓ) ਨੇ ਅੱਜ ਆਪਣੀ ਟੀਮ ਨਾਲ ਸਾਈਟ ਦਾ ਦੌਰਾ ਕੀਤਾ ਅਤੇ ਤੋਲਣ ਵਾਲੇ ਸਕੇਲ 'ਤੇ ਚੱਲ ਰਹੇ ਨਿਰਮਾਣ ਕਾਰਜ ਨੂੰ ਰੋਕ ਦਿੱਤਾ। ਸੰਪਰਕ ਕਰਨ 'ਤੇ, ਐਸਡੀਓ ਜਸਕਰਨ ਸਿੰਘ ਨੇ ਪੁਸ਼ਟੀ ਕੀਤੀ ਕਿ ਠੇਕੇਦਾਰ ਕੋਲ ਤੋਲਣ ਵਾਲੇ ਸਕੇਲ ਬਣਾਉਣ ਲਈ ਲੋੜੀਂਦੀ ਇਜਾਜ਼ਤ ਨਹੀਂ ਸੀ, ਅਤੇ ਇਹ ਇੰਸਟਾਲੇਸ਼ਨ ਲੁਧਿਆਣਾ ਜ਼ਿਲ੍ਹੇ ਦੇ ਅੰਦਰ ਸਥਿਤ ਜ਼ਮੀਨ 'ਤੇ ਗੈਰ-ਕਾਨੂੰਨੀ ਤੌਰ 'ਤੇ ਕੀਤੀ ਜਾ ਰਹੀ ਸੀ। ਕਾਰਵਾਈ ਹੁਣ ਬੰਦ ਕਰ ਦਿੱਤੀ ਗਈ ਹੈ। ਦੋਵੇਂ ਧਿਰਾਂ ਨੇ ਪੁਲਿਸ ਸਟੇਸ਼ਨ ਵਿੱਚ ਇੱਕ ਦੂਜੇ ਵਿਰੁੱਧ ਸ਼ਿਕਾਇਤਾਂ ਦਰਜ ਕਰਵਾਈਆਂ ਜਿਸ ਜ਼ਮੀਨ 'ਤੇ ਤੋਲਣ ਵਾਲਾ ਪੁਲ ਲਗਾਇਆ ਜਾ ਰਿਹਾ ਸੀ, ਉਹ ਚੱਕਲੀ ਖਾਸ ਦੇ ਵਸਨੀਕ ਹਰਦੀਪ ਸਿੰਘ, ਗੁਰਦੀਪ ਸਿੰਘ ਅਤੇ ਹੇਮ ਸਿੰਘ ਦੀ ਹੈ। ਨਾਨੋਵਾਲ ਮੰਡ ਦੇ ਸਰਪੰਚ (ਪਿੰਡ ਮੁਖੀ) ਸ਼ਰਨਜੀਤ ਸਿੰਘ ਨੇ ਇਨ੍ਹਾਂ ਵਿਅਕਤੀਆਂ ਵਿਰੁੱਧ ਮਾਛੀਵਾੜਾ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ, ਜਿਸ ਵਿੱਚ ਦੋਸ਼ ਲਗਾਇਆ ਗਿਆ ਕਿ ਉਨ੍ਹਾਂ ਨੇ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। ਉਸਨੇ ਦਾਅਵਾ ਕੀਤਾ ਕਿ ਇਹ ਵਿਅਕਤੀ, ਨਵਾਂਸ਼ਹਿਰ ਦੇ ਇੱਕ ਰੇਤ ਠੇਕੇਦਾਰ ਨਾਲ ਮਿਲ ਕੇ, ਰਾਤ ਨੂੰ ਗੈਰ-ਕਾਨੂੰਨੀ ਮਾਈਨਿੰਗ ਕਰਦੇ ਹਨ, ਅਤੇ ਉਹ ਅਤੇ ਉਸਦਾ ਪਰਿਵਾਰ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।

ਦੂਜੇ ਪਾਸੇ, ਹੇਮ ਸਿੰਘ ਵੱਲੋਂ ਪੁਲਿਸ ਸਟੇਸ਼ਨ ਵਿੱਚ ਇੱਕ ਸ਼ਿਕਾਇਤ ਵੀ ਦਰਜ ਕਰਵਾਈ ਗਈ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਨਾਨੋਵਾਲ ਦੇ ਸਰਪੰਚ ਅਤੇ ਉਸਦੇ ਕੁਝ ਸਾਥੀਆਂ ਨੇ ਮਿਲ ਕੇ ਉਨ੍ਹਾਂ ਦੀ ਜ਼ਮੀਨ 'ਤੇ ਵੱਡੇ ਟੋਏ ਪੁੱਟ ਦਿੱਤੇ ਸਨ, ਜਿਸ ਨਾਲ ਉਨ੍ਹਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਿਆ ਸੀ, ਅਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਸਨ। ਇਸ ਮਾਮਲੇ ਬਾਰੇ ਪੁੱਛੇ ਜਾਣ 'ਤੇ, ਸਬ-ਇੰਸਪੈਕਟਰ ਪੁਰਸ਼ੋਤਮ ਲਾਲ ਨੇ ਕਿਹਾ, ਮੈਂ ਸਤਲੁਜ ਦਰਿਆ ਦੇ ਕੰਢੇ ਵਾਲੀ ਜਗ੍ਹਾ ਦਾ ਦੌਰਾ ਕੀਤਾ ਸੀ, ਅਤੇ ਤੋਲ ਪੁਲ ਲਗਾਉਣ ਦਾ ਕੰਮ ਰੋਕ ਦਿੱਤਾ ਗਿਆ ਹੈ। ਸਾਨੂੰ ਦੋਵਾਂ ਧਿਰਾਂ ਤੋਂ ਸ਼ਿਕਾਇਤਾਂ ਮਿਲੀਆਂ ਹਨ; ਪੂਰੀ ਜਾਂਚ ਤੋਂ ਬਾਅਦ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

# ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਹਰਸਿਮਰਤ ਕੌਰ ਬਾਦਲ ਵੱਲੋਂ ਮੈਂਬਰ ਪਾਰਲੀਮੈਂਟ ਵਿੱਚ ਔਰਤਾਂ ਦੇ ਰਾਖਵੇ ਕਰਨ ਸਬੰਧੀ ਬੋਲਣ ਦੀ ਕੀਤੀ ਸਲਾਘਾ

ਪਟਿਆਲਾ, 22 ਅਪ੍ਰੈਲ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-



ਦੇਸ਼ ਦੀ ਸਰਵਉਚ ਪੰਚਾਇਤ ਵਜੋਂ ਜਾਣੀ ਜਾਂਦੀ ਮੈਂਬਰ ਪਾਰਲੀਮੈਂਟ ਵਿੱਚ ਔਰਤਾਂ ਦੇ ਰਾਖਵੇਕਰਨ ਬਿੱਲ ਨੂੰ ਲੈ ਕੇ ਬੁਲੰਦ ਆਵਾਜ਼ ਵਿੱਚ ਮੁੱਦਾ ਚੁੱਕਣ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਨਿਧੜਕ ਮਹਿਲਾ ਆਗੂ ਤੇ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਰਾਖਵੇਂਕਰਨ ਬਿੱਲ ਨੂੰ ਲੈ ਕੇ ਕੇਂਦਰ ਸਰਕਾਰ ਦੇ ਚੁੱਕੇ ਗਏ ਸਵਾਲਾਂ ਦੀ ਸਲਾਘਾ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਪਟਿਆਲਾ ਦਿਹਾਤੀ ਹਲਕੇ ਦੇ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਤੇ ਯੂਥ ਅਕਾਲੀ ਦਲ ਜਿਲਾ ਦਿਹਾਤੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਨੇ ਸਲਾਘਾ ਕਰਦੇ ਹੋਏ ਕਿਹਾ ਕਿ ਪਹਿਲੀ ਔਰਤ ਮੈਂਬਰ ਪਾਰਲੀਮੈਂਟ ਹੈ ਜਿਸ ਨੇ ਨੇ ਨਿਧੜਕਤਾ ਨਾਲ ਦੇ ਦੇਸ਼ ਦੇ ਸੂਬਿਆਂ ਦੀ ਹੱਦਬੰਦੀ ਦੀ ਪ੍ਰਕਿਰਿਆ ਵਧਾਉਣ ਦੇ ਮਾਮਲੇ ਨੂੰ ਲੈ ਕੇ ਮੁੱਦਾ ਚੁੱਕਿਆ ਹੈ ਅਤੇ ਬਾਕੀ ਮੈਂਬਰ ਪਾਰਲੀਮੈਂਟਾਂ ਨੂੰ ਨੀਂਦ ਤੋਂ ਜਗਾਇਆ ਹੈ ਇਹਨਾਂ ਆਗੂਆਂ ਨੇ ਕਿਹਾ ਕਿ ਦੇਸ਼ ਦੀ ਕੇਂਦਰ ਸਰਕਾਰ 33 ਫੀਸਦੀ ਰਾਖਵਾਕਰਨ ਦੇਣ ਦੇ ਨਾਂ ਤੇ ਹੱਦਬੰਦੀ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਹੀ ਸੀ ਜਿਸ ਨਾਲ ਦੇਸ਼ ਦੇ ਸੂਬਿਆਂ ਦੇ ਹੱਦਬੰਦੀ ਨਾਲ ਵੱਡੀ ਛੇੜਛਾੜ ਹੋਣ ਦਾ ਖਾਦਸਾ ਜਤਾਇਆ ਜਾ ਰਿਹਾ ਸੀ ਉਨ੍ਹਾਂ ਕਿਹਾ ਕੀ ਸ਼੍ਰੋਮਣੀ ਅਕਾਲੀ ਦਲ ਭਾਵੇਂ ਮਹਿਲਾ ਰਾਖਵੇਂਕਰਨ ਦਾ ਸਮਰਥਨ ਤਾਂ ਕਰਦਾ ਹੈ ਹੈ ਪਰ ਕਿਸੇ ਵੀ ਗੈਰ ਸੰਵਿਧਾਨਿਕ ਹੱਦਬੰਦੀ ਦਾ ਨਹੀਂ ਕਿਉਂਕਿ ਸੰਵਿਧਾਨ ਅਨੁਸਾਰ ਦੇਸ਼ ਦੀ ਜਨਗਣਨਾ ਤੋਂ ਬਾਅਦ ਹੀ ਹੱਦਬੰਦੀ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਸਾਰੇ ਰਾਜਾਂ ਨੂੰ ਬਰਾਬਰ ਅਤੇ ਅਨੁਪਾਤਕ ਪ੍ਰਤਿਨਿਤਾ ਮਿਲ ਸਕੇ ਉਨ੍ਹਾ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਇਸ ਦਾ ਲਿਖਤੀ ਭਰੋਸਾ ਦੇਣਾ ਚਾਹੀਦਾ ਸੀ ਇਹਨਾਂ ਆਗੂਆਂ ਨੇ ਸਾਂਝੇ ਤੌਰ ਤੇ ਗੱਲਬਾਤ ਕਰਦੇ ਹੋਏ ਕਿਹਾ ਕਿ ਭਾਰਤੀ ਜਨਤਾ ਪਾਰਟੀ ਮਹਿਲਾ ਰਾਖਵਾਂਕਰਨ ਦੇ ਮੁੱਦੇ ਤੇ ਆਪਣਾ ਰੁੱਖ ਵਾਰ-ਵਾਰ ਬਦਲਦੀ ਰਹੀ ਹੈ ਅਤੇ ਇਸ ਨੂੰ ਚੁਣਾਵੀ ਫਾਇਦਾ ਲੈਣ ਲਈ ਇਸਤੇਮਾਲ ਕਰਨਾ ਚਾਹੁੰਦੇ ਸੀ ਜਿਸ ਤੇ ਹੁਣ ਭਰੋਸਾ ਕਰਨਾ ਔਖਾ ਹੈ ਉਨਾਂ ਕਿਹਾ ਕਿ ਪੰਜਾਬ ਅੰਦਰ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੀਆਂ ਮਨਮਰਜੀਆਂ ਤਹਿਤ ਸੂਬੇ ਦੇ ਸਵਿਧਾਨਿਕ ਨਿਯਮਾਂ ਨੂੰ ਛਿੱਕੇ ਟੰਗ ਰਹੇ ਹਨ ਤਾਂ ਹੀ ਅੱਜ ਪੰਜਾਬ ਅੰਦਰ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਲੜਖੜਾਈ ਹੋਈ ਹੈ ਉਨਾਂ ਕਿਹਾ ਕਿ ਦਿਨ ਦਿਹਾੜੇ ਕਤਲੋਗਾਰਤ, ਚੋਰੀਆਂ ਡਾਕੇ ਮਾਰ ਕੇ ਸ਼ਰੇਆਮ ਵਿਅਕਤੀ ਖੁੱਲੇ ਵਿੱਚ ਘੁੰਮ ਰਹੇ ਹਨ ਜਿਸ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਤਾਂ ਹੀ ਪੰਜਾਬ ਦੇ ਲੋਕਾਂ ਦੇ ਦਿਨਾਂ ਅੰਦਰ ਦਿਨ ਦਿਹਾੜੇ ਬਾਰਦਾਤਾ ਹੁੰਦੀਆਂ ਦੇਖ ਲੋਕ ਸਹਿਮ ਦੇ ਮਾਹੌਲ ਵਿੱਚ ਹਨ ਉਨਾ ਕਿਹਾ ਕਿ ਪੰਜਾਬ ਦੇ ਲੋਕ ਭਵਿੱਖ ਵਿੱਚ ਆ ਰਹੀਆਂ ਵਿਧਾਨ ਸਭਾ ਦੀਆਂ ਚੋਣਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨਗੇ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਮੇਂ ਪਹਿਲਾਂ ਪੰਜਾਬ ਦੇ ਲੋਕਾਂ ਸੇਫਟੀ ਰੱਖੀ ਜਾਂਦੀ ਹੈ ਅਤੇ ਫਿਰ ਬਾਕੀ ਕੰਮ ਕੀਤੇ ਜਾਂਦੇ ਹਨ ਤਾਂ ਹੀ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਦਾ ਸੂਬੇ ਅੰਦਰ ਰਾਜ ਰਿਹਾ ਹੈ ਉਦੋਂ ਪੰਜਾਬ ਦੇ ਲੋਕ ਸੁੱਖ ਦਾ ਸਾਹ ਲੈਂਦੇ ਰਹੇ ਹਨ ਪਰ ਜਿਸ ਦਿਨ ਤੋਂ ਕਾਂਗਰਸ ਅਤੇ ਆਪ ਨੇ ਸੂਬੇ ਅੰਦਰ ਰਾਜ ਸਵਾਲ ਹੈ ਉਸ ਦਿਨ ਤੋਂ ਲੋਕਾਂ ਨੂੰ ਦਿਨ ਅਤੇ ਰਾਤ ਨੂੰ ਗੈਂਗਸਟਰ ਦੇ ਫੈਲੇ ਜਾਲ ਡਰ ਲੱਗ ਰਿਹਾ ਉਨ੍ਹਾਂ ਕਿਹਾ ਕਿ ਸਰਕਾਰ ਕਣਕ ਦੀ ਖਰੀਦ ਵਿੱਚ ਬੁਰੀ ਤਰ੍ਹਾਂ ਫੇਲ ਹੋਈ ਹੈ ਜਿਹਦਾ ਖਮਿਆਜਾ ਕਿਸਾਨਾਂ ਨੂੰ ਭੁਗਤਣ ਲਈ ਮਜਬੂਰ ਹੋਣਾ ਪੈ ਰਿਹਾ ਪੰਜਾਬ ਦਾ ਕਿਸਾਨ ਕਈ ਕਈ ਦਿਨ ਮੰਡੀਆਂ ਵਿੱਚ ਰਾਤਾਂ ਕੱਟਣ ਲਈ ਮਜਬੂਰ ਹੈ

# ਪੰਜਾਬ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਲੜਕੀਆਂ ਦਾ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਕਦਮ: ਬੰਨੀ ਚੈਹਿਲ

ਪਟਿਆਲਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਰੋਟਰੈਕਟ ਕਲੱਬ ਥਾਪਰ ਇੰਸੀਚਿਊਟ ਆਫ ਟੈਕਨਾਲੋਜੀ ਦੇ ਸਹਿਯੋਗ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਮਿਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ , ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ- ਕਮਾਊਨਟੀ ਅਫਸਰ ਵੈਭਵ ਚੋਧਰੀ ਦੀ ਸਰਪ੍ਰਸਤੀ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ, ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਗੋਬਿੰਦਪੁਰਾ ਉਰਫ਼ ਸੁਨਿਆਰਹੇੜੀ ਵਾਲਿਆਂ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਬਰ ਜ਼ਿਲ੍ਹਾ ਸਾਝ ਕੇਂਦਰ, ਮੈਬਰ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੋਸਲਿੰਗ ਸੈਲ ਨੇ ਕੀਤੀ।ਪ੍ਰੋਗਰਾਮ ਦਾ ਉਦਘਾਟਨ ਉਘੇ ਸਮਾਜ ਸੇਵੀ ਰਜਨੀਸ਼ ਸਿੰਘ ਬਿੱਟੂ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤਾ। ਇਸ ਮੌਕੇ ਰਿਦਮ ਘਈ ਪ੍ਰਧਾਨ ਰੋਟਰੈਕਟ ਕਲੱਬ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ।ਵਿਸ਼ੇਸ਼ ਤੌਰ ਤੇ ਅਰਮਾਨ ਮਲਿਕ, ਸ਼ੇਖਰ ਚੋਰਸੀਆ, ਸਨੇਹਾ, ਮੁਸਕਾਨ,ਸਨਕ੍ਰਿਤੀ ਮਾਨ, ਪ੍ਰਿਆ, ਸੁਮਿਦਾ, ਹਿਮਾਂਸ਼ੀ, ਨਿਤਿਕਾ, ਅਨਿਆ, ਮਹਿਮਾ, ਗੋਰੀ, ਅਨਸੁਲਾ, ਦਿਵਆਸੀ, ਪਾਇਲ, ਆਸਾਨਾ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ ਵੀ ਹਾਜ਼ਰ ਸਨ ।ਇਸ ਮੌਕੇ ਸੰਬੋਧਨ ਕਰਦਿਆਂ ਉਘੇ ਸਮਾਜ ਸੇਵੀ ਬੰਨੀ ਚੈਹਿਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਲੜਕੀਆਂ ਦਾ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਕਦਮ ਹੈ। ਉਹਨਾਂ ਕਿਹਾ ਕਿ ਨਸ਼ੇ ਕਰਨ ਵਾਲਾ ਹਰ ਵਿਅਕਤੀ ਸ਼ੁਰੂ ਵਿੱਚ ਆਪਣੇ ਆਪ ਨੂੰ ਲੁਕਾਉਂਦਾ ਹੈ ਫਿਰ ਉਸਦਾ ਪਰਿਵਾਰ ਵੀ ਇਸ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ। ਕਿਉਂ ਕਿ ਉਹ ਜਾਣਦੇ ਹਨ ਕਿ ਨਸ਼ਾ ਲੈਣ ਵਾਲੇ ਨੂੰ ਲੋਕ ਨਫਰਤ ਕਰਦੇ ਹਨ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਨਸ਼ਾ ਕਰਨ ਵਾਲਿਆਂ ਨੂੰ ਨਫਰਤ ਨਾ ਕਰੀਏ, ਸਗੋਂ ਉਨ੍ਹਾਂ ਦੀ ਨਸ਼ਾ ਛੱਡਣ ਵਿੱਚ ਮੱਦਦ ਕਰੀਏ ।ਉਹਨਾਂ ਕਿਹਾ ਕਿ ਨਸ਼ਿਆਂ ਤੋਂ ਸਾਡੀ ਯੁਵਾ ਪੀੜ੍ਹੀ ਕਾਫੀ ਪ੍ਰਭਾਵਿਤ ਹੋ ਰਹੀ ਹੈ। ਉਹਨਾਂ ਕਿਹਾ ਕਿ ਨਸ਼ਾ ਇੱਕ ਮਿੱਠਾ ਜ਼ਹਿਰ ਹੈ ਜਿਸ ਨਾਲ ਸ਼ਰੀਰ ਵਿਚ ਕੁੱਝ ਸਮੇਂ ਲਈ ਤਾਂ ਚੁਸਤੀ ਆ ਜਾਂਦੀ ਹੈ ਪਰ ਇਹ ਹੌਲੀ-ਹੌਲੀ ਸ਼ਰੀਰ ਦੇ ਅੰਦਰੂਨੀ ਅੰਗਾਂ ਨੂੰ ਖਤਮ ਕਰ ਰਿਹਾ ਹੁੰਦਾ ਹੈ। ਉਹਨਾਂ ਕਿਹਾ ਕਿ ਨਸ਼ਾ ਜਿਥੇ ਸਾਡੀ ਬੁੱਧੀ ਦਾ ਨਾਸ਼ ਕਰਕੇ ਸਦਾਚਾਰਕ ਤੋਰ ਤੇ ਮਨੁੱਖ ਨੂੰ ਨੀਵਾਂ ਰੱਖਦੇ ਹਨ, ਉਥੇ ਸ਼ਰੀਰਿਕ ਤੌਰ ਤੇ ਵੀ ਕਾਫੀ ਨੁਕਸਾਨ ਕਰਦੇ ਹਨ। ਉਹਨਾਂ ਕਿਹਾ ਕਿ ਜਿਹੜੇ ਵਿਅਕਤੀ ਨਸ਼ਿਆਂ ਦੀ ਵਰਤੋਂ ਦੇ ਆਦੀ ਹੋ ਚੁੱਕੇ ਹਨ ਉਨ੍ਹਾਂ ਦਾ ਨਸ਼ਾ ਛੁਡਵਾਉਣ ਲਈ ਅਤੇ ਇਲਾਜ ਲਈ ਨੇੜੇ ਦੀ ਸਿਹਤ ਸੰਸਥਾ / ਓਟ ਸੈਂਟਰ ਜਾਂ ਡਰੱਗ ਡੀ ਅਡਿਕਸ਼ਨ ਸੈਂਟਰ ਵਿੱਚ ਲੈ ਕੇ ਜਾਣਾ ਚਾਹੀਦਾ ਹੈ ਜਿਥੇ ਇਹਨਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਪ੍ਰੋਗਰਾਮ ਦੇ ਅਖੀਰ ਵਿੱਚ ਨਸ਼ੇ ਨਾ ਕਰਨ, ਨਸ਼ੇ ਕਰਨ ਵਾਲਿਆਂ ਦੀ ਨਸ਼ਾ ਛੁਡਾਉਣ ਵਿੱਚ ਮੱਦਦ ਕਰਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਸਹੁੰ ਵੀ ਚੁਕਾਈ ਗਈ। ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ਼ ਆਫ ਕਾਮਰਸ ਨੇ ਡਰੱਗ ਫਰੀ ਵਲੱਡ ਕੈਲੋਫੋਰਨੀਆਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾਂ ਵੰਡੀਆਂ ਗਈਆਂ।

# ਬਹਾਵਲਪੁਰੀ ਭਾਈਚਾਰੇ ਦਾ ਦੇਸ਼ ਦੀ ਤਰੱਕੀ ਵਿੱਚ ਅਹਿਮ ਯੋਗਦਾਨ: ਹਰਪਾਲ ਜੁਨੇਜਾ

## 'ਬਹਾਵਲਪੁਰੀ ਦਿਵਸ' ਮੌਕੇ ਸਮਾਣਾ ਵਿਖੇ ਕਰਵਾਇਆ ਵਿਸ਼ੇਸ਼ ਸਮਾਗਮ; ਭਾਈਚਾਰੇ ਦੀ ਚੜ੍ਹਦੀ ਕਲਾ ਲਈ ਕੀਤੀ ਅਰਦਾਸ




ਸਮਾਣਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਅਖਿਲ ਭਾਰਤੀ ਬਹਾਵਲਪੁਰ ਮਹਾਸੰਘ ਵੱਲੋਂ 'ਬਹਾਵਲਪੁਰੀ ਦਿਵਸ' ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਹਰਪਾਲ ਜੁਨੇਜਾ ਨੇ ਕਿਹਾ ਕਿ ਬਹਾਵਲਪੁਰੀ ਭਾਈਚਾਰਾ ਆਪਣੀ ਮਿਹਨਤ ਅਤੇ ਦਿਆਨਤਦਾਰੀ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ, ÷ਦੇਸ਼ ਦੀ ਆਰਥਿਕ ਅਤੇ ਸਮਾਜਿਕ ਉੱਨਤੀ ਵਿੱਚ ਇਸ ਭਾਈਚਾਰੇ ਦਾ ਬਹੁਤ ਵੱਡਾ ਅਤੇ ਅਹਿਮ ਯੋਗਦਾਨ ਹੈ। ਵੰਡ ਦੇ ਸੰਤਾਪ ਨੂੰ ਹੰਢਾਉਣ ਦੇ ਬਾਵਜੂਦ ਇਸ ਭਾਈਚਾਰੇ ਨੇ ਆਪਣੀ ਹਿੰਮਤ ਨਾਲ ਸਮਾਜ ਵਿੱਚ ਇੱਕ ਸਤਿਕਾਰਯੋਗ ਮੁਕਾਮ ਹਾਸਲ ਕੀਤਾ ਹੈ।÷ ਉਨ੍ਹਾਂ ਭਾਈਚਾਰੇ ਦੇ ਸ਼ਾਨਾਮੱਤੇ ਇਤਿਹਾਸ ਦੀ ਸ਼ਲਾਘਾ ਕਰਦਿਆਂ ਸਾਰਿਆਂ ਨੂੰ ਏਕਤਾ ਦੇ ਸੂਤਰ ਵਿੱਚ ਬੱਝੇ ਰਹਿਣ ਦਾ ਸੱਦਾ ਦਿੱਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹਾਸੰਘ ਦੇ ਪੰਜਾਬ ਪ੍ਰਧਾਨ ਰਾਜ ਕੁਮਾਰ ਸਚਦੇਵਾ ਨੇ ਦੱਸਿਆ ਕਿ ਇਹ ਦਿਨ ਬਹਾਵਲਪੁਰੀ ਭਾਈਚਾਰੇ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਸ ਵਾਰ ਵੀ ਇਹ ਦਿਹਾੜਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਯਾਦਗਾਰੀ ਬਣਾਇਆ ਗਿਆ। ਸਮਾਗਮ ਦੌਰਾਨ ਭਾਈਚਾਰੇ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ ਗਈ।

ਮਹਾਸੰਘ ਦੇ ਮੁੱਖ ਸਰਪ੍ਰਸਤ ਡਾ. ਮਦਨ ਲਾਲ ਹਸੀਜਾ ਅਤੇ ਗਿਆਨ ਚੰਦ ਕਟਾਰੀਆ ਨੇ ਕਿਹਾ ਕਿ ਅਜਿਹੇ ਸਮਾਗਮਾਂ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਅਤੇ ਸੱਭਿਆਚਾਰ ਨਾਲ ਜੋੜਨਾ ਹੈ। ਚੇਅਰਮੈਨ ਜਗਦੀਸ਼ ਕੁਮਾਰ, ਪ੍ਰਧਾਨ ਸੁਸ਼ੀਲ ਪੋਪਲੀ ਅਤੇ ਕਾਰਜਕਾਰੀ ਪ੍ਰਧਾਨ ਰਾਮ ਚੰਦ ਰਾਮਾ ਨੇ ਆਈਆਂ ਹੋਈਆਂ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ।

ਸਮਾਗਮ ਦੇ ਅਖੀਰ ਵਿੱਚ ਪ੍ਰਧਾਨ ਰਾਜ ਕੁਮਾਰ ਸਚਦੇਵਾ ਅਤੇ ਸਮੂਹ ਮੈਂਬਰਾਂ ਵੱਲੋਂ ਹਰਪਾਲ ਜੁਨੇਜਾ ਅਤੇ ਹੋਰ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਬਹਾਵਲਪੁਰ ਮਹਾਸੰਘ ਦੇ ਮੈਂਬਰਾਂ ਨੇ ਭਾਈਚਾਰਕ ਏਕਤਾ ਨੂੰ ਕਾਇਮ ਰੱਖਣ ਦਾ ਪ੍ਰਣ ਲਿਆ। 'ਜੈ ਬਹਾਵਲਪੁਰੀ' ਅਤੇ 'ਜੀਵੇ ਬਹਾਵਲਪੁਰੀ' ਦੇ ਨਾਅਰਿਆਂ ਨਾਲ ਪੂਰਾ ਪੰਡਾਲ ਗੂੰਜ ਉੱਠਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਭਾਈਚਾਰੇ ਦੇ ਲੋਕ ਹਾਜ਼ਰ ਸਨ।

## ਪਲੇ ਵੇਜ਼ ਸੀਨੀਅਰ ਸਕੈਂਡਰੀ ਸਕੂਲ ਵੱਲੋਂ ਮਿੰਨੀ ਮੈਰਾਥਨ ਦਾ ਆਯੋਜਨ

# ਐਮ.ਐਲ.ਏ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਨੇ ਦਿੱਤੀ ਹਰੀ ਝੰਡੀ



ਪਟਿਆਲਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਲੇ ਵੇਜ਼ ਸੀਨੀਅਰ ਸੈਕੈਂਡਰੀ ਸਕੂਲ ,ਪਟਿਆਲਾ ਵਿਖੇ ਸਕੂਲ ਦੇ ਚੇਅਰਮੈਨ ਡਾ. ਰਾਜਦੀਪ ਸਿੰਘ ਦੀ ਅਗਵਾਈ ਅਤੇ ਤਾਈਕਵਾਡੋਂ ਕੋਚ ਸਤਵਿੰਦਰ ਸਿੰਘ ਦੀ ਦੇਖ-ਰੇਖ ਹੇਠ ਵਿਸਾਖੀ ਦੇ ਮੌਕੇ ਤੇ ' ਯੁੱਧ ਨਸ਼ਿਆਂ ਵਿਰੁੱਧ ' ਨੂੰ ਸੰਬੋਧਿਤ ਮਿੰਨੀ ਮੈਰਾਥਨ ਦਾ ਆਯੋਜਿਤ ਸਕੂਲ ਕੈਂਪਸ ਤੋਂ ਕੀਤਾ ਗਿਆ । ਇਸ ਮੈਰਾਥਨ ਵਿੱਚ ਬੱਚਿਆਂ ਲਈ ਸਕੂਲ ਚੇਅਰਮੈਨ ਡਾ ? ਰਾਜਦੀਪ ਸਿੰਘ ,ਡਾਇਰੈਕਟਰ ਹਰਲੀਨ ਕੌਰ ਅਤੇ ਪ੍ਰਿੰਸੀਪਲ ਰਕਸ਼ਾ ਵਰਮਾ ਵੱਲੋਂ ਬੜੇ ਸੁਚੱਜੇ ਢੰਗ ਨਾਲ ਪ੍ਰਬੰਧ ਕੀਤਾ ਗਿਆ । ਇਸ ਮੈਰਾਥਨ ਵਿੱਚ ਵੱਖ-ਵੱਖ ਸਕੂਲਾਂ ਦੇ ਲਗਭਗ 600 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ । ਜ਼ਿਕਰ ਯੋਗ ਹੈ ਕਿ ਇਸ ਮੈਰਥਨ ਵਿੱਚ ਵਿਦਿਆਰਥੀਆਂ ਦੇ ਨਾਲ ਸਕੂਲ ਟੀਚਰਾਂ ਨੇ ਵੀ ਇਸ ਮੈਰਾਥਨ ਵਿੱਚ ਵੱਧ ਚੜ ਕੇ ਹਿੱਸਾ ਲਿਆ । ਇਸ ਮੈਰਾਥਨ ਨੂੰ ਹਰੀ ਝੰਡੀ ਦੇਣ ਲਈ ਮੁੱਖ ਮਹਿਮਾਨ ਵਜੋਂ ਅਜੀਤ ਪਾਲ ਸਿੰਘ ਕੋਹਲੀ ਐੱਮ.ਐੱਲ.ਏ ਕੁੰਦਨ ਗੋਗੀਆ ਮੇਅਰ ਪਟਿਆਲਾ ਪੁੱਜੇ । ਇਸ ਮੌਕੇ ਤੇ ਦਵਿੰਦਰ ਪਾਲ ਸਿੰਘ ਐਮ.ਸੀ, ਜਸਪਾਲ ਸਿੰਘ ਐਮ.ਸੀ, ਵਨਦੀਪ ਕੁਮਾਰ ਸ਼ਰਮਾ ਐੱਸ.ਐੱਚ.ਓ ਵੀ ਪਹੁੰਚੇ। ਇਸ ਮੈਰਾਥਨ ਵਿੱਚ ਬੱਚਿਆਂ ਨੂੰ ਉਤਸਾਹਿਤ ਕਰਨ ਲਈ ਪ੍ਰੋਫੈਸਰ ਸ਼ਵਿੰਦਰ ਸਿੰਘ, ਸਕੂਲ ਸਪੋਰਟਸ ਇੰਚਾਰਜ ਸੁਰਿੰਦਰ ਪਾਲ ਸਿੰਘ, ਅਰਵਿੰਦਰ ਸਿੰਘ ਉਮੰਗ ਫਾਊਂਡੇਸ਼ਨ, ਜਸਵਿੰਦਰ ਸਿੰਘ ਫਿਜ਼ੀਕਲ ਐਜੂਕੇਸ਼ਨ ਅਤੇ ਤਾਂਇਕਵਾਡੋਂ ਕੋਚ ਸਤਵਿੰਦਰ ਸਿੰਘ ਨੇ ਵੀ ਹਿੱਸਾ ਲਿਆ । ?

ਇਸ ਮੌਕੇ ਤੇ ਅਜੀਤ ਪਾਲ ਕੋਹਲੀ ਨੇ ਕਿਹਾ ਕਿ ਪਲੇ ਵੇਜ਼ ਸਕੂਲ ਵੱਲੋਂ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਿਆ ਹੋਇਆ ਹੈ ਜੋ ਕਿ ਪਿਛਲੇ ਕਈ ਸਾਲਾਂ ਤੋਂ ਇਹ ਮੈਰਾਥਨ ਕਰਵਾ ਰਹੇ ਹਨ ਅਤੇ ਬੱਚਿਆਂ ਨੂੰ ਤੰਦਰੁਸਤ ਰਹਿਣ ਲਈ ਪ੍ਰੇਰਿਤ ਕਰ ਰਹੇ ਹਨ । ਉਹਨਾਂ ਨਾਲ ਇਹ ਵੀ ਦੱਸਿਆ ਕਿ ਸਰਕਾਰ ਵੀ ਯੁੱਧ ਨਸ਼ਿਆਂ ਵਿਰੁੱਧ ਦੀ ਮੁਹਿੰਮ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਚਲਾ ਰਹੀ ਹੈ । ਇਸ ਮੌਕੇ ਤੇ ਮੇਅਰ ਕੁੰਦਨ ਲਾਲ ਗੋਗੀਆ ਨੇ ਵੀ ਸਕੂਲ ਦੀ ਸਲਾਘਾਂ ਕਰਦੇ ਹੋਏ ਬੱਚਿਆਂ ਨੂੰ ਆਪਣੀ ਸਿਹਤ ਪ੍ਰਤੀ ਧਿਆਨ ਰੱਖਣ ਲਈ ਕਿਹਾ । ਡਾ. ਰਾਜਦੀਪ ਸਿੰਘ ਨੇ ਵਿਸਾਖੀ ਦੀ ਮਹੱਤਤਾ ਦੱਸਦੇ ਹੋਏ ਸਾਡੇ ਵਿਰਸੇ ਬਾਰੇ ਜਾਗਰੂਕ ਕੀਤਾ । ਅਤੇ ਉਹਨਾਂ ਨੇ ਕਿਹਾ ਕਿ ਉਹ ਬੱਚਿਆਂ ਦੀ ਚੰਗੀ ਸਿਹਤ ਅਤੇ ਤੰਦਰੁਸਤੀ ਲਈ ਭਵਿੱਖ ਵਿੱਚ ਵੀ ਉਹ ਅਜਿਹੇ ਉਪਰਾਲੇ ਕਰਦੇ ਰਹਿਣਗੇ।

# ਡੀ.ਏ.ਵੀ. ਸੈਂਟੇਨਰੀ ਪਬਲਿਕ ਸਕੂਲ, ਮਲੇਰਕੋਟਲਾ ਵੱਲੋਂ ਮਹਾਤਮਾ ਹੰਸਰਾਜ ਜੀ ਦਾ 162ਵਾਂ ਜਨਮ ਦਿਵਸ ਮਨਾਇਆ



ਮਲੇਰਕੋਟਲਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਏ.ਵੀ. ਸੈਂਟੇਨਰੀ ਪਬਲਿਕ ਸਕੂਲ, ਮਲੇਰਕੋਟਲਾ ਵਿਖੇ 1886 ਵਿੱਚ ਡੀ.ਏ.ਵੀ. ਸੰਸਥਾਵਾਂ ਦੇ ਸੰਸਥਾਪਕ ਅਤੇ ਡੀ.ਏ.ਵੀ. ਹਾਈ ਸਕੂਲ, ਲਾਹੌਰ ਦੇ ਪਹਿਲੇ ਪ੍ਰਿੰਸੀਪਲ ਮਹਾਤਮਾ ਹੰਸਰਾਜ ਜੀ ਦਾ 162ਵਾਂ ਜਨਮ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਇਹ ਸਮਾਗਮ ਸਕੂਲ ਦੇ ਪ੍ਰਿੰਸੀਪਲ ਸੈਣੀ ਰਣਵੀਰ ਸਿੰਘ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਸਵੇਰੇ ਦੀ ਸਭਾ ਆਯੋਜਿਤ ਕੀਤੀ ਗਈ। ਪ੍ਰਿੰਸੀਪਲ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਮਹਾਤਮਾ ਹੰਸਰਾਜ ਜੀ ਦੇ ਚਿੱਤਰ ਨੂੰ ਫੁੱਲ ਅਤੇ ਮਾਲਾਵਾਂ ਅਰਪਿਤ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਾਰੇ ਵਾਤਾਵਰਣ ਵਿੱਚ ਆਦਰ ਅਤੇ ਸ਼ਰਧਾ ਦਾ ਮਾਹੌਲ ਬਣਿਆ ਰਿਹਾ।

ਵਿਦਿਆਰਥੀਆਂ ਵੱਲੋਂ ਮਹਾਤਮਾ ਹੰਸਰਾਜ ਜੀ ਦੇ ਜੀਵਨ ਅਤੇ ਯੋਗਦਾਨ ਬਾਰੇ ਪ੍ਰੇਰਣਾਦਾਇਕ ਭਾਸ਼ਣ ਪੇਸ਼ ਕੀਤੇ ਗਏ। ਖੁਸ਼ੀ ਗਰਗ (ਦਸਵੀਂ ਕਲਾਸ) ਨੇ ਹਿੰਦੀ ਵਿੱਚ ਅਤੇ ਰਵਨੀਤ ਕੌਰ (ਨੌਵੀਂ ਕਲਾਸ) ਨੇ ਅੰਗਰੇਜ਼ੀ ਵਿੱਚ ਮਹਾਤਮਾ ਹੰਸਰਾਜ ਜੀ ਦੇ ਜੀਵਨ, ਉਪਦੇਸ਼ਾਂ ਅਤੇ ਨਿਸ਼ਕਾਮ ਸੇਵਾ ਬਾਰੇ ਵਿਚਾਰ ਪੇਸ਼ ਕੀਤੇ। ਪਾਵਨੀ (ਛੇਵੀਂ ਕਲਾਸ) ਨੇ ਮਹਾਤਮਾ ਹੰਸਰਾਜ ਜੀ ਦੇ ਜੀਵਨ ਉੱਤੇ ਆਧਾਰਿਤ ਸੁੰਦਰ ਕਵਿਤਾ ਸੁਣਾਈ, ਜਿਸ ਦੀ ਸਭ ਨੇ ਸਰਾਹਨਾ ਕੀਤੀ।

# ਸੀਬੀਐਸਈ ਦਸਵੀਂ ਦੇ ਨਤੀਜਿਆਂ 'ਚ ਸਾਕਸ਼ੀ ਮਿੱਤਲ ਨੇ ਮਾਰੀ ਬਾਜ਼ੀ

ਸਮਾਣਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਸੀਬੀਐਸਈ ਬੋਰਡ ਦੀ ਦਸਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚ ਸਮਾਣਾ ਦੀ ਹੋਣਹਾਰ ਵਿਦਿਆਰਥਣ ਸਾਕਸ਼ੀ ਮਿੱਤਲ ਨੇ 95.20 ਫੀਸਦੀ ਅੰਕ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਹ ਨਾਮੀ ਪੱਤਰਕਾਰ ਜੋਹਰੀ ਮਿੱਤਲ ਦੀ ਧੀ ਹੈ, ਜਿਸ ਨਾਲ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਹੈ।

ਸਾਕਸ਼ੀ ਮਿੱਤਲ ਦੀ ਇਸ ਕਾਮਯਾਬੀ ਨਾਲ ਨਾ ਸਿਰਫ ਉਸਦੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ, ਸਗੋਂ ਸਕੂਲ ਦਾ ਨਾਮ ਵੀ ਰੌਸ਼ਨ ਹੋਇਆ ਹੈ। ਡੀਏਵੀ ਪਬਲਿਕ ਸਕੂਲ ਕਕਰਾਲਾ ਦੇ ਅਧਿਆਪਕਾਂ ਅਤੇ ਸਟਾਫ਼ ਵੱਲੋਂ ਵੀ ਵਿਦਿਆਰਥਣ ਨੂੰ ਵਧਾਈ ਦਿੱਤੀ ਗਈ ਅਤੇ ਉਸਦੀ ਮਿਹਨਤ ਦੀ ਸਰਾਹਨਾ ਕੀਤੀ ਗਈ। ਇਸ ਮੌਕੇ ਸਾਕਸ਼ੀ ਦੇ ਮਾਪਿਆਂ ਨੇ ਦੱਸਿਆ ਕਿ ਉਸਨੇ ਨਿਯਮਿਤ ਪੜ੍ਹਾਈ, ਅਨੁਸ਼ਾਸਨ ਅਤੇ ਲਗਨ ਨਾਲ ਇਹ ਸਫਲਤਾ ਹਾਸਲ ਕੀਤੀ ਹੈ। ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਸਾਕਸ਼ੀ ਦੀ ਇਹ ਪ੍ਰਾਪਤੀ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਸਰੂਪ ਹੈ।

ਸਾਕਸ਼ੀ ਮਿੱਤਲ ਨੇ ਆਪਣੀ ਕਾਮਯਾਬੀ ਦਾ ਸਹਿਰਾ ਆਪਣੇ ਮਾਪਿਆਂ ਅਤੇ ਅਧਿਆਪਕਾਂ ਨੂੰ ਦਿੱਤਾ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਉੱਚੀਆਂ ਉਡਾਣਾਂ ਭਰਨ ਦੀ ਇੱਛਾ ਜਤਾਈ।

# ਸੁਪਰੀਮ ਕੋਰਟ ਦੇ ਸੀਸੀਟੀਵੀ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਮਾਮਲੇ 'ਚ ਹਾਈ ਕੋਰਟ ਵੱਲੋਂ ਡੀਜੀਪੀ ਪੰਜਾਬ ਸਮੇਤ ਅਧਿਕਾਰੀਆਂ ਨੂੰ ਨੋਟਿਸ

ਪਟਿਆਲਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੀ ਸੈਂਟਰਲ ਜੇਲ੍ਹ ਵਿੱਚ ਬੰਦ ਕੈਦੀ ਅਮਨ ਪ੍ਰਜਾਪਤ ਵੱਲੋਂ ਦਾਇਰ ਕੀਤੀ ਗਈ ਇੱਕ ਮਹੱਤਵਪੂਰਨ ਅਰਜ਼ੀ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡੀਜੀਪੀ ਪੰਜਾਬ ਸਮੇਤ ਹੋਰ ਪੁਲਿਸ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਅਰਜ਼ੀ ਅਦਾਲਤ ਦੀ ਤੌਹੀਨ ਅਧੀਨ ਦਾਇਰ ਕੀਤੀ ਗਈ ਹੈ, ਜਿਸ ਵਿੱਚ ਦਲੀਲ ਦਿੱਤੀ ਗਈ ਹੈ ਕਿ ਪੁਲਿਸ ਵਿਭਾਗ ਵੱਲੋਂ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਉਹ ਹੁਕਮ ਨਹੀਂ ਮੰਨੇ ਗਏ, ਜਿਨ੍ਹਾਂ ਅਧੀਨ ਹਰ ਪੁਲਿਸ ਥਾਣੇ ਅਤੇ ਪੁਲਿਸ ਪੋਸਟ 'ਤੇ ਸੀਸੀਟੀਵੀ ਕੈਮਰੇ ਲਗਾਉਣ ਲਾਜ਼ਮੀ ਕੀਤੇ ਗਏ ਸਨ। ਇਸ ਮਾਮਲੇ ਵਿੱਚ ਡੀਜੀਪੀ ਪੰਜਾਬ ਸਮੇਤ ਕਈ ਸੀਨੀਅਰ ਅਧਿਕਾਰੀਆਂ ਨੂੰ ਪਾਰਟੀ ਬਣਾਇਆ ਗਿਆ ਹੈ।

ਪਟੀਸ਼ਨਰ ਦੀ ਪੱਖੋਂ ਵਕੀਲ ਮਯੂਰ ਕਰਕਰਾ ਨੇ ਅਦਾਲਤ ਵਿੱਚ ਦਲੀਲਾਂ ਪੇਸ਼ ਕੀਤੀਆਂ। ਸੁਣਵਾਈ ਦੌਰਾਨ ਹਾਈ ਕੋਰਟ ਨੇ ਨੋਟਿਸ ਆਫ ਮੋਸ਼ਨ ਜਾਰੀ ਕਰਦਿਆਂ ਰਾਜ ਪੰਜਾਬ ਨੂੰ ਜਵਾਬ ਦਾਖਲ ਕਰਨ ਲਈ ਸਮਾਂ ਦਿੱਤਾ ਅਤੇ ਮਾਮਲੇ ਦੀ ਅਗਲੀ ਸੁਣਵਾਈ 30 ਅਪ੍ਰੈਲ 2026 ਲਈ ਮੁਲਤਵੀ ਕਰ ਦਿੱਤੀ।

ਅਰਜ਼ੀ ਦੇ ਅਨੁਸਾਰ ਇਹ ਮਾਮਲਾ ਐਫਆਈਆਰ ਨੰਬਰ 28 ਮਿਤੀ 28.03.2024 ਨਾਲ ਸੰਬੰਧਿਤ ਹੈ, ਜੋ ਕਿ ਐਨਡੀਪੀਐਸ ਐਕਟ ਹੇਠ ਪੁਲਿਸ ਥਾਣਾ ਸਦਰ ਪਟਿਆਲਾ ਵਿੱਚ ਦਰਜ ਕੀਤੀ ਗਈ ਸੀ। ਪਟੀਸ਼ਨਰ ਦਾ ਦੋਸ਼ ਹੈ ਕਿ ਪੁਲਿਸ ਪੋਸਟ ਬਹਾਦੁਰਗੜ੍ਹ ਵਿੱਚ ਕੋਈ ਸੀਸੀਟੀਵੀ ਕੈਮਰਾ ਲੱਗਿਆ ਨਹੀਂ ਸੀ, ਜਿਸ ਕਾਰਨ ਅਹਿਮ ਸਬੂਤ ਉਪਲਬਧ ਨਹੀਂ ਹੋ ਸਕੇ। ਟਰਾਇਲ ਦੌਰਾਨ ਪੁਲਿਸ ਗਵਾਹਾਂ ਵੱਲੋਂ ਵੀ ਇਹ ਮੰਨਿਆ ਗਿਆ ਕਿ ਸੰਬੰਧਿਤ ਪੁਲਿਸ ਪੋਸਟ 'ਤੇ ਸੀਸੀਟੀਵੀ ਕੈਮਰੇ ਮੌਜੂਦ ਨਹੀਂ ਸਨ, ਜਿਸ ਨਾਲ ਕੰਪਲਾਇੰਸ ਰਿਪੋਰਟਾਂ 'ਤੇ ਸਵਾਲ ਖੜ੍ਹਦੇ ਹਨ। ਪਟੀਸ਼ਨਰ ਨੇ ਇਸਨੂੰ ਆਰਟੀਕਲ 21 ਦੀ ਉਲੰਘਣਾ ਦੱਸਦੇ ਹੋਏ ਪਟਿਆਲਾ ਜ਼ਿਲ੍ਹੇ ਵਿੱਚ ਸੀਸੀਟੀਵੀ ਪ੍ਰਬੰਧ ਦੀ ਵਿਆਪਕ ਜਾਂਚ ਦੀ ਮੰਗ ਕੀਤੀ ਹੈ।

ਇਸ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਵਿਰੁੱਧ Baljit Singh ਦਾ ਹਵਾਲਾ ਵੀ ਦਿੱਤਾ ਗਿਆ ਹੈ, ਜਿਸ ਵਿੱਚ ਪੁਲਿਸ ਥਾਣਿਆਂ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਲਾਜ਼ਮੀ ਕਰਾਰ ਦਿੱਤਾ ਗਿਆ ਸੀ। ਮਾਮਲੇ ਦੀ ਅਗਲੀ ਸੁਣਵਾਈ ਹੁਣ 30 ਅਪ੍ਰੈਲ 2026 ਨੂੰ ਹੋਵੇਗੀ, ਜਿੱਥੇ ਹਾਈ ਕੋਰਟ ਰਾਜ ਦੀ ਕੰਪਲਾਇੰਸ ਦੀ ਜਾਂਚ ਕਰੇਗੀ।

# ਨਗਰ ਕੌਂਸਲ ਵੱਲੋਂ ਇਤਜ਼ਾਰ (ਆਬਜੈਕਸ਼ਨ) ਲਈ ਵੋਟਰ ਸੂਚੀਆਂ ਨਹੀਂ ਦਿੱਤੀਆਂ ਜਾ ਰਹੀਆਂ : ਦਮਨ ਬਾਜਵਾ

ਸੁਨਾਮ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਸੁਨਾਮ ਊਧਮ ਸਿੰਘ ਵਾਲਾ ਵਿਖੇ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਨੂੰ ਮੁੱਖ ਰੱਖਦਿਆਂ ਵੋਟਰ ਸੂਚੀਆਂ ਜਾਰੀ ਨਾ ਕਰਨ ਦੇ ਮਾਮਲੇ ਨੂੰ ਲੈ ਕੇ ਭਾਜਪਾ ਆਗੂ ਦਾਮਨ ਬਾਜਵਾ ਅਤੇ ਹਰਮਨ ਬਾਜਵਾ ਨਗਰ ਕੌਂਸਲ ਦਫ਼ਤਰ ਪਹੁੰਚੇ। ਇਸ ਮੌਕੇ ਦਾਮਨ ਬਾਜਵਾ ਅਤੇ ਹਰਮਨਦੇਵ ਬਾਜਵਾ ਨੇ ਦੋਸ਼ ਲਗਾਇਆ ਕਿ ਨਗਰ ਕੌਂਸਲ ਵੱਲੋਂ ਇੰਤਜ਼ਾਰ (ਆਬਜੈਕਸ਼ਨ) ਲਈ ਵੋਟਰ ਸੂਚੀਆਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਕਾਰਨ ਆਮ ਲੋਕਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੇ ਈਓ ਨਾ ਤਾ ਫੋਨ ਚੱਕ ਰਹੇ ਹਨ ਅਤੇ ਨਾ ਹੀ ਨਗਰ ਕੌਂਸਲ ਵਿੱਚ ਹਾਜ਼ਰ ਹਨ।

ਆਪਣੇ ਵਿਰੋਧ ਦੇ ਤੌਰ 'ਤੇ ਆਗੂਆਂ ਨੇ ਈਓ ਦੀ ਤਸਵੀਰ ਦਿਖਾਉਂਦੇ ਹੋਏ ਕਿਹਾ ਕਿ ਇੱਕ ਪਾਸੇ ਲੋਕ ਵੋਟਰ ਸੂਚੀਆਂ ਲਈ ਭਟਕ ਰਹੇ ਹਨ, ਜਦਕਿ ਸੰਬੰਧਿਤ ਅਧਿਕਾਰੀ ਗਾਇਬ ਹਨ। ਉਨ੍ਹਾਂ ਨੇ ਇਸ ਸਥਿਤੀ ਨੂੰ ਮੌਜੂਦਾ ਪੰਜਾਬ ਸਰਕਾਰ ਨਾਲ ਮਿਲੀਭੁਗਤ ਕਰਾਰ ਦਿੰਦਿਆਂ ਕਿਹਾ ਕਿ ਜੇ ਇਸ ਤਰ੍ਹਾਂ ਲੋਕਤੰਤਰ ਦਾ ਘਾਣ ਕੀਤਾ ਜਾਵੇਗਾ ਤਾਂ ਸਰਕਾਰ ਸਿੱਧੇ ਹੀ ਆਪਣੇ ਮਨਪਸੰਦ ਐਮ.ਸੀ. ਨਿਯੁਕਤ ਕਰ ਦੇਵੇ।

ਵੋਟਰ ਸੂਚੀਆਂ ਪ੍ਰਾਪਤ ਕਰਨ ਲਈ ਦਾਮਨ ਬਾਜਵਾ ਅਤੇ ਹਰਮਨ ਬਾਜਵਾ ਨੇ ਸੰਘਰਸ਼ ਜਾਰੀ ਰੱਖਦਿਆਂ ਐਸ.ਡੀ.ਐਮ. ਦਫ਼ਤਰ ਵਿੱਚ ਸੰਬੰਧਿਤ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਜ਼ਰੂਰਤ ਪੈਣ 'ਤੇ ਧਰਨਾ ਦੇਣ ਦੀ ਚੇਤਾਵਨੀ ਦਿੱਤੀ। ਇਸ ਦੇ ਬਾਅਦ ਕੁਝ ਸਮੇਂ ਵਿੱਚ ਹੀ ਨਗਰ ਕੌਂਸਲ ਵੱਲੋਂ ਵੋਟਰ ਸੂਚੀਆਂ ਜਾਰੀ ਕਰ ਦਿੱਤੀਆਂ ਗਈਆਂ। ਹਾਲਾਂਕਿ, ਇਸ ਦੌਰਾਨ ਵੀ ਨਗਰ ਕੌਂਸਲ ਦੇ ਈਓ ਮੌਕੇ 'ਤੇ ਮੌਜੂਦ ਨਹੀਂ ਮਿਲੇ, ਜਿਸ 'ਤੇ ਆਗੂਆਂ ਨੇ ਵਿਲੱਖਣ ਢੰਗ ਨਾਲ ਵਿਰੋਧ ਦਰਜ ਕਰਵਾਉਂਦੇ ਹੋਏ ਅਧਿਕਾਰੀ ਦੇ ਲਾਪਤਾ ਹੋਣ ਦੇ ਪੋਸਟਰ ਦਿਖਾਏ ਅਤੇ ਪ੍ਰਸ਼ਾਸਨ ਤੋਂ ਜਵਾਬਦੇਹੀ ਦੀ ਮੰਗ ਕੀਤੀ।

ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇ ਭਵਿੱਖ ਵਿੱਚ ਇਸ ਤਰ੍ਹਾਂ ਦੀ ਲਾਪਰਵਾਹੀ ਜਾਰੀ ਰਹੀ ਤਾਂ ਵੱਡੇ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਬੀਜੇਪੀ ਸਾਬਕਾ ਕੌਸਲਰ ਮੋਨਿਕਾ ਗੋਇਲ, ਕਾਂਗਰਸੀ ਸਾਬਕਾ ਕੌਸਲਰ ਮਨਪ੍ਰੀਤ ਵੜੈਚ ਵੀ ਹਾਜ਼ਰ ਰਹੇ।

# ਸੀ ਟੀ ਯੂਨੀਵਰਸਿਟੀ 'ਚ ਨਸ਼ਾ ਮੁਕਤੀ ਜਾਗਰੂਕਤਾ ਮੁਹਿੰਮ, ਪ੍ਰਸਿੱਧ ਹਸਤੀਆਂ ਵੱਲੋਂ ਨੌਜਵਾਨਾਂ ਨੂੰ ਪ੍ਰੇਰਣਾ



ਲੁਧਿਆਣਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੀ ਟੀ ਯੂਨੀਵਰਸਿਟੀ ਵੱਲੋਂ ਦ ਸ਼ੈਲਟਰਜ਼ ਅਤੇ ਨੇਸ਼ਨਲ ਇੰਸਟੀਚਿਊਟ ਆਫ ਸੋਸ਼ਲ ਡਿਫੈਂਸ (NISD) ਦੇ ਸਹਿਯੋਗ ਨਾਲ ਨਸ਼ਿਆਂ ਦੇ ਖ਼ਿਲਾਫ਼ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।

ਇਸ ਮੌਕੇ 'ਤੇ ਹੰਸ ਰਾਜ ਹੰਸ, ਸੁਖਵਿੰਦਰ ਬਿੰਦਰਾ, ਸਤਿੰਦਰ ਸੱਤੀ, ਜਸਵਿੰਦਰ ਸਿੰਘ ਅਤੇ ਅਮਨਪ੍ਰੀਤ ਕੌਰ ਸਮੇਤ ਕਈ ਮਾਣਯੋਗ ਹਸਤੀਆਂ ਨੇ ਨੌਜਵਾਨਾਂ ਨੂੰ ਨਸ਼ਾ-ਮੁਕਤ ਜੀਵਨ ਵੱਲ ਪ੍ਰੇਰਿਤ ਕੀਤਾ। ਵਕਤਾਵਾਂ ਨੇ ਨਸ਼ਿਆਂ ਦੇ ਨੁਕਸਾਨਾਂ ਬਾਰੇ ਜਾਗਰੂਕਤਾ ਫੈਲਾਉਂਦੇ ਹੋਏ ਮਾਨਸਿਕ ਸਿਹਤ ਅਤੇ ਸਹੀ ਫੈਸਲੇ ਲੈਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਅਤੇ ਸਚੇਤ ਨਾਗਰਿਕ ਬਣਾਉਣਾ ਸੀ।

ਅੰਤ ਵਿੱਚ ਹੋਏ ਸੰਵਾਦ ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਆਪਣੇ ਸਵਾਲ ਪੁੱਛੇ ਅਤੇ ਨਸ਼ਾ-ਮੁਕਤ ਸਮਾਜ ਬਣਾਉਣ ਲਈ ਸੰਕਲਪ ਲਿਆ।

# ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਸੰਗਰੂਰ ਜ਼ਿਲ੍ਹੇ 'ਚ 30 ਮੁਕੱਦਮੇ ਦਰਜ, 51 ਦੋਸ਼ੀ ਗ੍ਰਿਫਤਾਰ

ਸੰਗਰੂਰ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਐਸ.ਐਸ.ਪੀ. ਸੰਗਰੂਰ ਸਰਤਾਜ ਸਿੰਘ ਚਾਹਲ (ਆਈ.ਪੀ.ਸੀ) ਵੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਅਤੇ ਪਿੰਡਾਂ ਦੇ ਪਹਿਰੇਦਾਰ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 10 ਅਪ੍ਰੈਲ ਤੋਂ 17 ਅਪ੍ਰੈਲ ਤੱਕ ਡਰੱਗ ਦੇ 27 ਮੁਕੱਦਮੇਂ ਦਰਜ ਕਰਕੇ 48 ਦੋਸ਼ੀਆਂ ਨੂੰ ਕਾਬੂ ਕਰਕੇ 293 ਗ੍ਰਾਮ ਹੈਰੋਇਨ, 10 ਕਿੱਲੋ ਭੁੱਕੀ ਚੂਰਾ ਪੋਸਤ, 123 ਗ੍ਰਾਮ ਚਰਸ, 1934 ਨਸ਼ੀਲੀਆਂ ਗੋਲੀਆਂ ਅਤੇ 2500/- ਰੁਪਏ ਡਰੱਗ ਮਨੀ ਬ੍ਰਾਮਦ ਕਰਵਾਈ ਗਈ। ਸਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 03 ਮੁਕੱਦਮੇਂ ਦਰਜ ਕਰਕੇ 03 ਦੋਸੀਆਂ ਨੂੰ ਕਾਬੂ ਕਰਕੇ 18 ਲੀਟਰ ਸਰਾਬ ਠੇਕਾ ਦੇਸੀ ਅਤੇ 165 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਜੂਆ ਐਕਟ ਤਹਿਤ 01 ਮੁਕੱਦਮਾ ਦਰਜ ਕਰਕੇ 01 ਦੋਸੀ ਨੂੰ ਗ੍ਰਿਫਤਾਰ ਕਰਕੇ 4700/- ਰੁਪਏ ਬ੍ਰਾਮਦ ਕਰਾਏ ਗਏ। ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰ ਪੁਰਸ਼ਾਂ ਨਾਲ ਮੀਟਿੰਗਾਂ/ਸੰਪਰਕ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਰਸੇ ਦੌਰਾਨ ਵੱਖ-ਵੱਖ ਗਜਟਿਡ ਅਫਸਰਾਂ/ਮੁੱਖ ਅਫਸਰਾਂ ਵੱਲੋਂ 44 ਪਿੰਡਾਂ/ਸਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸੇ ਦਾ ਧੰਦਾਂ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

# ਜ਼ਮੀਨ ਖਰੀਦਣ ਵੇਲੇ ਰਹੋ ਸਾਵਧਾਨ : ਮੰਡ ਚੌਂਤਾ 'ਚ ਫਰਜ਼ੀ ਕਾਗਜ਼ਾਂ ਦੇ ਆਧਾਰ 'ਤੇ ਵੱਜੀ ਲੱਖਾਂ ਦੀ ਠੱਗੀ

ਲੁਧਿਆਣਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਲੁਧਿਆਣਾ ਦੇ ਮੰਡ ਚੌਂਤਾ ਇਲਾਕੇ ਵਿੱਚ ਫਰਜੀ ਦਸਤਾਵੇਜ਼ਾਂ ਦੇ ਆਧਾਰ ਤੇ ਇੱਕ ਜਮੀਨ ਦਾ ਸੌਦਾ ਕਰਕੇ ਰਕਮ ਹਾਸਲ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਕੇਸ ਵਿੱਚ ਥਾਣਾ ਕੂਮਕਲਾਂ ਦੀ ਪੁਲਿਸ ਨੇ ਨਿਹਾਲ ਸਿੰਘ ਵਾਲਾ ਮੋਗਾ ਦੇ ਰਹਿਣ ਵਾਲੇ ਹਰਵਿੰਦਰ ਸਿੰਘ ਦੀ ਸ਼ਿਕਾਇਤ ਤੇ ਮਹਾਰਾਜਾ ਰਣਜੀਤ ਸਿੰਘ ਨਗਰ ਮਾਛੀਵਾੜਾ ਸਾਹਿਬ ਦੇ ਰਹਿਣ ਵਾਲੇ ਬਲਵਿੰਦਰ ਸਿੰਘ ਅਤੇ ਨੰਦ ਸਿੰਘ ਦੇ ਖ਼ਿਲਾਫ ਧੋਖਾਧੜੀ ਅਪਰਾਧਿਕ ਸਾਜਿਸ਼ ਅਤੇ ਦਸਤਾਵੇਜਾਂ ਨਾਲ ਛੇੜਛਾੜ ਦੀਆਂ ਆਦ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਵਾਉਂਦਿਆਂ ਹਰਵਿੰਦਰ ਸਿੰਘ ਨੇ ਦੱਸਿਆ ਕਿ ਕੁਝ ਅਰਸਾ ਪਹਿਲੋਂ ਮੁਲਜਮਾਂ ਨੇ ਉਸ ਨਾਲ ਪਿੰਡ ਚੌਂਤਾ ਮੰਡ ਦੀ 859 ਕਨਾਲ ਜਮੀਨ ਦਾ ਸੌਦਾ ਕੀਤਾ। ਮੁਲਜਮਾਂ ਨੇ ਉਸ ਕੋਲੋਂ 15 ਲਖ 55 ਹਜਾਰ ਰੁਪਏ ਬਤੌਰ ਪੇਸ਼ਗੀ ਹਾਸਲ ਕਰ ਲਏ। ਜਾਂਚ ਕਰਨ ਤੇ ਹਰਵਿੰਦਰ ਸਿੰਘ ਨੂੰ ਪਤਾ ਲੱਗਾ ਕਿ ਇਹ ਸੌਦਾ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ ਤੇ ਕੀਤਾ ਗਿਆ ਹੈ। ਇਸ ਮਾਮਲੇ ਸਬੰਧੀ ਹਰਵਿੰਦਰ ਸਿੰਘ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਵਾਈ। ਅਧਿਕਾਰੀਆਂ ਦੀ ਪੜਤਾਲ ਤੋਂ ਬਾਅਦ ਥਾਣਾ ਕੂਮਕਲਾਂ ਦੀ ਪੁਲਿਸ ਨੂੰ ਮੁਕੱਦਮਾ ਦਰਜ ਕਰਨ ਦੇ ਆਦੇਸ਼ ਜਾਰੀ ਕੀਤੇ ਗਏ।

# ਪਟਿਆਲਾ ਦੇ ਡਰਾਈਵਰ ਦੀ ਮਾਂ ਨੇ ਕੈਂਸਰ ਨੂੰ ਹਰਾਇਆ ; ਮੁੱਖ ਮੰਤਰੀ ਸਿਹਤ ਯੋਜਨਾ ਬਣੀ ਔਖੇ ਸਮੇਂ ਦਾ ਸਹਾਰਾ

## ਸਕੀਮ ਅਧੀਨ ਕਵਰ ਕੀਤਾ ਗਿਆ 8 ਲੱਖ ਰੁਪਏ ਤੋਂ ਵੱਧ ਦਾ ਇਲਾਜ

ਪਟਿਆਲਾ, 22 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਰਹਿਣ ਵਾਲੇ ਗੁਰਪਿੰਦਰ ਜੀਤ ਸਿੰਘ ਦੀ ਜ਼ਿੰਦਗੀ ਪੰਜ ਮਹੀਨੇ ਪਹਿਲਾਂ ਅਚਾਨਕ ਅਜਿਹੇ ਮੋੜ 'ਤੇ ਆ ਖੜ੍ਹੀ ਹੋਈ, ਜਿੱਥੇ ਹਰ ਰਾਹ ਮੁਸ਼ਕਲ ਨਜ਼ਰ ਆਉਣ ਲੱਗਾ ਸੀ। ਉਸ ਦੀ 65 ਸਾਲਾ ਮਾਤਾ ਬਲਜੀਤ ਕੌਰ ਨੇ ਗੰਭੀਰ ਬਿਮਾਰੀ ਕਾਰਨ ਹੌਲੀ-ਹੌਲੀ ਖਾਣਾ-ਪੀਣਾ ਛੱਡ ਦਿੱਤਾ ਸੀ। ਮਜਬੂਰ ਤੇ ਬੇਬਸ ਪੁੱਤਰ ਲਈ ਇਹ ਸਿਰਫ਼ ਬੀਮਾਰੀ ਨਹੀਂ ਸਗੋਂ ਹਰ ਰੋਜ਼ ਟੁੱਟਦੀਆਂ ਹੋਈਆਂ ਉਮੀਦਾਂ ਦਾ ਦਰਦ ਸੀ।

ਗੁਰਪਿੰਦਰ ਜੀਤ ਦੇ ਦੱਸਣ ਮੁਤਾਬਿਕ ਪਹਿਲਾਂ ਨਿੱਜੀ ਡਾਕਟਰਾਂ ਕੋਲ ਦੌੜ-ਭੱਜ ਕੀਤੀ ਗਈ, ਫਿਰ ਮਾਤਾ ਨੂੰ ਰਾਜਿੰਦਰਾ ਹਸਪਤਾਲ, ਪਟਿਆਲਾ ਰੈਫਰ ਕਰ ਦਿੱਤਾ ਗਿਆ। ਦਵਾਈਆਂ ਚੱਲੀਆਂ, ਟੈਸਟ ਹੋਏ, ਪਰ ਹਾਲਤ ਸੁਧਰਨ ਦੀ ਬਜਾਏ ਹੋਰ ਗੰਭੀਰ ਹੋ ਗਈ । ਜਦੋਂ ਰਿਪੋਰਟ ਆਈ ਤਾਂ ਜਿਵੇਂ ਅਸਮਾਨ ਹੀ ਢਹਿ ਪਿਆ—ਮਾਂ ਨੂੰ ਬੱਚੇਦਾਨੀ ਦਾ ਕੈਂਸਰ ਸੀ।

ਗੁਰਪਿੰਦਰ ਲਈ ਇਹ ਬਹੁਤ ਔਖੀ ਘੜੀ ਸੀ, ਇਹ ਉਸ ਮਾਂ ਦੀ ਜ਼ਿੰਦਗੀ ਦਾ ਸਵਾਲ ਸੀ 9 ਉਸਨੂੰ ਜਨਮ ਦੇਣ ਅਤੇ ਪਾਲਣ -ਪੋਸਣ ਵਾਲੀ ਮਾਂ ਅੱਜ ਜ਼ਿੰਦਗੀ ਅਤੇ ਮੌਤ ਨਾਲ ਜੂਝ ਰਹੀ ਸੀ । ਬਿਨਾਂ ਦੇਰ ਕੀਤੇ ਉਹ ਮਾਂ ਨੂੰ ਸੰਗਰੂਰ ਦੇ ਟਾਟਾ ਕੈਂਸਰ ਹਸਪਤਾਲ ਲੈ ਗਿਆ। ਇਲਾਜ ਸ਼ੁਰੂ ਹੋਇਆ, ਪਰ ਪਹਿਲੇ ਹੀ ਝਟਕੇ ਵਿੱਚ 60 ਹਜ਼ਾਰ ਰੁਪਏ ਤੋਂ ਵੱਧ ਖਰਚ ਹੋ ਗਏ। ਇੱਕ ਡਰਾਈਵਰ ਦੀ ਸੀਮਿਤ ਆਮਦਨ ਦੇ ਸਾਹਮਣੇ ਇਹ ਰਕਮ ਪਹਾੜ ਵਰਗੀ ਸੀ।

ਗੁਰਪਿੰਦਰ ਦੇ ਮਨ ਵਿੱਚ ਇੱਕੋ ਸਵਾਲ ਸੀ— ਮਾਂ ਨੂੰ ਕਿਵੇਂ ਬਚਾਵਾਂ ? ਕਰਜ਼ਾ ਲੈਣ ਦੀ ਨੌਬਤ ਵੀ ਆ ਗਈ ਸੀ। ਓਦੋਂ , ਜਿਵੇਂ ਹਨੇਰੇ ਵਿੱਚ ਇੱਕ ਰੌਸ਼ਨੀ ਦੀ ਕਿਰਨ ਉਸਦੇ ਸਾਮ੍ਹਣੇ ਆਈ। ਹਸਪਤਾਲ ਵਿੱਚ ਉਸਨੂੰ ਨੇ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਪਤਾ ਲੱਗਾ ।

ਹੋਰ ਦੇਰੀ ਨਾ ਕਰਦੇ ਹੋਏ ਗੁਰਪਿੰਦਰ ਨੇ ਉੱਥੇ ਹੀ ਰਜਿਸਟ੍ਰੇਸ਼ਨ ਕਰਵਾ ਲਿਆ। ਕੁਝ ਸਮੇਂ ਵਿੱਚ ਹੀ ਉਸ ਦੇ ਮੋਬਾਈਲ 'ਤੇ ਮੈਸੇਜ ਆ ਗਿਆ ਅਤੇ ਸਮਾਰਟ ਕਾਰਡ ਬਣ ਗਿਆ। ਇਸ ਤੋਂ ਬਾਅਦ ਜੋ ਹੋਇਆ, ਉਹ ਉਸ ਲਈ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ। ਲੱਖਾਂ ਰੁਪਏ ਦਾ ਇਲਾਜ—ਜਿਸ ਵਿੱਚ ਮਹਿੰਗੇ ਟੈਸਟ, ਵਾਰ-ਵਾਰ ਕੀਮੋਥੈਰੇਪੀ, ਦਵਾਈਆਂ, ਆਪਰੇਸ਼ਨ, ਆਈਸੀਯੂ, ਵੈਂਟੀਲੇਟਰ ਅਤੇ ਹਸਪਤਾਲ ਵਿੱਚ ਰਹਿਣ-ਖਾਣ ਤੱਕ ਦਾ ਖਰਚ ਸ਼ਾਮਲ ਸੀ—ਸਾਰਾ ਖਰਚ ਸਰਕਾਰ ਨੇ ਝੱਲਿਆ।



ਗੁਰਪਿੰਦਰ ਦੀਆਂ ਅੱਖਾਂ ਭਰ ਆਉਂਦੀਆਂ ਹਨ ਜਦੋਂ ਉਹ ਕਹਿੰਦਾ ਹੈ , ਮਾਂ ਤਾਂ ਮਾਂ ਹੁੰਦੀ ਹੈ ਉਸਨੂੰ ਹਰ ਹਾਲ ਵਿੱਚ ਬਚਾਉਣਾ ਸੀ। ਪੈਸੇ ਨਹੀਂ ਸਨ, ਪਰ ਰੱਬ ਨੇ ਇਸ ਯੋਜਨਾ ਦੇ ਰੂਪ ਵਿੱਚ ਰਸਤਾ ਵਿਖਾ ਦਿੱਤਾ। ਡਾਕਟਰਾਂ ਲਈ ਵੀ ਇਹ ਕੇਸ ਬਹੁਤ ਚੁਣੌਤੀਪੂਰਨ ਸੀ। ਕੈਂਸਰ ਬੱਚੇਦਾਨੀ ਤੋਂ ਵੱਧ ਕੇ ਲੀਵਰ ਅਤੇ ਫੇਫੜਿਆਂ ਤੱਕ ਫੈਲ ਗਿਆ ਸੀ। ਪਹਿਲਾਂ ਤਿੰਨ ਵਾਰ ਕੀਮੋਥੈਰੇਪੀ ਦਿੱਤੀ ਗਈ, ਪਰ ਸਰੀਰ ਕਮਜ਼ੋਰ ਹੋਣ ਕਰਕੇ ਸਾਈਡ ਇਫੈਕਟ ਸਾਹਮਣੇ ਆਏ। ਫਿਰ ਹੌਲੀ-ਹੌਲੀ ਡੋਜ਼ ਘੱਟ ਕਰਕੇ ਨੌ ਵਾਰ ਹੋਰ ਕੀਮੋਥੈਰੇਪੀ ਦਿੱਤੀ ਗਈ।

ਇਲਾਜ ਤੋਂ ਬਾਅਦ ਟਿਊਮਰ ਇੱਕ ਥਾਂ 'ਤੇ ਸਿਮਟ ਗਿਆ ਅਤੇ ਡਾਕਟਰਾਂ ਨੇ ਲਗਭਗ ਅੱਠ ਘੰਟੇ ਲੰਬਾ ਆਪਰੇਸ਼ਨ ਕਰਕੇ ਉਸਨੂੰ ਕੱਢ ਦਿੱਤਾ। 35 ਤੋਂ 40 ਟਾਂਕਿਆਂ ਨਾਲ ਮਾਂ ਨੇ ਦਰਦ ਸਹਿੰਦੇ ਹੋਏ ਵੀ ਜ਼ਿੰਦਗੀ ਦੀ ਡੋਰ ਫੜ੍ਹੀ ਰੱਖੀ। ਮਾਂ ਆਪਰੇਸ਼ਨ ਤੋਂ ਬਾਅਦ ਦੋ-ਤਿੰਨ ਦਿਨਾਂ ਲਈ ਆਈਸੀਯੂ ਵਿੱਚ ਅਤੇ ਵੈਂਟੀਲੇਟਰ 'ਤੇ ਰਹੀ, ਫਿਰ ਉਹਨਾਂ ਨੂੰ ਵਾਰਡ ਵਿੱਚ ਸ਼ਿਫ਼ਟ ਕਰ ਦਿੱਤਾ ਗਿਆ।

ਗੁਰਪਿੰਦਰ ਹਰ ਵੇਲੇ ਮਾਂ ਦੇ ਕੋਲ ਬੈਠਾ ਰਹਿੰਦਾ —ਕਦੇ ਦਵਾਈ ਦਿੰਦਾ, ਕਦੇ ਸਿਰ ਸਹਿਲਾਉਂਦਾ। ਅੱਠ ਦਿਨ ਹਸਪਤਾਲ ਵਿੱਚ ਬਿਤਾਉਣ ਤੋਂ ਬਾਅਦ ਜਦੋਂ ਮਾਂ ਦੀ ਹਾਲਤ ਸੁਧਰਨ ਲੱਗੀ, ਤਾਂ ਜਿਵੇਂ ਉਨ੍ਹਾਂ ਦੀ ਦੁਨੀਆ ਵਾਪਸ ਆ ਗਈ। 24 ਨਵੰਬਰ 2025 ਤੋਂ ਸ਼ੁਰੂ ਹੋਇਆ ਇਹ ਸਫ਼ਰ ਅਜੇ ਵੀ ਜਾਰੀ ਹੈ। ਅਗਲੇ ਇਲਾਜ ਅਤੇ ਜਾਂਚ ਲਈ ਉਹ ਮੁੱਲਾਂਪੁਰ ਸਥਿਤ ਹਸਪਤਾਲ ਵਿੱਚ ਫਾਲੋਅਪ ਲਈ ਜਾਣਗੇ। ਕੁੱਝ ਦਵਾਈਆਂ ਜੋ ਹਸਪਤਾਲ ਵਿੱਚ ਉਪਲੱਬਧ ਨਹੀਂ ਸਨ, ਉਹਨਾਂ ਦਾ ਖਰਚ ਗੁਰਪਿੰਦਰ ਨੇ ਆਪ ਉਠਾਇਆ, ਪਰ ਬਾਕੀ ਸਾਰਾ ਇਲਾਜ ਯੋਜਨਾ ਅਧੀਨ ਮੁਫ਼ਤ ਹੋਇਆ। ਹਸਪਤਾਲ ਵਿੱਚ ਗਾਇਨੇਕੋਲੋਜੀ ਦੀ ਡਾ. ਸ਼ਿਵਾਲੀ ਨੇ ਸਰਜਰੀ ਦੇ ਡਾਕਟਰਾਂ ਨਾਲ ਮਿਲ ਕੇ ਆਪਰੇਸ਼ਨ ਕੀਤਾ। ਟਾਟਾ ਮੈਮੋਰੀਅਲ ਦੇ ਡਾਕਟਰਾਂ ਮੁਤਾਬਕ, ਇਸ ਸਰਜਰੀ ਉੱਤੇ ਦਵਾਈਆਂ ਨੂੰ ਮਿਲਾ ਕੇ ਘੱਟੋ-ਘੱਟ 8 ਤੋਂ 10 ਲੱਖ ਰੁਪਏ ਦਾ ਖਰਚ ਹੋਇਆ ਹੈ। ਦੋ ਬੱਚਿਆਂ ਦੇ ਪਿਤਾ ਅਤੇ ਇੱਕ ਸਧਾਰਨ ਡਰਾਈਵਰ ਗੁਰਪਿੰਦਰ ਲਈ ਇਹ ਰਾਹਤ ਸ਼ਬਦਾਂ ਤੋਂ ਪਰੇ ਹੈ। ਉਹ ਕਹਿੰਦਾ ਹੈ, ਹੁਣ ਸੁਕੂਨ ਹੈ ਕਿ ਮਾਂ ਬਿਨਾਂ ਇਲਾਜ ਦੇ ਨਹੀਂ ਮਰੇਗੀ ਸਰਕਾਰ ਨੇ ਸਾਨੂੰ ਉਮੀਦ ਦਿੱਤੀ ਹੈ।

ਇਹ ਸਿਰਫ਼ ਇਲਾਜ ਦੀ ਕਹਾਣੀ ਨਹੀਂ, ਸਗੋਂ ਇੱਕ ਪੁੱਤਰ ਦੇ ਸੰਘਰਸ਼,ਮਾਂ ਲਈ ਪਿਆਰ ਅਤੇ ਇੱਕ ਅਜਿਹੀ ਯੋਜਨਾ ਦੀ ਕਹਾਣੀ ਹੈ; ਜਿਸ ਨੇ ਮੁਸ਼ਕਲ ਵੇਲੇ ਵਿੱਚ ਸਹਾਰਾ ਬਣ ਕੇ ਇੱਕ ਪਰਿਵਾਰ ਨੂੰ ਟੁੱਟਣ ਤੋਂ ਬਚਾ ਲਿਆ।ਇਹ ਸਫ਼ਰ ਇਸ ਪਰਿਵਾਰ ਲਈ ਗੰਭੀਰ ਬੀਮਾਰੀ ਦੀ ਕਠੋਰ ਹਕੀਕਤ ਨੂੰ ਬਿਆਨ ਕਰਦਾ ਹੈ, ਨਾਲ ਹੀ ਇਹ ਵੀ ਦਰਸਾਉਂਦਾ ਹੈ ਕਿ ਸੁਲਭ ਸਿਹਤ ਸੇਵਾਵਾਂ ਅਤੇ ਪ੍ਰਭਾਵਸ਼ਾਲੀ ਸਰਕਾਰੀ ਮਦਦ ਕਿੰਨੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਹ ਯਕੀਨੀ ਬਣਾਉਂਦਾ ਹੈ ਕਿ ਆਰਥਿਕ ਤੰਗੀ ਕਿਸੇ ਵੀ ਵਿਅਕਤੀ ਦੇ ਜੀਵਨ ਬਚਾਉਣ ਵਾਲੇ ਇਲਾਜ ਦੇ ਰਾਹ ਵਿੱਚ ਰੁਕਾਵਟ ਨਾ ਬਣੇ।

# ਚਿੰਤਨ ਦੀ ਜ਼ਰਖ਼ੇਜ਼ ਜ਼ਮੀਨ



# ਅਦਬਨਾਮਾ ਖ਼ਾਲਸਾ ਕਾਲਜ ਅੰਮ੍ਰਿਤਸਰ

*ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਬੜੀ ਇਤਿਹਾਸਕ ਮਹੱਤਤਾ ਰਹੀ ਹੈ। ਇਸ ਸੰਸਥਾ ਵਿਚ ਸਮੇਂ-ਸਮੇਂ ਕਾਰਜਸ਼ੀਲ ਰਹੀਆਂ ਸ਼ਖ਼ਸੀਅਤਾਂ ਨੇ ਸਾਹਿਤ ਦੇ ਖੇਤਰ ਵਿਚ ਜ਼ਿਕਰਯੋਗ ਯੋਗਦਾਨ ਪਾਇਆ ਹੈ। ਇਸ ਤੋਂ ਪਹਿਲਾਂ ਅਸੀਂ ਕਾਲਜ ਨਾਲ ਸਬੰਧਤ ਸ਼ਖ਼ਸੀਅਤਾਂ ਦੇ ਸਾਹਿਤ ਤੇ ਰਾਜਨੀਤੀ ਵਿਚ ਪਾਏ ਯੋਗਦਾਨ ਦੀ ਚਰਚਾ ਕਰ ਚੁੱਕੇ ਹਾਂ। ਇਸ ਵਾਰ ਸ. ਤਾਰਾ ਸਿੰਘ ਤੇ ਸ. ਗੰਗਾ ਸਿੰਘ ਬਾਰੇ ਅਦਬਨਾਮਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰਕਾਸ਼ਿਤ ਕਰ ਰਹੇ ਹਾਂ...*

### ਤਾਰਾ ਸਿੰਘ ਜੱਜ

ਸ. ਤਾਰਾ ਸਿੰਘ ਇਕ ਚੰਗੇ ਵਕੀਲ ਅਤੇ ਸਿੱਖੀ ਦਾ ਦਰਦ ਰੱਖਣ ਵਾਲੇ ਗੁਰਸਿੱਖ ਸਨ। ਆਪ ਦਾ ਜਨਮ ਜ਼ੈਲਦਾਰ ਪ੍ਰਤਾਪ ਸਿੰਘ ਦੇ ਘਰ 1888 ਈ. ਨੂੰ ਮੋਗਾ ਸ਼ਹਿਰ ਵਿਚ ਹੋਇਆ। ਮੋਗੇ ਦੇ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕਰ ਕੇ 1907 ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. ਪਾਸ ਕੀਤੀ। ਪੰਜਾਬ ਯੂਨੀਵਰਸਿਟੀ ਲਾਹੌਰ ਤੋਂ 1910 ਈ. ਵਿਚ ਲਾਅ ਦੀ ਡਿਗਰੀ ਪ੍ਰਾਪਤ ਕੀਤੀ। ਕਾਫ਼ੀ ਸਮਾਂ ਫਿਰੋਜ਼ਪੁਰ ਵਿਚ ਵਕਾਲਤ ਕਰਦੇ ਰਹੇ। ਪਟਿਆਲਾ ਹਾਈ ਕੋਰਟ ਵਿਚ 1930-40 ਤਕ ਜੱਜ ਦੀ ਸੇਵਾ ਨਿਭਾਈ। 1932 ਈ. ਵਿਚ ਲੰਡਨ ਵਿਚ ਹੋਈ ਤੀਜੀ ਰੌਂਡ ਟੇਬਰ ਕਾਨਫਰੰਸ ਵਿਚ ਸਿੱਖਾਂ ਦੀ ਨੁਮਾਇੰਦਗੀ ਕਰ ਕੇ ਪ੍ਰਸਿੱਧੀ ਹਾਸਿਲ ਕੀਤੀ। ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲਿਆ ਅਤੇ ਕਾਫ਼ੀ ਵਰ੍ਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਆਪ ਦਾ ਦੇਹਾਂਤ 12 ਅਗਸਤ 1956 ਨੂੰ ਹੋਇਆ।

### ਗੰਗਾ ਸਿੰਘ ਬੇਦੀ

ਸ. ਗੰਗਾ ਸਿੰਘ ਬੇਦੀ ਸੁਲਝੇ ਹੋਏ ਲੇਖਕ ਸਨ। ਇਨ੍ਹਾਂ ਦਾ ਜਨਮ ਨਵੰਬਰ 1889 ਨੂੰ ਪਿੰਡ ਧਾਰੀਵਾਲ (ਗੁਰਦਾਸਪੁਰ) ਵਿਚ ਮਾਤਾ ਗੁਰਾਂ ਦੇਵੀ ਅਤੇ ਸ. ਨਿਰੰਜਨ ਸਿੰਘ ਦੇ ਘਰ ਹੋਇਆ। ਇਹ ਕਾਫ਼ੀ ਸਮਾਂ 'ਖ਼ਾਲਸਾ ਸਮਾਚਾਰ' ਦੇ ਸੰਪਾਦਕ ਰਹੇ। ਆਪ ਨੇ ਧਰਮ ਪ੍ਰਚਾਰਕ ਦੀ ਸੇਵਾ ਵੀ ਤਨਦੇਹੀ ਨਾਲ ਨਭਾਈ। ਇਨ੍ਹਾਂ ਦੀ ਪੁਸਤਕ 'ਹੀਰੇ ਦਮੋਦਰ 1927 ਵਿਚ ਪ੍ਰਕਾਸ਼ਤ ਹੋਈ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਖੋਜ ਇਤਿਹਾਸ ਵਿਭਾਗ ਨੂੰ ਦੇਸ਼ ਵੰਡ ਵੇਲੇ ਸਿੱਖਾਂ ਨਾਲ ਹੋਏ ਦੁਰਵਿਹਾਰ ਦੇ ਵੇਰਵੇ ਦੇ ਕੇ 20,000 ਸਫ਼ੇ ਪੰਜਾਬੀ ਵਿਚ ਲਿਖ ਕੇ ਦਿੱਤੇ। ਇਹ ਇਨ੍ਹਾਂ ਦੀ ਵੱਡਮੁਲੀ ਸੇਵਾ ਹਮੇਸ਼ਾ ਪੰਥਕ ਸਫ਼ਾਂ ਵਿਚ ਵਿਸ਼ੇਸ਼ ਥਾਂ ਬਣਾਉਂਦੀ ਹੈ। ਇਨ੍ਹਾਂ ਦਾ ਦੇਹਾਂਤ 20 ਮਾਰਚ 1961 ਨੂੰ ਹੋਇਆ। •



ਡਾ. ਜਸਬੀਰ ਸਿੰਘ 'ਸਰਨਾ'
ਮੋਬਾਈਲ : 099065-66604

# ਪ੍ਰੀਤ ਦੇ ਫਲਸਫ਼ੇ ਦਾ ਪਹਿਰੇਦਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ

**26 ਅਪ੍ਰੈਲ ਜਨਮ ਦਿਨ 'ਤੇ ਵਿਸ਼ੇਸ਼**





ਸੁਰਿੰਦਰ ਰਾਮਪੁਰੀ
ਮੋਬਾਈਲ : 99156-34722

*ਪ੍ਰੀਤਲੜੀ ਦੀਆਂ ਰਚਨਾਵਾਂ ਦਾ ਮੁੱਖ ਧੁਰਾ ਪ੍ਰੀਤ ਰਿਹਾ ਹੈ ਫਿਰ ਵੀ ਉਨ੍ਹਾਂ ਨੇ ਜੀਵਨ ਦੇ ਹਰ ਪੱਖ ਬਾਰੇ ਵਿਸਥਾਰ ਨਾਲ ਲਿਖਿਆ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਸਮਾਜਿਕ ਕੁਰੀਤੀਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਹੈ...*

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਮੁੱਖ ਤੌਰ 'ਤੇ ਨਿੰਬਧ ਲੇਖਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਪੰਜਾਬੀ ਵਾਰਤਕ ਲੇਖਣ ਵਿਚ ਉਨ੍ਹਾਂ ਦੀ ਵਿਸ਼ੇਸ਼ ਪਛਾਣ ਹੈ। ਜਿੰਨੀ ਵੱਡੀ ਮਾਤਰਾ ਵਿਚ ਉਨ੍ਹਾਂ ਨੇ ਵਾਰਤਕ ਲਿਖੀ, ਪੰਜਾਬੀ ਦੇ ਕਿਸੇ ਵੀ ਲੇਖਕ ਨੇ ਨਹੀਂ ਲਿਖੀ। ਪੰਜਾਬੀ ਗਲਪ ਸਾਹਿਤ ਨੂੰ ਉਨ੍ਹਾਂ ਦੀ ਅਮੁੱਲੀ ਦੇਣ ਹੈ। ਨਾਵਲ ਅਤੇ ਕਹਾਣੀ ਖੇਤਰ ਵਿਚ ਉਨ੍ਹਾਂ ਨੇ ਵੱਡੇ-ਵੱਡੇ ਪੂਰਨੇ ਪਾਏ ਹਨ। ਉਨ੍ਹਾਂ ਦੇ ਦੋ ਨਾਵਲ ਅਤੇ ਸੋਲ੍ਹਾਂ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। ਉਹ ਕਲਮ ਦੇ ਧਨੀ ਅਤੇ ਸੱਚੇ-ਸੁੱਚੇ ਸਿਪਾਹੀ ਸਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਇਕ ਕਹਾਣੀ 'ਪਿਆਰ ਕਬਜ਼ਾ ਨਹੀਂ ਪਹਿਚਾਨ ਹੈ' ਲਿਖੀ। ਇਸ ਕਹਾਣੀ ਦਾ ਨਾਂ ਹੀ ਉਨ੍ਹਾਂ ਦਾ ਫ਼ਲਸਫ਼ਾ ਬਣ ਗਿਆ। ਇਹ ਕਹਾਣੀ ਵਾਰ ਵਾਰ ਪੜ੍ਹਨ ਨੂੰ ਜੀ ਕਰਦਾ ਹੈ। ਇਸ ਲੰਮੀ ਕਹਾਣੀ ਦੇ ਛੋਟੇ ਛੋਟੇ ਵਾਕ ਹਨ। ਉਨ੍ਹਾਂ ਨੇ ਆਪਣੇ ਫਲਸਫ਼ੇ ਨੂੰ ਕਹਾਣੀ ਦੇ ਤਾਣੇ-ਪੇਟੇ ਅਤੇ ਗੋਂਦ ਵਿਚ ਰਚਾ ਕੇ ਪੇਸ਼ ਕੀਤਾ ਹੈ। ਕਹਾਣੀ ਵਿੱਚੋਂ ਪ੍ਰਚਾਰ ਦਾ ਉੱਕਾ ਹੀ ਪ੍ਰਭਾਵ ਉਜਾਗਰ ਨਹੀਂ ਹੁੰਦਾ। ਇਹ ਉਨ੍ਹਾਂ ਦੀ ਪ੍ਰਤੀਨਿਧ ਅਤੇ ਉੱਤਮ ਕਹਾਣੀ ਦਾ ਨਮੂਨਾ ਵੀ ਹੈ।

ਭਾਵੇਂ ਪਿਆਰ ਕਬਜ਼ਾ ਨਹੀਂ ਪਹਿਚਾਣ, ਉਨ੍ਹਾਂ ਦੀ ਰਚਨਾ ਦਾ ਮੁੱਖ ਧੁਰਾ ਰਿਹਾ ਹੈ ਫਿਰ ਵੀ ਉਨ੍ਹਾਂ ਨੇ ਜੀਵਨ ਦੇ ਹਰ ਪੱਖ ਬਾਰੇ ਵਿਸਥਾਰ ਨਾਲ ਲਿਖਿਆ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਸਮਾਜਿਕ ਕੁਰੀਤੀਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਹੈ। ਦੇਸ਼ ਦੀ ਵੰਡ ਬਾਰੇ ਵੀ ਉਨ੍ਹਾਂ ਨੇ ਕਈ ਬਿਹਤਰੀਨ ਕਹਾਣੀਆਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀਆਂ ਜ਼ਿਆਦਾਤਰ ਕਹਾਣੀਆਂ ਘਟਨਾ ਪ੍ਰਧਾਨ ਹਨ। ਉਨ੍ਹਾਂ ਦੀਆਂ ਕਹਾਣੀਆਂ ਦੇ ਇਸਤਰੀ ਪਾਤਰ ਜਾਗਰੂਕ ਅਤੇ ਸੰਘਰਸ਼-ਸ਼ੀਲ ਹਨ। ਸਰਲਤਾ ਉਨ੍ਹਾਂ ਦੀਆਂ ਕਹਾਣੀਆਂ ਦਾ ਖ਼ਾਸ ਗੁਣ ਹੈ। ਉਨ੍ਹਾਂ ਨੇ ਨਵੀਆਂ ਅਤੇ ਨਰੋਈਆਂ ਕਦਰਾਂ ਕੀਮਤਾ ਦਾ ਪੱਖ ਪੂਰਿਆ ਹੈ। ਪ੍ਰੀਤਲੜੀ ਦੀਆਂ ਕਹਾਣੀਆਂ ਜਿਉਂਦੇ ਜਾਗਦੇ ਮਨੁੱਖਾਂ ਦੀਆਂ ਕਹਾਣੀਆਂ ਹਨ। ਉਨ੍ਹਾਂ ਦੀਆਂ ਕਹਾਣੀਆਂ ਪੜ੍ਹਦਿਆਂ ਲੱਗਦਾ ਹੈ ਜਿਵੇਂ ਸਭ ਕੁਝ ਸਾਡੀਆਂ ਅੱਖਾਂ ਸਾਹਵੇਂ ਵਾਪਰ ਰਿਹਾ ਹੋਵੇ।

ਉਹ ਆਪਣੀ ਹਰ ਕਹਾਣੀ ਤੱਥਾਂ ਨੂੰ ਆਧਾਰ ਬਣਾ ਕੇ ਲਿਖਦੇ ਸਨ। ਕਈ ਕਹਾਣੀਆਂ ਉਨ੍ਹਾਂ ਨੇ ਜਿਉਂਦੇ-ਜਾਗਦੇ ਬੰਦਿਆਂ ਨਾਲ ਗੱਲ-ਬਾਤ ਕਰਨ ਉਪਰੰਤ ਲਿਖੀਆਂ। ਮੈਂ ਉਨ੍ਹਾਂ ਦੀ ਇਕ ਕਹਾਣੀ ਦੀ ਰਚਨ ਪ੍ਰਕਿਰਿਆ ਬਾਰੇ ਗੱਲ ਕਰਾਂਗਾ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਇਕ ਵਾਰ ਪੰਜਾਬੀ ਲਿਖਾਰੀ ਸਭਾ ਰਾਮਪੁਰ ਕਹਾਣੀ ਸਮਾਗਮ ਵਿਚ ਆਏ। ਰਾਤ ਨੂੰ ਹੋਏ ਕਵੀ ਦਰਬਾਰ ਵਿਚ ਮਹਿੰਦਰ ਕੈਦੀ ਨੇ ਕਵਿਤਾ ਪੜ੍ਹੀ। ਉਹ ਉਸ ਦੇ ਤਖ਼ੱਲਸ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਦੇਖਿਆ ਕਿ ਰੋਟੀ-ਪਾਣੀ ਵਰਤਾਉਂਦਿਆਂ ਅਤੇ ਹੋਰ ਪ੍ਰਬੰਧਕੀ ਕੰਮ ਕਰਦਿਆਂ ਸਾਰੇ ਦੋਸਤ-ਮਿੱਤਰ ਉਸ ਨੂੰ ਕੈਦੀ ਕਹਿ ਕੇ ਹੀ ਆਵਾਜ਼ ਮਾਰਦੇ ਸਨ। ਰੋਟੀ-ਪਾਣੀ ਤੋਂ ਵਿਹਲੇ ਹੋ ਕੇ ਉਨ੍ਹਾਂ ਮਹਿੰਦਰ ਕੈਦੀ ਨੂੰ ਆਪਣੇ ਕੋਲ ਬੁਲਾਇਆ। ਖੁੱਲ੍ਹ ਕੇ ਗੱਲਾਂ ਕੀਤੀਆਂ। ਉਸ ਦੇ 'ਤਖ਼ੱਲਸ' ਬਾਰੇ ਜਾਣਕਾਰੀ ਲਈ। ਮਹਿੰਦਰ ਕੈਦੀ ਨੇ ਕਿਹਾ ਕਿ ਪਹਿਲਾਂ ਉਹ ਜੇਲ੍ਹ ਵਿਚ ਕੈਦੀ ਸੀ ਪਰ ਹੁਣ ਪਿਆਰ ਦਾ ਕੈਦੀ ਹੈ। ਗੁਰਬਖ਼ਸ਼ ਸਿੰਘ ਨੇ ਇਸ ਘਟਨਾ ਨੂੰ ਆਧਾਰ ਬਣਾਕੇ ਕਹਾਣੀ 'ਕੈਦੀ' ਲਿਖੀ ਜੋ ਉਨ੍ਹਾਂ ਦੀ ਪ੍ਰਤੀਨਿਧ ਰਚਨਾ ਬਣ ਗਈ ਅਤੇ ਸਕੂਲਾਂ ਕਾਲਜਾਂ ਦੇ ਸਿਲੇਬਸ ਦਾ ਹਿੱਸਾ ਬਣੀ। ਇਸ ਕਹਾਣੀ ਦਾ ਅਰੰਭ ਹੈ, 'ਕੈਦੀ ਨਿਰਾ ਮੇਰਾ ਤਖ਼ੱਲਸ ਹੀ ਨਹੀਂ, ਮੇਰੀ ਕਹਾਣੀ ਏ, ਕਵੀ ਚੰਨ ਦੀ ਚਾਨਣੀ ਵਿਚ ਆਪਣੇ ਮਿੱਤਰ ਨੂੰ ਕਹਿ ਰਿਹਾ ਸੀ' ਅਤੇ ਅੰਤ ਦੀਆਂ ਸੱਤਰਾਂ ਹਨ, 'ਨਹੀਂ ਹੁਣ ਮੈਂ ਜੇਲ੍ਹ ਦਾ ਕੈਦੀ ਕਦੀ ਨਹੀਂ ਬਣਨਾ। ਹੁਣ ਮੈਂ ਪਿਆਰ ਦਾ ਕੈਦੀ ਹੋ ਚੁੱਕਾਂ ਹਾਂ, ਰੂਪਾ ਰਾਣੀ ਦਾ ਕੈਦੀ ਹੋ ਚੁੱਕਾਂ ਹਾਂ'।

ਮਹਿੰਦਰ ਕੈਦੀ ਆਪਣੀ ਪਤਨੀ ਅਤੇ ਪਰਿਵਾਰ ਦੇ ਨਾਲ ਪਿਆਰ ਦਾ ਕੈਦੀ ਹੀ ਨਹੀਂ ਰਿਹਾ ਸਗੋਂ ਚੰਗੇਰੇ ਸਮਾਜ ਦੀ ਸਿਰਜਣਾ ਲਈ ਵੀ ਸੰਘਰਸ਼ ਕਰਦਾ ਰਿਹਾ। ਉਸ ਨੇ ਕਵਿਤਾ ਦੀਆਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ। ਪੰਜਾਬੀ ਲਿਖਾਰੀ ਸਭਾ ਰਾਮਪੁਰ ਦਾ ਪ੍ਰਧਾਨ ਰਿਹਾ ਅਤੇ ਕਿਸਾਨ ਆਗੂ ਵਜੋਂ, ਕਿਸਾਨ-ਲਹਿਰ ਦੇ ਸੰਘਰਸ਼ ਵਿਚ ਯੋਗਦਾਨ ਪਾਇਆ। ਇਹ ਤਾਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਲਿਖਣ ਪ੍ਰਕਿਰਿਆ ਅਤੇ ਕਹਾਣੀ ਦੇ ਵਿਸ਼ੇ ਵਸਤੂ ਦੀ ਚੋਣ ਦੀ ਇਕ ਮਿਸਾਲ ਸੀ। ਇਕ ਗੱਲ ਉਨ੍ਹਾਂ ਦੀ ਕਹਾਣੀ ਦੀ ਪੜ੍ਹਨ ਪ੍ਰਕਿਰਿਆ ਬਾਰੇ ਕਰਦਾ ਹਾਂ। ਪੜ੍ਹਦਿਆਂ ਪੜ੍ਹਦਿਆਂ ਉਨ੍ਹਾਂ ਦੀਆਂ ਕਹਾਣੀਆਂ ਦੇ ਨਵੇਂ ਪਹਿਲੂ ਉਜਾਗਰ ਹੁੰਦੇ ਹਨ। ਉਨ੍ਹਾਂ ਦੀ ਇਕ ਕਹਾਣੀ ਹੈ 'ਬੰਮ ਬਹਾਦਰ'। ਇਸ ਦਾ ਮੁੱਖ ਪਾਤਰ 'ਬੰਮ ਬਹਾਦਰ' ਇਕ ਹਾਥੀ ਹੈ। ਆਮ ਪਾਠਕ ਅਤੇ ਪੰਜਾਬੀ ਦੇ ਆਲੋਚਕ ਵੀ ਇਸ ਕਹਾਣੀ ਨੂੰ ਜਾਨਵਰਾਂ ਦੀਆਂ ਕਹਾਣੀਆਂ ਵਿਚ ਸ਼ਾਮਲ ਕਰਦੇ ਹਨ। ਬੀ.ਏ. ਦੇ ਸਿਲੇਬਸ ਵਿਚ ਇਹ ਕਹਾਣੀ ਪੜ੍ਹਾਉਂਦਿਆਂ ਸੁਰਿੰਦਰ ਸਿੰਘ ਚੀਮਾ ਨੇ ਇਸ ਕਹਾਣੀ ਦੇ ਨਵੇਂ ਅਰਥ ਸਮਝਾਏ ਜੋ ਹੁਣ ਤਕ ਵੀ ਮਨ ਦੇ ਚਿੱਤਰ-ਪਟ 'ਤੇ ਉੱਕਰੇ ਪਏ ਹਨ। ਉਨ੍ਹਾਂ ਨੇ ਦੱਸਿਆ ਕਿ ਇਹ ਹਾਥੀ ਦੀ ਕਹਾਣੀ ਨਹੀਂ ਹੈ। ਹਾਥੀ ਦੀ ਕਹਾਣੀ ਲਿਖਣਾ ਪ੍ਰੀਤਲੜੀ ਦਾ ਮਕਸਦ ਨਹੀਂ ਸੀ। ਉਨ੍ਹਾਂ ਮਿਸਾਲਾਂ ਦੇ ਕੇ ਸਮਝਾਇਆ ਕਿ ਇਹ ਕਹਾਣੀ ਸ਼ੁੱਧ ਰੂਪ ਵਿਚ ਇਕ ਰਾਜਨੀਤਕ ਕਹਾਣੀ ਹੈ। ਜਿਸ ਨੂੰ ਪ੍ਰਤੀਕਾਂ ਰਾਹੀਂ ਉਸਾਰਿਆ ਗਿਆ ਹੈ। ਜਿਵੇਂ ਕਹਾਣੀ ਦੇ ਤੀਜੇ ਪੈਰ੍ਹੇ ਵਿਚ ਇਕ ਸਤਰ ਹੈ। 'ਬੰਮ ਨਿਰਾ ਬਹਾਦਰ ਹੀ ਨਹੀਂ ਹੱਦ ਦਰਜੇ ਦਾ ਅਣਖੀਲਾ ਹਾਥੀ ਸੀ'। ਇਸ ਸਤਰ ਨਾਲ ਜਨਤਾ ਦੀ ਅਣਖ ਅਤੇ ਸਵੈ ਮਾਣ ਨੂੰ ਸੱਟ ਵੱਜਦੀ ਹੈ।

ਜਦੋਂ ਬੰਮ ਬਹਾਦਰ ਦੇ ਰੂਪ ਵਿਚ ਜਨਤਾ ਭ੍ਰਿਸ਼ਟ ਕਰਮਚਾਰੀਆਂ ਦੇ ਵਿਰੁੱਧ ਆਉਂਦੀ ਹੈ ਤਾਂ ਰਾਜ ਸ਼ਕਤੀ ਸਾਜ਼ਿਸ਼ੀ ਤਰੀਕੇ ਨਾਲ ਆਪਣੇ ਅਧਿਕਾਰੀਆਂ/ਕਰਮਚਾਰੀਆਂ ਦੇ ਬਚਾਅ ਵਿਚ ਆਉਂਦੀ ਹੈ ਅਤੇ ਜਨਤਾ ਨੂੰ ਵਰਗਲਾਉਂਦੀ ਅਤੇ ਪਲੋਸਦੀ ਹੋਈ ਵੀ ਉਸ 'ਤੇ ਇਵਜ਼ਾਨੇ ਦੀ ਪੂਰਤੀ ਦੇ ਰੂਪ ਵਿਚ ਹੋਰ ਬੋਝ ਪਾਉਂਦੀ ਹੈ। ਜਿਸ ਨੂੰ ਅਣਭੋਲ ਜਨਤਾ ਸਵੀਕਾਰ ਕਰ ਲੈਂਦੀ ਹੈ। ਅਜੋਕੇ ਸਮੇਂ ਵਿਚ ਸਾਹਮਣੇ ਆਏ ਅਨੇਕ ਕੇਸਾਂ ਵਿਚ ਜਦੋਂ ਸਰਕਾਰ ਆਪਣੇ ਭ੍ਰਿਸ਼ਟ ਅਧਿਕਾਰੀਆਂ ਅਤੇ ਨੇਤਾਵਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਇਸ ਕਹਾਣੀ ਦਾ ਸੱਚ ਹੋਰ ਵੀ ਉਜਾਗਰ ਹੁੰਦਾ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਕਹਾਣੀਆਂ ਆਮ ਲੋਕਾਂ ਦੀਆਂ ਕਹਾਣੀਆਂ ਹਨ। ਚੰਗੇਰੇ ਸਮਾਜ ਦੀ ਸਿਰਜਣਾ ਅਤੇ ਜਨ-ਸਧਾਰਨ ਨੂੰ ਜਾਗਰੂਕ ਕਰਨ ਅਤੇ ਸੇਧ ਦੇਣ ਵਾਲੀਆਂ ਹਨ। •

## ਗ਼ਜ਼ਲਾਂ

ਮਖੌਟਾ ਚਾੜ੍ਹ ਚਿਹਰੇ 'ਤੇ ਖ਼ੁਸ਼ੀ ਦਾ ਰੱਖਣਾ ਪੈਂਦੈ।
ਛੁਪਾ ਕੇ ਦਰਦ ਸੀਨੇ ਵਿਚ ਬਨਾਉਟੀ ਹੱਸਣਾ ਪੈਂਦੈ।

ਜਿਵੇਂ ਨੇ ਫੁੱਲ ਕਾਗ਼ਜ਼ ਦੇ ਵਿਹੂਣੇ ਮਹਿਕ ਤੋਂ ਹੁੰਦੇ,
ਬਿਨਾਂ ਅਹਿਸਾਸ ਤੋਂ ਵੀ ਜ਼ਿੰਦਗੀ ਨੂੰ ਕੱਟਣਾ ਪੈਂਦੈ।

ਇਹੋ ਤਹਿਜ਼ੀਬ ਸਾਡੀ ਹੈ ਕਿ ਸਭ ਕੁਝ ਹੋ ਗਿਆ ਰਸਮੀਂ,
ਕਿਵੇਂ ਦੇ ਹਾਲ ਸਾਡੇ ਹੋਣ, ਵਧੀਆ ਦੱਸਣਾ ਪੈਂਦੈ।

ਖ਼ੁਦਾ ਜਾਣੇ ਗਵਾਚੇ ਰਹਿਣ ਕਿਸ ਦੁਨੀਆ 'ਚ ਅਪਣੇ,
ਪਵੇ ਜੇ ਲੋੜ ਸੌ ਵਾਰੀ ਸੁਨੇਹਾ ਘਲਣਾ ਪੈਂਦੈ।

ਬੜਾ ਹੀ ਤਰਸ ਆਉਂਦਾ ਹੈ ਗਵਾਚੀ ਹੋਂਦ ਅਪਣੀ 'ਤੇ,
ਜਦੋਂ ਹਰ ਸ਼ਾਮ ਖ਼ੁਦ ਨੂੰ ਆਪਣੇ 'ਚੋਂ ਲੱਭਣਾ ਪੈਂਦੈ।



• ਕੁਲਦੀਪ ਸਿੰਘ ਬੰਗੀ, ਮੋਬਾਈਲ : 94174-07778

ਫੁੱਲ ਖਿੜ੍ਹਨੋਂ ਪਹਿਲਾਂ ਹੀ ਕਮਲਾਉਣ ਲੱਗ ਪਏ।
ਐ ਖ਼ੁਦਾ ਇਹ ਕੇਹੇ ਮੌਸਮ ਆਉਣ ਲੱਗ ਪਏ।

ਉਮਰ ਲੰਘਾ ਕੇ ਜਿਨ੍ਹਾਂ ਨੂੰ ਜੀਣਾ ਨਾ ਆਇਆ,
ਤੱਤ ਜੀਵਨ ਦੇ ਉਹ ਕਿਉਂ ਸਮਝਾਉਣ ਲੱਗ ਪਏ।

ਬੰਬ ਖੋਜਣ 'ਤੇ ਸੀ ਜਿਸ ਦਿਨ ਪਾਇਆ ਤਮਗ਼ਾ ਮੈਂ,
ਬੱਚੇ ਮੇਰੇ ਖ਼ਾਬਾਂ ਵਿਚ ਕਰਲਾਉਣ ਲੱਗ ਪਏ।

ਸਾਡੀਆਂ ਫ਼ਸਲਾਂ ਦਾ ਮੁੱਲ ਦੇ ਨਾ ਸਕੇ ਜਿਹੜੇ
ਸਾਡੀਆਂ ਖ਼ੁਦਕੁਸ਼ੀਆਂ ਦੇ ਮੁੱਲ ਪਾਉਣ ਲੱਗ ਪਏ।

ਜ਼ਖ਼ਮ ਨਹੀਂ, ਵੇਖੀ ਜਿਨ੍ਹਾਂ ਸੀ ਜਾਤ ਮੇਰੀ ਉਹ,
ਜਾ ਇਕੱਠ 'ਚ ਏਕੇ ਦਾ ਰੌਲਾ ਪਾਉਣ ਲੱਗ ਪਏ।

ਚੰਨ ਨੂੰ ਜਦ ਤੱਕ ਲਿਆ ਅਸਾਂ ਜ਼ਮੀਨ ਉੱਤੇ,
ਸ਼ਹਿਰ ਤੇਰੇ ਤਦ ਤੋਂ ਗੇੜੇ ਲਾਉਣ ਲੱਗ ਪਏ।



• ਮੁਰੀਦ ਸੰਧੂ, ਮੋਬਾਈਲ : 93575-44440

ਭਿਉਂ ਜ਼ਖ਼ਮਾਂ 'ਤੇ ਫੇਹੇ ਮੈਂ ਧਰੇ।
ਹਾਏ! ਰੋਜ਼ ਹੀ ਹੋ ਜਾਣ ਹਰੇ।

ਦਰਦ ਹਨ੍ਹੇਰੀ ਨਾਲ ਪੱਤਰ ਉੱਡਣ,
ਖ਼ਾਲੀ ਦਿਲ ਵਾਲਾ ਵਿਹੜਾ ਭਰੇ।

ਯਾਦ ਤੇਰੀ ਸਾਨੂੰ ਸੌਣ ਨਾ ਦੇਵੇ,
ਉੱਤੋਂ ਹੰਝੂਆਂ ਦਾ ਮੀਂਹ ਵੀ ਵਰ੍ਹੇ।

ਵਿਛੋੜੇ ਤੇਰੇ ਦੀਆਂ ਛਮਕਾਂ ਵੇ,
ਢੋਲਾ, ਕਿਹੜਾ ਏਸ ਜਿੰਦ 'ਤੇ ਜਰੇ।



• ਕਰਮਜੀਤ ਕੰਮੋ 'ਦਿਉਣ ਐਲਨਾਬਾਦੀ'
ਮੋਬਾਈਲ : 094672-95003

ਕਦੇ ਕੌੜੇ ਤੇ ਕਦੇ ਮਿਠੇ ਪਲਾਂ ਨਾਲ ਮਿਲਾਉਂਦੀ ਹੈ ਜ਼ਿੰਦਗੀ।
ਆਪਣੇ ਤੇ ਆਪਣਿਆਂ ਲਈ ਜੀਣਾ ਸਿਖਾਉਂਦੀ ਹੈ ਜ਼ਿੰਦਗੀ।

ਡਿੱਗਦੀ ਹੈ, ਉੱਠਦੀ ਹੈ, ਪੈਰਾਂ 'ਤੇ ਖੜ੍ਹਾਉਂਦੀ ਹੈ ਜ਼ਿੰਦਗੀ।
ਨਿੱਤ ਨਵੇਂ-ਨਵੇਂ ਸਬਕ ਬੰਦੇ ਨੂੰ ਪੜ੍ਹਾਉਂਦੀ ਹੈ ਜ਼ਿੰਦਗੀ।

ਗਮਾਂ ਵਿਚ ਰੋਵੇ ਤੇ ਪੀੜ ਹਿਜਰ ਦੀ ਹਢਾਉਂਦੀ ਹੈ ਜ਼ਿੰਦਗੀ।
ਖ਼ੁਸ਼ੀਆਂ ਵਿਚ ਗੀਤ ਪਿਆਰ ਦੇ ਵੀ ਗਾਉਂਦੀ ਹੈ ਜ਼ਿੰਦਗੀ।

ਹੋਵੇ ਦ੍ਰਿੜ ਵਿਸ਼ਵਾਸ ਤੇ ਕੁਝ ਕਰ-ਗੁਜਰਨ ਦਾ ਜਜ਼ਬਾ,
ਫਿਰ ਤਾਂ ਪਹਾੜਾਂ ਨਾਲ ਵੀ ਜਾ ਟਕਰਾਉਂਦੀ ਹੈ ਜ਼ਿੰਦਗੀ।

ਹੋਵੇ ਸਬਰ ਸੰਤੋਖ ਤੇ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਜਿੱਥੇ,
ਉਸ ਵਿਹੜੇ ਵਿਚ ਹਰ ਪਲ ਮੁਸਕਰਾਉਂਦੀ ਹੈ ਜ਼ਿੰਦਗੀ।

ਮਨਦੀਪ ਜ਼ਿੰਦਗੀ ਨੂੰ ਸਮਝਣ ਵਾਲੇ ਪੀਰ ਪੈਗੰਬਰ ਬਣਦੇ ਨੇ,
ਨਿੱਤ ਹੀ ਨਵੀਂ ਬੁਝਾਰਤ ਮਨੁੱਖ ਨੂੰ ਪਾਉਂਦੀ ਹੈ ਜ਼ਿੰਦਗੀ।



• ਮਨਦੀਪ ਗਿੱਲ ਧੜਾਕ

ਮੋਹ ਦੇ ਕੁਝ ਕਲਾਵੇ ਹੁੰਦੇ।
ਬਾਕੀ ਬੱਸ ਛਲਾਵੇ ਹੁੰਦੇ।

ਜਿਨਾਂ ਵੱਧ ਭਰੋਸਾ ਹੋਵੇ,
ਓਨੇ ਹੀ ਪਛਤਾਵੇ ਹੁੰਦੇ।

ਆਸ ਬੇਗਾਨੀ ਰੱਖੀ ਦੀ ਨੀਂ,
ਬਹੁਤੇ ਫੋਕੇ ਦਾਵੇ ਹੁੰਦੇ।

ਵਕਤ ਪਏ ਤੋਂ ਫਿਰ ਜਾਂਦੇ ਜੋ,
ਸੱਜਣ ਨਹੀਂ ਪਰਛਾਵੇਂ ਹੁੰਦੇ।

ਇਕ ਦਿਨ ਭੁੰਜੇ ਆਉਣਾ ਪੈਣਾ,
ਅਰਥੀ ਦੇ ਕਦ ਪਾਵੇ ਹੁੰਦੇ।

ਕੋਈ ਰਿਸ਼ਤਾ ਸੱਚਾ ਹੁੰਦਾ,
ਕੁਝ ਤਾਂ ਲੋਕ ਵਿਖਾਵੇ ਹੁੰਦੇ।

ਲਾ ਕੇ ਛੱਡ ਦੇਣਾ ਅੱਧਵਾਟੇ,
ਇਉਂ ਵੀ ਮਨਪਰਚਾਵੇ ਹੁੰਦੇ।

• ਕੁਲਦੀਪ ਸਿੰਘ ਰੁਪਾਲ
ਮੋਬਾਈਲ : 94174-56778

# ਪੱਤਰਕਾਰੀ ਦਾ ਲਿਸ਼ਕਵਾਂ ਮੀਨਾਰ ਪੀ. ਪੀ. ਐੱਸ ਗਿੱਲ

ਪੰਜਾਬ ਦੀ ਧਰਤੀ ਦੇ ਦਰਦ ਨੂੰ ਕਲਮ ਰਾਹੀਂ ਅੰਗਰੇਜ਼ੀ ਵਿਚ ਲਿਖਣ ਵਾਲੇ ਵਿਰਲੇ ਕਲਮਕਾਰ ਹਨ ਜਿਨ੍ਹਾਂ ਕੋਲ ਦਰਦ ਦੀ ਸਿਆਹੀ ਦੇ ਨਾਲ ਨਾਲ ਈਮਾਨ ਵੀ ਹੈ। ਸ. ਪੀ. ਪੀ. ਐੱਸ ਗਿੱਲ ਪੰਜਾਬ ਦੇ ਉਨ੍ਹਾਂ ਨਾਮਵਰ ਪੱਤਰਕਾਰਾਂ ਵਿੱਚੋਂ ਲਿਸ਼ਕਵਾਂ ਚਾਨਣ ਮੀਨਾਰ ਹੈ ਜਿਸ ਨੇ ਸ਼ਿਮਲਾ, ਨਾਭਾ, ਚੰਡੀਗੜ੍ਹ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਉਚੇਰੀ ਸਿੱਖਿਆ ਹਾਸਿਲ ਕਰ ਕੇ ਸਿੱਖਿਅਤ ਪੱਤਰਕਾਰੀ ਵਜੋਂ ਅੰਗਰੇਜ਼ੀ ਪੱਤਰਕਾਰੀ ਨੂੰ ਅਪਣਾਇਆ।

ਸ਼ਿਮਲੇ ਤੋਂ ਬਾਅਦ ਪੀ.ਪੀ.ਐੱਸ ਗਿੱਲ ਨਾਭਾ 'ਚ ਪੜ੍ਹੇ ਪਰ ਮੌਸਮ ਰਾਸ ਨਾ ਆਇਆ। ਮਹਿੰਗੀ ਪੜ੍ਹਾਈ ਨੇ ਸੁਪਨੇ ਕੱਚੇ-ਭੁੰਨੇ ਕਰ ਦਿੱਤੇ। ਵਾਪਸ ਚੰਡੀਗੜ੍ਹ ਮਾਪਿਆ ਕੋਲ ਰਹਿ ਕੇ ਦਸਵੀਂ ਪਾਸ ਕਰ ਕੇ ਲੁਧਿਆਣੇ ਖੇਤਾਬਾੜੀ ਯੂਨੀਵਰਸਿਟੀ ਆ ਗਏ। ਪੰਜ ਸਾਲਾ ਪ੍ਰੋਗਰਾਮ 'ਚ ਬੀ. ਐੱਸ. ਸੀ (ਖੇਤੀਬਾੜੀ) ਕਰ ਕੇ ਡਾ. ਮਹਿੰਦਰ ਸਿੰਘ ਰੰਧਾਵਾ ਦੀ ਪ੍ਰੇਰਨਾ ਨਾਲ ਖੇਤਾਬਾੜੀ ਪੱਤਰਕਾਰੀ 'ਚ ਪਹਿਲੇ ਬੈਚ 'ਚ ਦਾਖ਼ਲਾ ਲੈ ਲਿਆ। ਪ੍ਰਬੁੱਧ ਪੱਤਰਕਾਰ ਸਰਿੰਦਰ ਸੂਦ, ਸ. ਦਲਬੀਰ ਸਿੰਘ ਸ਼ਾਹਪੁਰੀ, ਰਣਤੇਜ ਸਿੰਘ ਗਿੱਲ, ਜਗਤਾਰ ਸਿੰਘ ਕਾਹਲੋਂ ਤੇ ਗੁਰਮੀਤ ਸਿੰਘ ਅਟਵਾਲ ਦੇ ਸਹਿਪਾਠੀ ਬਣੇ। ਦੇਸ਼ ਦੇ ਪ੍ਰਮੁੱਖ ਪੱਤਰਕਾਰ ਡੀ. ਐੱਸ. ਕੱਲ੍ਹਣ ਇਨ੍ਹਾਂ ਦੇ ਅਧਿਆਪਕ ਸਨ। ਪੀ. ਪੀ. ਐੱਸ ਗਿੱਲ ਦੱਸਦੇ ਹਨ ਕਿ ਪੌਮਿਲਾ ਕੱਲ੍ਹਣ ਜੀ ਨੇ ਹੀ ਉਨ੍ਹਾਂ ਦਾ ਪਹਿਲਾ ਲੇਖ ਹਿੰਦੋਸਤਾਨ ਟਾਈਮਜ਼ 'ਚ ਪ੍ਰਕਾਸ਼ਿਤ ਕੀਤਾ ਸੀ। ਹੋਮ ਸਾਇੰਸ ਕਾਲਜ ਪੀ.ਏ.ਯੂ. ਲੁਧਿਆਣਾ ਦੇ ਪ੍ਰੋਫੈਸਰ ਡਾ. ਜਗਜੀਤ ਕੌਰ ਢੇਸੀ ਨੇ ਰੋਟੀ ਬਣਾਉਣ ਬਾਰੇ ਪੀ. ਐੱਚ. ਡੀ. ਕੀਤੀ ਸੀ ਓਦੋਂ ਸੱਜਰੀ ਸੱਜਰੀ, ਇਹ ਲੇਖ ਉਸ ਦੀ ਖੋਜ ਬਾਰੇ ਸੀ। ਫਿਰ ਚੱਲ ਸੋ ਚੱਲ। ਐੱਸ. ਐੱਸ. ਸੀ. ਕਰਨ 'ਤੇ ਪੀ. ਪੀ. ਐੱਸ ਗਿੱਲ ਨੂੰ ਖੇਤੀਬਾੜੀ ਯੂਨੀਵਰਸਿਟੀ ਵਿਚ ਹੀ ਸੰਚਾਰ ਕੇਂਦਰ ਅੰਦਰ 1972 'ਚ ਮੀਡੀਆ ਤੇ ਇਨਫ਼ਰਮੇਸ਼ਨ ਅਸਿਸਟੈਂਟ ਰੱਖ ਲਿਆ। ਪ੍ਰਸਿੱਧ ਕਹਾਣੀਕਾਰ ਸ. ਕੁਲਵੰਤ ਸਿੰਘ ਵਿਰਕ ਉਦੋਂ ਸੰਚਾਰ ਕੇਂਦਰ ਦੇ ਮੁੱਖੀ ਸਨ। ਕਦੇ ਕਦੇ ਸ. ਗੁਰਬਖਸ਼ ਸਿੰਘ ਪ੍ਰੀਤਲੜੀ, ਬਲਰਾਜ ਸਾਹਨੀ, ਸਾਹਿਰ ਲੁਧਿਆਣਵੀ, ਜਾਵੇਦ ਅਖ਼ਤਰ ਦੇ ਪਿਤਾ ਸ਼੍ਰੀ ਜਾਂ ਨਿਸਾਰ ਅਖ਼ਤਰ, ਸ਼ਿਵ ਕੁਮਾਰ, ਨਾਨਕ ਸਿੰਘ ਉਨ੍ਹਾਂ ਨੂੰ ਲਿਲਣ ਆਉਂਦੇ ਸਨ। ਡਾ. ਦਿਲਬਾਗ ਸਿੰਘ ਅਟਵਾਲ, ਡਾ. ਗੁਰਦੇਵ ਸਿੰਘ ਖ਼ੁਸ਼ ਨਾਲ ਇਸ ਕੈਂਪਸ 'ਚ ਅਕਸਰ ਮੁਲਾਕਾਤਾਂ ਹੁੰਦੀਆਂ।



ਮੋਬਾਈਲ : 98141-23335

1972 ਤੋਂ 1975 ਤੀਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸੇਵਾ ਨਿਭਾ ਕੇ ਪੀ.ਪੀ.ਐੱਸ ਗਿੱਲ 'ਦਾ ਟ੍ਰਿਬਿਊਨ' ਅਖ਼ਬਾਰ ਵਿਚ ਸਟਾਫ਼ ਰਿਪੋਰਟ ਭਰਤੀ ਹੋ ਗਏ। ਬਠਿੰਡਾ ਸਟੇਸ਼ਨ ਮਿਲਿਆ। ਉਦੋਂ ਬਠਿੰਡਾ ਅੱਜ ਵਰਗਾ ਨਹੀਂ ਸੀ ਹਰਿਆਵਲਾ। ਟਿੱਬੇ ਹੀ ਟਿੱਬੇ, ਰੁੱਖੇ ਬਿਰਖ਼ ਚੰਗੀਆਂ ਰੂਹਾਂ ਵਾਲੇ ਸਾਦ-ਮੁਰਾਦੇ ਬੰਦੇ ਮਿਲੇ ਏਥੇ। ਆਰ. ਮਾਧਵਨ ਨੈਰ ਉਦੋਂ ਟ੍ਰਿਬਿਊਨ ਦੇ ਮੁੱਖ ਸੰਪਾਦਕ ਸਨ ਤੇ ਸੀ. ਰਾਮਾ ਚੰਦਰਨ ਟ੍ਰਿਬਿਊਨ ਟਰੱਸਟ ਦੇ ਚੇਅਰਮੈਨ। ਦੋਵੇਂ ਬੋਲੇ... 'ਨੌਜਵਾਨ! ਬਠਿੰਡਾ ਤੇ ਮਾਲਵੇ ਦੀ ਨਰਮਾ ਪੱਟੀ ਸਾਡੇ ਅਖ਼ਬਾਰ 'ਚ ਚਮਕਣੀ ਚਾਹੀਦੀ ਹੈ। ਓਹੀ ਹੋਇਆ, ਹਰ ਪ੍ਰਮੁੱਖ ਖ਼ਬਰ ਪੀ. ਪੀ. ਐੱਸ ਗਿੱਲ ਦੀ ਲਿਖਤ ਬਣ ਕੇ ਚਮਕਣ ਲੱਗੀ। ਕਿਸਾਨੀ ਦਾ ਬਦਲਵਾਂ ਸਰੂਪ ਪਹਿਲੀ ਵਾਰ ਅੰਗਰੇਜ਼ੀ ਅੱਖਰਾਂ 'ਚ ਦਿੱਸਿਆ।

ਉਨ੍ਹਾਂ ਨੇ ਮਾਧਵਨ ਨੈਰ ਤੋਂ ਮਗਰੋਂ ਪ੍ਰੇਮ ਭਾਟੀਆ, ਵੀ. ਐੱਨ. ਨਾਰਾਇਣਨ, ਹਰੀ ਜੈ ਸਿੰਘ ਤੇ ਐੱਚ. ਕੇ. ਦੂਆ ਨਾਲ ਨਿੱਠ ਕੇ ਕੰਮ ਕੀਤਾ। 1983 'ਚ ਆਪ ਨੂੰ ਅੰਮ੍ਰਿਤਸਰ ਤਬਦੀਲ ਕਰ ਦਿੱਤਾ। ਅੰਮ੍ਰਿਤਸਰ ਉਦੋਂ ਪੂਰਾ ਸੇਕ ਮਾਰਦਾ ਸ਼ਹਿਰ ਸੀ। ਮੌਤ ਗਲੀਆਂ 'ਚ ਆਦਮ ਬੋ, ਆਦਮ ਬੋ ਕਰਦੀ ਫਿਰਦੀ। ਇਸ ਨੂੰ ਰੋਜ਼ ਇੱਕਤਰ ਕਰ ਕੇ ਸ਼ਾਮ ਢਲੇ ਅਖ਼ਬਾਰ ਨੂੰ ਸੌਂਪਣਾ ਸੌਖਾ ਕਾਰਜ਼ ਨਹੀਂ ਸੀ। ਕੱਸੀ ਹੋਈ ਤਾਰ ਤੇ ਬਿਨਾਂ ਸਹਾਰੇ ਤੁਰਨ ਦੀ ਕਹਾਣੀ ਹੈ। ਸਾਲ 2004 'ਚ ਉਨ੍ਹਾਂ ਨੇ ਸ੍ਵੈ-ਇੱਛਕ ਸੇਵਾ ਮੁਕਤੀ ਲੈ ਲਈ। ਕੁਝ ਅਰਸਾ ਭਾਸਕਰ ਅਖ਼ਬਾਰ ਸਮੂਹ ਨੇ ਸੰਪਾਦਕੀ ਸਲਾਹਕਾਰ ਨਿਯੁਕਤ ਕਰ ਲਿਆ ਪਰ ਜਲਦੀ ਹੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸੰਚਾਰ ਕੇਂਦਰ ਦੇ ਮੁੱਖੀ ਵਜੋਂ ਪੀ.ਪੀ. ਐੱਸ ਗਿੱਲ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕ੍ਰਿਪਾਲ ਸਿੰਘ ਔਲਖ ਇਨ੍ਹਾਂ ਨੂੰ ਲੁਧਿਆਣੇ ਲੈ ਆਏ। ਸੰਚਾਰ ਵਿਧੀ ਨੂੰ ਨਵੇਂ ਰਾਹੀਂ ਤੋਰਿਆ। 13 ਮਹੀਨੇ ਬਾਅਦ ਪੰਜਾਬ ਸਰਕਾਰ ਨੇ ਆਪ ਨੂੰ ਪੰਜਾਬ ਰਾਜ ਸੂਚਨਾ ਕਮਿਸ਼ਨ ਨਿਯੁਕਤ ਕਰ ਲਿਆ। ਸੂਚਨਾ ਕਮਿਸ਼ਨ 'ਚ ਆਪ ਨੇ ਸਾਰਾ ਕੰਮ ਰਮੇਸ਼ ਇੰਦਰ ਸਿੰਘ ਮੁੱਖ ਸੂਚਨਾ ਕਮਿਸ਼ਨ ਨਾਲ ਮਿਲ ਕੇ ਉੜੇ ਐੜੇ ਤੋਂ ਸ਼ੁਰੂ ਕੀਤੀ। ਛੇ ਸਾਲ ਕੀਤੇ ਕੰਮ ਦੀ ਧਾਂਕ ਅੱਜ ਵੀ ਹੈ। ਸਾਰੇ ਦਸਤਾਵੇਜ਼ ਪੰਜਾਬੀ 'ਚ ਕਰਵਾਏ ਤਾਂ ਜੋ ਆਮ ਬੰਦੇ ਨੂੰ ਸੂਚਨਾ ਅਧਿਕਾਰ ਦੀ ਸੂਚਨਾ ਮਿਲੇ। •



ਗੁਰਭਜਨ ਗਿੱਲ
ਮੋਬਾਈਲ : 98726-31199

ਮਿੰਨੀ ਕਹਾਣੀ

## ਰੀਅਲ ਸਿਸਟਰ

ਸਾਹਮਣਿਉਂ ਆਉਂਦੀਆਂ ਤਿੰਨ ਕੁੜੀਆਂ ਦੇਖ ਬੱਬਲ ਨੇ ਰਾਜੂ ਦੇ ਮੋਢੇ ਤੇ ਹੱਥ ਮਾਰਦਿਆਂ ਕਿਹਾ, "ਉਏ.. ਉਹ ਸਾਹਮਣੇ ਵੇਖ ਮਲਾਈ ਵਰਗੀਆਂ ਕੁੜੀਆਂ ਆ ਰਹੀਆਂ ਨੇ। ਕਾਸ਼ ਕਿਤੇ ਇਨ੍ਹਾਂ ਵਿੱਚੋਂ ਇਕ ਵੀ ਮੇਰੇ ਨਾਲ...!" ਬੱਬਲ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਰਾਜੂ ਨੇ ਸਾਹਮਣਿਓਂ ਆ ਰਹੀ ਇਕ ਹੋਰ ਮੁਟਿਆਰ ਵੱਲ ਇਸ਼ਾਰਾ ਕਰਦਿਆਂ ਕਿਹਾ, "ਉਏ ਇਹ ਤਾਂ ਕੁਝ ਵੀ ਨਹੀਂ ਉਹ ਆ ਰਹੀ ਆ ਅਸਲ ਕਰੀਮ ਤਾਂ। ਕਾਸ਼! ਕਿਤੇ ਜੇ ਮੈਨੂੰ ਮਿਲ ਜਾਵੇ ਤਾਂ...!

"ਚੁੱਪ ਕਰ ਉਏ, ਉਹ ਮੇਰੀ ਰੀਅਲ ਸਿਸਟਰ ਆ, ਜੇ ਇਕ ਲਫਜ਼ ਵੀ ਹੋਰ ਬੋਲਿਆ ਤਾਂ!" ਰਾਜੂ ਦੀ ਗੱਲ ਵਿੱਚੋਂ ਟੋਕਦਿਆਂ ਬੱਬਲ ਗੁੱਸੇ ਨਾਲ ਲਾਲ-ਪੀਲਾ ਹੋ ਕੇ ਰਾਜੂ ਨੂੰ ਕਾਲਰ ਤੋਂ ਫੜ੍ਹਦਾ ਹੋਇਆ ਬੋਲਿਆ। "ਕਿਉਂ ਜੇ ਤੇਰੀ ਸਿਸਟਰ ਬਾਰੇ ਕੋਈ ਬੋਲੇ ਤਾਂ ਇਨਾਂ ਗੁੱਸਾ ਪਰ ਜਿੰਨਾਂ ਨੂੰ ਤੂੰ ਮੱਖਣ ਮਲਾਈ ਦੱਸ ਰਿਹਾ ਏ ਉਹ ਵੀ ਤਾਂ ਕਿਸੇ ਦੀਆਂ ਰੀਅਲ ਸਿਸਟਰਜ਼ ਹੀ ਹਨ।" ਕਹਿ ਕੇ ਰਾਜੂ ਆਪਣਾ ਕਾਲਰ ਛੁਡਵਾ ਕੇ ਕੱਪੜੇ ਠੀਕ ਕਰਦਾ ਹੋਇਆ ਘਰ ਵੱਲ ਤੁਰ ਪਿਆ ਤੇ ਬੱਬਲ ਉਸੇ ਜਗ੍ਹਾ ਪੱਥਰ ਦਾ ਬੁੱਤ ਬਣਿਆ ਕੁਝ ਸੋਚੀ ਜਾ ਰਿਹਾ ਸੀ।

• ਰੋਹਿਤ ਸੋਨੀ ਸਾਦਿਕ
ਮੋਬਾਈਲ : 92574-01900

# ਇਕ ਕੁਦੇਸਣ ਜੋ ਆਪਣੀ ਸੀ

*ਉਹ ਸੋਚਦੀ ਇੰਨੀ ਜ਼ਮੀਨ ਮੇਰੇ ਤੋਂ ਬਿਨਾਂ ਕੌਣ ਸੰਭਾਲੇਗਾ। ਇਨ੍ਹਾਂ ਕਾਤਲਾਂ ਨੂੰ ਛੱਡਣਾ ਵੀ ਬੇ-ਗ਼ੈਰਤੀ ਹੈ। ਉਸ ਨੇ ਖ਼ੁਦ ਨੂੰ ਤਿਆਰ ਕਰ ਹਸਪਤਾਲ ਤੋਂ ਪੋਸਟਮਾਰਟਮ ਦੀ ਕਾਪੀ ਮੰਗੀ...*

• ਅਭੈ ਸਿੰਘ

*ਲੜੀ ਜੋੜਨ ਲਈ ਅਦਬ ਦਾ ਪਿਛਲਾ ਅੰਕ ਦੇਖੋ*

ਜਿਸ ਤੇ ਦੋਵਾਂ ਮੁਲਾਜ਼ਮਾਂ ਆਪਣੀ ਗੱਲ ਨੂੰ ਚਮਕਾਉਂਦੇ ਹੋਏ ਕਿਹਾ, ਗੁਰਦੀਪ ਸਿੰਘ ਮਾਰ ਇਸ ਦੇ ਸਿੱਧੀ ਗੋਲੀ ਕਦੇ ਸਾਡਾ ਪਾਣੀ ਭਰਦਾ ਸੀ ਅੱਜ ਸਾਡੇ ਕਹੇ ਤੇ ਰੁਕਦਾ ਨਹੀਂ। ਜਿਸ 'ਤੇ ਹੌਲਦਾਰ ਨੇ ਉਸ ਡਰਾਉਣ ਲਈ ਉਸ ਵੱਲ ਬੰਦੂਕ ਦਾ ਫਾਇਰ ਕੀਤਾ ਜੋ ਜਸਵੰਤ ਦੇ ਅਗੇ ਝੁਕਣ ਕਰਕੇ ਉਸ ਦੇ ਨਾਂ ਲੱਗਾ। ਦੋਨਾ ਮੁਲਾਜ਼ਮਾਂ ਨੇ ਕਿਹਾ ਸਿੱਧੀ ਮਾਰ ਗੋਲੀ ਤਿੜਿਆ ਫਿਰਦਾ। ਇਸ ਦਾ ਅੱਜ ਹੀ ਅਲਖ ਮੁਕਾ, ਫਿਰ ਸ਼ਿਕਾਇਤਾਂ ਕਰਦਾ ਫਿਰੇਗਾ ਸਾਰੇ ਸਬੂਤ ਮਿਟਾਂ ਦਿਆਂਗੇ। ਇਸ ਦੇ ਖਿਲਾਫ਼ ਮੁਕਾਬਲੇ ਦਾ ਪਰਚਾ ਦਰਜ ਕਰ ਦੇਵਾਂਗੇ। ਇਸ ਦੀ ਕੁਦੇਸਨ ਮਾਂ ਇੱਕਲੀ ਕੀ ਕਰ ਸਕਦੀ ਹੈ। ਸਰਕਾਰੇ ਦਰਬਾਰ ਸਾਡੀ ਸੁਣੀ ਜਾਣੀ ਹੈ। ਜਸਵੰਤ ਕੁਝ ਫ਼ਾਸਲੇ 'ਤੇ ਅਗੇ ਨਿਕਲ ਗਿਆ ਇਨ੍ਹਾਂ ਸਾਰੇ ਮੁਲਾਜ਼ਮਾਂ ਨੇ ਪਿੱਛਾ ਕਰ ਹੌਲਦਾਰ ਨੇ ਆਪਣੀ ਬੰਦੂਕ ਦਾ ਫਾਇਰ ਕੀਤਾ ਜੋ ਜਸਵੰਤ ਦੀ ਪਿੱਠ ਵਿਚ ਲੱਗਾ। ਘੋੜੀ ਤੋਂ ਹੇਠਾ ਡਿੱਗਦੇ ਦੀ ਜਾਨ ਨਿਕਲ ਗਈ ਉਸ ਦੀ। ਥਾਣੇ ਸੂਚਿਤ ਕਰ, ਮੁਕਾਬਲੇ ਦਾ ਝੂਠਾ ਪਰਚਾ ਦਰਜ ਕਰਾ ਦਿੱਤਾ, ਜਸਵੰਤ ਸਿੰਘ ਦੇ ਘਰ ਉਸ ਦੇ ਪੁੱਤਰ ਨੂੰ ਪਹੁੰਚਾ ਦਿੱਤਾ ਗਿਆ ਤੇ ਪੁਲਿਸ ਵਾਲੇ ਜਸਵੰਤ ਦੇ ਮੁਕਾਬਲੇ ਵਿਚ ਮਾਰੇ ਜਾਣ ਦੀ ਖ਼ਬਰ ਉਸ ਦੀ ਮਾਂ ਨੂੰ ਦਿੰਦੇ ਉਸ ਦੀ ਲਾਸ਼ ਸਿਵਲ ਹਸਪਤਾਲ ਤੋਂ ਲਿਆਉਣ ਦਾ ਸੁਨੇਹਾ ਵੀ ਦੇ ਆਏ। ਲਾਜਵੰਤ 'ਤੇ ਮਸੀਬਤਾਂ ਦਾ ਪਹਾੜ ਟੁਟ ਪਿਆ ਉਸ ਨੂੰ ਸਮਝ ਨਾ ਆਉਂਦੀ ਕਿ ਉਹ ਕੀ ਕਰੇ। ਜਸਵੰਤ ਮੁਕਾਬਲੇ ਵਿਚ ਮਾਰਿਆ ਗਿਆ। ਉਹ ਕਿਹੜਾ ਅੱਤਵਾਦੀ ਸੀ। ਜ਼ਰੂਰ ਕੋਈ ਗੜਬੜੀ ਹੋਈ ਹੈ। ਪੁਲਿਸ ਨੇ ਮੇਰੇ ਪੁਤ ਦਾ ਕਤਲ ਕਰ ਮੁਕਾਬਲੇ ਦੀ ਝੂਠੀ ਕਹਾਣੀ ਬਣਾਈ ਹੈ। ਸਾਰੇ ਪਿੰਡ ਵਿਚ ਵੀ ਸਨਾਟਾ ਛਾ ਗਿਆ, ਦਿਮਾਗ ਵਿਚ ਇਹ ਮੁਕਾਬਲੇ ਦੀ ਕਹਾਣੀ ਨਹੀ ਬੈਠ ਰਹੀ ਸੀ। ਪੋਸਟ-ਮਾਰਟਮ ਤੋਂ ਬਾਅਦ ਲਾਸ਼ ਦਾ ਸੰਸਕਾਰ ਪਿੰਡ ਲਿਆ ਕੇ ਕੀਤਾ ਗਿਆ। ਲਾਜਵੰਤ ਕੌਰ 'ਤੇ ਬਹੁਤ ਵੱਡੀ ਜ਼ਿੰਮੇਵਾਰੀ ਆ ਪਈ। ਜਸਵੰਤ ਦਾ ਛੋਟਾ ਜਿਹਾ ਮਸੂਮ ਬੱਚਾ 22/23 ਵਰ੍ਹਿਆਂ ਦੀ ਨੂੰਹ ਜਿਨ੍ਹਾਂ ਵਾਸਤੇ ਉਸ ਨੂੰ ਜੀਣਾ ਪੈਣਾ ਸੀ। ਉਹ ਸੋਚਦੀ ਇੰਨੀ ਜ਼ਮੀਨ ਜਾਇਦਾਦ ਮੇਰੇ ਤੋਂ ਬਿਨਾਂ ਕੌਣ ਸੰਭਾਲੇਗਾ। ਇਨ੍ਹਾਂ ਕਾਤਲਾਂ ਨੂੰ ਛੱਡਣਾ ਵੀ ਬੇ-ਗ਼ੈਰਤੀ ਸੀ। ਉਸ ਨੇ ਆਪਣੇ ਆਪ ਨੂੰ ਤਿਆਰ ਕਰ ਹਸਪਤਾਲ ਤੋਂ ਪੋਸਟਮਾਰਟਮ ਦੀ ਕਾਪੀ ਮੰਗੀ। ਥਾਣੇ ਇਨਸਾਫ਼ ਲਈ ਗੁਹਾਰ ਲਾਈ ਪਰ ਕਿਤੋਂ ਕੁਝ ਹਾਸਿਲ ਨਾ ਹੋਇਆ। ਉਸ ਨੂੰ ਹੁਣ ਸਮਝ ਆ ਚੁਕੀ ਸੀ ਕਿ ਸਾਰੀ ਮਿਲੀ ਭੁਗਤ ਹੈ। ਇਕ ਦਿਨ ਐੱਸਪੀ ਸਾਹਿਬ ਨੂੰ ਮਿਲਣ ਜਾਂਦੀ ਨੂੰ ਰਸਤੇ ਵਿਚ ਸਾਰੇ ਦੋਸ਼ੀਆਂ ਘੇਰ ਕੇ ਉਸ ਨੂੰ ਧਮਕੀ ਦਿੱਤੀ ਕਿ ਕੁਦੇਸਨੇ ਅਰਾਮ ਨਾਲ ਬੈਠ ਜਾ ਪੈਰਵੀ ਛੱਡਦੇ। ਆਪਣੀ ਔਕਾਤ ਵਿਚ ਰਹਿ ਨਹੀਂ ਤਾਂ ਤੇਰਾ ਵੀ ਤੇਰੇ ਪੁੱਤਰ ਵਾਲਾ ਹਾਲ ਕਰਾਂਗੇ। ਪੁੱਤਰ ਦੀ ਤਾਂ ਤੂੰ ਲਾਸ਼ ਲੈ ਆਈ ਸੀ, ਤੇਰੀ ਲਾਸ਼ ਕਿਸੇ ਲੈਣ ਨਹੀਂ ਜਾਣਾ 2-4 ਲੋਕ ਜੋ ਤੇਰੇ ਨਾਲ ਤੁਰੇ ਫਿਰਦੇ ਨਜ਼ਰ ਆਉਂਦੇ ਹਨ ਉਹ ਵੀ ਅਸੀਂ ਭਜਾ ਦੇਣੇ ਹਨ ਅੱਗੇ ਤੋਂ ਜੇ ਕਿਸੇ ਅਫ਼ਸਰ ਦੇ ਪੇਸ਼ ਹੁੰਦੇ ਵੇਖ ਲਿਆ, ਤੇਰੇ ਵੀ ਸਿੱਧੀ ਗੋਲੀ ਮਾਰ ਦਿਆਂਗੇ। ਇਹ ਸਾਰਾ ਕੁਝ ਸੁਣਦੇ ਸਾਰ ਹੀ ਲਾਜਵੰਤ ਕੌਰ ਦੇ ਅੰਦਰ ਇਕ ਨਵਾਂ ਜੋਸ਼ ਭਰ ਆਇਆ। ਉਹ ਬੇਖ਼ੌਫ਼ ਹੋ ਗਈ, ਮੌਤ ਦਾ ਡਰ ਇਕ ਦਮ ਗਾਇਬ ਹੋ ਗਿਆ ਤੇ ਜੋਸ਼ ਵਿਚ ਉਹ ਕਹਿ ਉਠੀ। ਹੌਲਦਾਰਾ ਗੋਲੀ ਮਾਰਨੀ ਤਾਂ ਅੱਜ ਹੀ ਮਾਰਦੇ ਹੁਣ ਤੂੰ ਮੇਰੇ ਅੱਗੇ ਵੱਧਦੇ ਕਦਮਾਂ ਨੂੰ ਨਹੀਂ ਰੋਕ ਸਕੇਗਾ। ਇਹ ਮੇਰੀ ਤੈਨੂੰ ਵੰਗਾਰ ਵੀ ਹੈ ਤੇ ਲਲਕਾਰ ਵੀ ਹੈ। ਤੂੰ ਦੁਖੀ ਮਾਂ ਦਾ ਹਿਰਦਾ ਵਲੂੰਦਰਿਆ ਹੈ। ਤੈਨੂੰ ਤੇਰੇ ਕੀਤੇ ਦੀ ਸਜਾ ਜ਼ਰੂਰ ਮਿਲੇਗੀ। ਹੌਲਦਾਰ ਨੇ ਗਰਜ ਕੇ ਕਿਹਾ ਕੁਦੇਸਨੇ ਇੱਥੋਂ ਚਲੀ ਜਾ ਤੂੰ ਕੁਝ ਨਹੀਂ ਕਰ ਸਕਦੀ, ਅਸੀਂ ਸਾਰੇ ਸਬੂਤ ਮਿਟਾ ਦਿਤੇ ਹਨ। ਜਿਥੇ ਮਰਜ਼ੀ ਭਜਕੇ ਵੇਖ ਲੈ।

ਲਾਜਵੰਤ ਇਹ ਗੱਲ ਚੰਗੀ ਤਰ੍ਹਾਂ ਸਮਝ ਚੁੱਕੀ ਸੀ ਕਿ ਕੁਝ ਕਰਨਾ ਪੈਣਾਂ। ਇਨ੍ਹਾਂ ਜ਼ਾਲਮਾਂ ਨੂੰ ਉਹ ਖੁਲ੍ਹਿਆਂ ਨਹੀਂ ਛੱਡ ਸਕਦੀ। ਕਿਸੇ ਤਰ੍ਹਾਂ ਕੁਝ ਕਾਗ਼ਜ਼ਾਤ ਇੱਕਠੇ ਕਰ ਅਦਾਲਤ ਵਿਚ ਮੁਕੱਦਮਾ ਕਰ ਦਿੱਤਾ। ਪਰ ਕੁਝ ਤਕਨੀਕੀ ਕਾਰਨਾ ਕਰਕੇ ਉਹ ਖਾਰਜ ਹੋ ਗਿਆ। ਜਿਸ ਦੇ ਹੁਕਮ ਦੇ ਖਿਲਾਫ਼ ਉਸ ਨੇ ਸੈਸ਼ਨ ਕੋਰਟ ਵਿਚ ਅਪੀਲ ਕੀਤੀ। ਸੁਣਵਾਈ ਤੋਂ ਬਾਅਦ ਮਾਨਯੋਗ ਸੈਸ਼ਨ ਕੋਰਟ ਨੇ ਅਪੀਲ ਕਰਤਾ ਨੂੰ ਹਦਾਇਤ ਕੀਤੀ ਕਿ ਉਹ ਪੁਖ਼ਤਾ ਸਬੂਤ ਹੇਠਲੀ ਅਦਾਲਤ ਵਿਚ ਪੇਸ਼ ਕਰੇ। ਉੱਥੇ ਰਹਿੰਦੀ ਗੁਆਹੀ ਪੇਸ਼ ਕਰੇ। ਕੇਸ ਫਿਰ ਹੇਠਲੀ ਅਦਾਲਤ ਵਿਚ ਭੇਜ ਦਿੱਤਾ ਗਿਆ। ਮਾਨਯੋਗ ਹੇਠਲੀ ਅਦਾਲਤ ਨੇ ਕਾਰਵਾਈ ਪੂਰੀ ਕਰਦੇ ਦੋਸ਼ੀਆਂ ਨੂੰ ਤਲਬ ਕਰ ਕੇਸ ਸੈਸ਼ਨ ਸਪੁਰਦ ਕਰ ਦਿੱਤਾ ਤੇ ਦੋਨਾਂ ਧਿਰਾਂ ਨੂੰ ਉੱਥੇ ਪੇਸ਼ ਹੋਣ ਦੀ ਹਦਾਇਤ ਕੀਤੀ ਕੁਝ ਤਰੀਕਾਂ ਤੇ ਬਹਿਸ ਹੋਣ ਤੋਂ ਬਾਅਦ ਦੋਸ਼ੀਆਂ ਨੂੰ ਸੈਸ਼ਨ ਕੋਰਟ ਨੇ ਬਰੀ ਕਰ ਦਿੱਤਾ। ਲਾਜਵੰਤ ਕੌਰ ਵੀ ਹੁਣ 60 ਵਰ੍ਹਿਆਂ ਤੋਂ ਉੱਪਰ ਹੋ ਚੁਕੀ ਸੀ। ਇਨ੍ਹਾਂ ਕਾਤਲ ਲੋਕਾਂ ਦੀ ਫਿਰ ਚੜ੍ਹ ਮੱਚ ਗਈ ਫਿਰ ਧਮਕੀਆਂ ਦਾ ਸਿਲਸਲਾ ਸ਼ੁਰੂ ਹੋ ਗਿਆ। ਕੁਦੇਸਨੇ ਚੁੱਪ ਕਰ ਕੇ ਘਰ ਬੈਠ ਜਾ ਕਿੱਥੇ ਬੁੱਢੀਆਂ ਹੱਡੀਆਂ ਰੋਲਦੀ ਫਿਰ ਦੀ ਏ। ਹੁਣ ਕੁਝ ਨਹੀਂ ਹੋਣ ਵਾਲਾ।

ਉਸ ਨੂੰ ਪੈਸੇ ਦਾ ਵੀ ਲਾਲਚ ਦਿੱਤਾ ਪਰ ਉਹ ਤਾਂ ਦਿਲ ਵਿਚ ਹੋਰ ਹੀ ਕੁਝ ਘਰ ਚੁੱਕੀ ਸੀ। ਉਸ ਨੂੰ ਆਪਣੇ ਜੀਣ ਦਾ ਹੁਣ ਕੋਈ ਮਲਾਲ ਨਾ ਰਿਹਾ। ਉਹ ਤਾਂ ਦੋਸ਼ੀਆਂ ਵੱਲੋਂ ਮਚਾਈ ਅੱਤ ਤੇ ਹਨੇਰ ਗਰਦੀ ਦਾ ਅੰਤ ਕਰ ਕੇ ਆਪਣੇ ਤੇ ਲਗੇ ਕਲੰਕ ਕੁਦੇਸਣ ਦਾ ਕਿ 'ਉਹ ਕਦੇ ਨਹੀਂ ਵਸਦੀਆਂ। ਆਪਣੇ ਪਤੀ ਨੂੰ ਧੋਖਾ ਦੇ ਸਾਰਾ ਘਰ ਲੁਟ ਕਿਸੇ ਹੋਰ ਮਰਦ ਨਾਲ ਭੱਜ ਜਾਂਦੀਆਂ ਹਨ'। ਜਿਸ ਨੂੰ ਉਹ ਇਸੇ ਘਰ, ਪਿੰਡ ਤੇ ਸਮਾਜ ਵਿਚ ਰਹਿਕੇ ਧੋਣਾਂ ਚਾਹੁੰਦੀ ਸੀ।

ਉਹ ਆਪਣੇ ਸਮਾਜ ਤੇ ਪੰਜਾਬੀ ਸਮਾਜ ਨੂੰ ਦਸ ਦੇਣਾ ਚਾਹੁੰਦੀ ਸੀ ਕਿ ਕੁਦੇਸਣ ਵੀ ਕਿਸੇ ਦੀ ਧੀ, ਭੈਣ, ਪਤਨੀ ਤੇ ਮਾਂ ਹੁੰਦੀ ਹੈ। ਉਸ ਦਾ ਆਪਣਾ ਕੋਈ ਧਰਮ ਨਹੀਂ ਹੁੰਦਾ। ਔਰਤ ਜਿਸ ਸਮਾਜ ਵਿਚ ਚਲੀ ਜਾਵੇ ਉਹੀ ਉਸ ਦਾ ਧਰਮ ਤੇ ਸਮਾਜ ਹੁੰਦਾ ਹੈ। ਔਰਤ ਇਕ ਵਾਰ ਜੋ ਮੰਨ ਵਿਚ ਧਾਰ ਲਏ ਉਹ ਕਰ ਵਿਖਾਉਂਦੀ ਹੈ ਫਿਰ ਭਾਵੇਂ ਉਹ ਕੁਦੇਸਣ ਹੋਵੇ ਜਾਂ ਵਿਦੇਸਣ। **(ਚਲਦਾ)**




## ਪ੍ਰਾਪਤ ਪੁਸਤਕਾਂ



| | | | |
|---|---|---|---|
| ਪੁਸਤਕ | ਮਾਂ ਦੀ ਗੋਦ (ਮਿੰਨੀ ਕਹਾਣੀ ਸੰਗ੍ਰਹਿ) | | |
| ਲੇਖਕ | ਸੁਰਜੀਤ ਮੰਨਣਹਾਨੀ | | |
| ਪੰਨੇ | 60 | ਮੁੱਲ | 100/- |
| ਪ੍ਰਕਾਸ਼ਕ | ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ, ਹੁਸ਼ਿਆਰਪੁਰ। | | |



| | | | |
|---|---|---|---|
| ਪੁਸਤਕ | ਕਸੁੰਬੜੇ ਦੇ ਫੁੱਲ | | |
| ਲੇਖਕ | ਪ੍ਰੀਤਮਾ ਦੋਮੇਲ | | |
| ਪੰਨੇ | 103 | ਮੁੱਲ | 200/- |
| ਪ੍ਰਕਾਸ਼ਕ | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ। | | |



| | | | |
|---|---|---|---|
| ਪੁਸਤਕ | ਮੋਹ ਦੀਆਂ ਤੰਦਾਂ | | |
| ਲੇਖਕ | ਮਨਜੀਤ ਕੌਰ ਮੀਤ | | |
| ਪੰਨੇ | 96 | ਮੁੱਲ | 200/- |
| ਪ੍ਰਕਾਸ਼ਕ | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ। | | |



| | | | |
|---|---|---|---|
| ਪੁਸਤਕ | ਏਥੇ ਆਉਣਾ ਮਨ੍ਹਾਂ ਹੈ | | |
| ਲੇਖਕ | ਅਮਨ ਮਾਨਸਾ | | |
| ਪੰਨੇ | 100 | ਮੁੱਲ | 100/- |
| ਪ੍ਰਕਾਸ਼ਕ | ਸਾਹਿਬਦੀਪ ਪ੍ਰਕਾਸ਼ਨ, ਮਾਨਸਾ। | | |



| | | | |
|---|---|---|---|
| ਪੁਸਤਕ | ਨਿਰਦੋਸ਼ ਲੋਕਾਈ | | |
| ਲੇਖਕ | ਆਤਮਾ ਸਿੰਘ ਪਮਾਰ | | |
| ਪੰਨੇ | 96 | ਮੁੱਲ | 100/- |
| ਪ੍ਰਕਾਸ਼ਕ | ਸਾਹਿਬਦੀਪ ਪ੍ਰਕਾਸ਼ਨ, ਮਾਨਸਾ। | | |

ਤੁਹਾਡੇ ਅੰਦਰ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ। ਇਨ੍ਹਾਂ ਸਵਾਲਾਂ ਦਾ ਪਿੱਛਾ ਕਰਦੇ ਤੁਸੀਂ ਉਸ ਚਾਰਦੀਵਾਰੀ ਤੋਂ ਮੁਕਤ ਹੋ ਜਾਂਦੇ ਹੋ ਜਿਸ ਨੂੰ ਸਕੂਲ ਕਹਿੰਦੇ ਹਨ। ਤੁਹਾਨੂੰ ਅਧਿਆਪਕ ਦੇ ਨਾਲ-ਨਾਲ ਅਜਿਹੇ ਦੋਸਤਾਂ ਦੀ ਵੀ ਲੋੜ ਹੁੰਦੀ ਹੈ ਜਿਹੜੇ ਕਿਤਾਬਾਂ ਅਤੇ ਉਸਾਰੂ ਜ਼ਿੰਦਗੀ ਬਾਰੇ ਗੱਲਾਂ ਕਰਦੇ ਹੋਣ...

# ਵਿਦਿਆਰਥੀ ਤੇ ਅਧਿਆਪਕ ਦਾ ਰਿਸ਼ਤਾ

ਮਲਵਿੰਦਰ ਸਿੰਘ

ਮੈਂ ਇਕ ਰਿਟਾਇਰਡ ਅਧਿਆਪਕ ਹਾਂ। ਮੇਰੇ ਬਚਪਨ ਦੇ ਗਵਾਂਢ 'ਚ ਅਧਿਆਪਕ ਰਹਿੰਦੇ ਸਨ। ਉਨ੍ਹਾਂ ਦੇ ਰਹਿਣ-ਸਹਿਣ, ਵਰਤੋਂ-ਵਿਹਾਰ, ਬੋਲ-ਚਾਲ, ਸੰਕੋਚਵੀਂ ਤੇ ਸੁਲਝੀ ਜੀਵਨ ਜਾਚ ਦਾ ਮੇਰੇ ਬਚਪਨ ਉੱਪਰ ਬਹੁਤਾ ਨਹੀਂ ਤਾਂ ਥੋੜ੍ਹਾ ਅਸਰ ਜ਼ਰੂਰ ਪਿਆ ਹੋਵੇਗਾ। ਮੇਰੇ ਸਿਲੇਬਸ ਦੇ ਅਧਿਆਪਕ ਉਹ ਬਾਅਦ 'ਚ ਬਣੇ। ਓਦੋਂ ਉਹ ਸਿਲੇਬਸ ਤੋਂ ਬਾਹਰਲੇ ਅਧਿਆਪਕ ਸਨ। ਇਹ ਸ਼ਾਇਦ ਉਨ੍ਹਾਂ ਦੇ ਗਵਾਂਢ ਦਾ ਹੀ ਅਸਰ ਸੀ ਕਿ ਮੈਂ ਵੱਡੇ ਹੋ ਕੇ ਅਧਿਆਪਕ ਬਣਨਾ ਚੁਣਿਆਂ।

ਮੈਂ ਉਨ੍ਹਾਂ ਨੂੰ ਕਦੀ ਆਪਣੇ ਪਿੰਡ ਦੇ ਅੱਡੇ 'ਚ ਬੈਠ ਚਾਹ ਪੀਦਿਆਂ ਨਹੀਂ ਸੀ ਵੇਖਿਆ। ਬਾਅਦ ਵਾਲੇ ਸਾਲਾਂ ਵਿਚ ਮੈਂ ਜਦੋਂ ਅਧਿਆਪਕਾਂ ਨੂੰ ਅੱਡਿਆਂ 'ਚ ਬੈਠ ਸ਼ਰਾਬ ਪੀਂਦੇ ਵੇਖਿਆ ਅਤੇ ਅਧਿਆਪਕ-ਵਿਦਿਆਰਥੀ ਮਰਿਆਦਾ ਭੰਗ ਹੁੰਦੀ ਵੇਖੀ ਤਾਂ ਇਨ੍ਹਾਂ ਸਧਾਰਣ ਲੱਗਦੀਆਂ ਗੱਲਾਂ ਦੇ ਅਰਥ ਮੈਨੂੰ ਸਮਝ ਆਏ। ਹੋਰ ਤਾਂ ਹੋਰ ਓਦੋਂ ਜੰਗਲ-ਪਾਣੀ ਖੇਤਾਂ 'ਚ ਜਾਣਾ ਪੈਂਦਾ ਸੀ। ਉਹ ਸਵੇਰੇ ਤੜਕੇ ਮੂੰਹ-ਹਨੇਰੇ ਇਹ ਕਿਰਿਆ ਭੁਗਤਾ ਆਉਂਦੇ ਸਨ ਤਾਂ ਜੋ ਕੋਈ ਵਿਦਿਆਰਥੀ ਉਨ੍ਹਾਂ ਨੂੰ ਨਾ ਵੇਖੇ। ਪਿੰਡ ਵਿਚ ਉਨ੍ਹਾਂ ਦਾ ਸਤਿਕਾਰ ਸੀ। ਲੋਕ ਉਨ੍ਹਾਂ ਕੋਲੋਂ ਸਲਾਹਾਂ ਲੈਂਦੇ। ਉਹ ਘਰੋਂ ਬਾਹਰ ਜਾਣ ਵੇਲੇ ਵਧੀਆ ਤਰੀਕੇ ਨਾਲ ਤਿਆਰ ਹੁੰਦੇ। ਉਨ੍ਹਾਂ ਦਾ ਪਹਿਰਾਵਾ ਸਾਦਾ ਪਰ ਪ੍ਰਭਾਵਸ਼ਾਲੀ ਹੁੰਦਾ। ਉਹ ਕਦੀ ਉੱਚਾ ਨਾ ਬੋਲਦੇ। ਚੀਕਾਂ ਮਾਰ-ਮਾਰ ਗੱਲਾਂ ਨਾ ਕਰਦੇ। ਹਰ ਵੇਲੇ ਅਧਿਆਪਕੀ ਮਰਿਆਦਾ ਉਨ੍ਹਾਂ ਦੇ ਅੰਗ-ਸੰਗ ਰਹਿੰਦੀ। ਇਹ ਅਤੇ ਅਜਿਹਾ ਹੋਰ ਬਹੁਤ ਕੁਝ ਜਿਹੜਾ ਉਨ੍ਹਾਂ ਦੇ ਵਿਵਹਾਰ ਦਾ ਸਹਿਜ ਵਰਤਾਰਾ ਸੀ। ਸਾਡੇ ਲਈ ਇਕ ਅਧਿਆਪਕ ਦਾ ਪਾਠ ਸੀ, ਸਿਲੇਬਸ ਤੋਂ ਬਾਹਰਲੇ ਅਧਿਆਪਕ ਦਾ ਪਾਠ।

### ਅਧਿਆਪਨ ਦਾ ਕਾਰਜ

ਤੀਹ ਸਾਲ ਅਧਿਆਪਨ ਦਾ ਕਾਰਜ ਨਿਭਾਉਂਦਿਆਂ ਮੈਂ ਇਹ ਮਹਿਸੂਸ ਕੀਤਾ ਕਿ ਆਪਣੇ ਸਿਲੇਬਸ ਤਕ ਸੀਮਤ ਰਹਿਣ ਵਾਲਾ ਅਧਿਆਪਕ ਅਧੂਰਾ ਅਧਿਆਪਕ ਹੁੰਦਾ ਹੈ। ਸਿਲੇਬਸ ਤੋਂ ਬਾਹਰ ਜਾਣਾ ਅਧਿਆਪਕ ਦੀ ਸੋਚ ਦਾ ਹਿੱਸਾ ਹੋਣਾ ਚਾਹੀਦਾ। ਜਦੋਂ ਅਸੀਂ ਬੱਚੇ ਦੇ ਸਰਬਪੱਖੀ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਇਹ ਸਿਲੇਬਸ ਦੀਆਂ ਕਿਤਾਬਾਂ ਤਕ ਸੀਮਤ ਰਹਿਣ ਨਾਲ ਨਹੀਂ ਹੋਣਾ। ਸਿਲੇਬਸ ਤੋਂ ਬਾਹਰ ਜਾ ਕੇ ਪੜ੍ਹਾਉਣਾ ਦਿਲਚਸਪ ਵੀ ਹੈ ਉਤਸ਼ਾਹ ਵਰਧਕ ਵੀ। ਇਹ ਵਿਦਿਆਰਥੀਆਂ ਦੀ ਸਿੱਖਣ ਯੋਗਤਾ ਨੂੰ ਵਧਾਉਂਦਾ ਹੈ। ਉਨ੍ਹਾਂ ਦੀ ਅਧਿਆਪਕ ਵਿਚ, ਅਧਿਆਪਕ ਦੁਆਰਾ ਦੱਸੀਆਂ, ਸਮਝਾਈਆਂ ਜਾ ਰਹੀਆਂ ਗੱਲਾਂ ਵਿਚ ਰੁੱਚੀ ਵਧਦੀ ਹੈ। ਉਨ੍ਹਾਂ ਅੰਦਰੋਂ ਇਨ੍ਹਾਂ ਗੱਲਾਂ ਨੂੰ ਰੱਟਾ ਲਾਉਣ ਅਤੇ ਪ੍ਰੀਖਿਆ ਦੇਣ ਦਾ ਡਰ ਮਨਫ਼ੀ ਰਹਿੰਦਾ ਹੈ। ਉਹ ਅਧਿਆਪਕ ਨਾਲ ਸੰਵਾਦ ਰਚਾਉਂਦੇ ਹਨ, ਸਵਾਲ ਪੁੱਛਦੇ ਹਨ।

### ਵਿਦਿਆਰਥੀਆਂ ਨਾਲ ਸੰਵਾਦ

ਸੰਵਾਦ ਸਿੱਖਣ, ਜਾਨਣ, ਸਮਝਣ ਦੀ ਜਗਿਆਸਾ ਵਿੱਚੋਂ ਪੈਦਾ ਹੁੰਦਾ ਹੈ। ਸਵਾਲ ਅਧਿਆਪਕ ਨਾਲ ਇਕਸੁਰ ਹੋਏ ਵਿਦਿਆਰਥੀ ਹੀ ਪੁੱਛਦੇ ਹਨ। ਜਿਹੜੇ ਅਧਿਆਪਕ ਆਪਣੇ ਵਿਦਿਆਰਥੀਆਂ ਨਾਲ ਸੰਵਾਦ ਸਿਰਜਣ ਵਿਚ ਕਾਮਯਾਬ ਹੋ ਜਾਂਦੇ ਹਨ ਉਹ ਨਿਰਸੰਦੇਹ ਆਪਣੇ ਅਧਿਆਪਨ ਕਾਰਜ ਵਿਚ ਸਫਲ ਸਮਝੇ ਜਾਣੇ ਚਾਹੀਦੇ ਹਨ। ਅਜਿਹੇ ਉਪਰਾਲੇ ਬੱਚਿਆਂ ਨੂੰ ਖੋਜ ਕਾਰਜ ਨਾਲ ਜੋੜਦੇ ਹਨ। ਅਸਲ 'ਚ ਸਿਲੇਬਸ ਤੋਂ ਬਾਹਰ ਗਿਆ ਅਧਿਆਪਕ ਬੱਚਿਆਂ ਨੂੰ ਉਨ੍ਹਾਂ ਗੱਲਾਂ ਤੋਂ ਜਾਣੂ ਕਰਵਾ ਰਿਹਾ ਹੁੰਦਾ ਹੈ ਜਿਨ੍ਹਾਂ ਦਾ ਸਬੰਧ ਉਨ੍ਹਾਂ ਦੀ ਪ੍ਰੀਖਿਆ ਨਾਲ ਤਾਂ ਭਾਵੇਂ ਨਹੀਂ ਹੁੰਦਾ ਪਰ ਉਨ੍ਹਾਂ ਦੇ ਬਾਲਗ ਹੋ ਰਹੇ ਬਚਪਨ ਨਾਲ ਗੂੜ੍ਹਾ ਸਬੰਧ ਹੁੰਦਾ ਹੈ। ਉਹ ਸਕੂਲ ਤੋਂ, ਘਰ ਤੋਂ ਬਾਹਰ ਵਾਲੀ ਦੁਨੀਆ ਦੀਆਂ ਸਮੱਸਿਆਵਾਂ ਅਤੇ ਔਕੜਾਂ ਦਾ ਸਾਹਮਣਾ ਕਰਨ ਦੇ ਯੋਗ ਹੋ ਰਹੇ ਹੁੰਦੇ ਹਨ। ਸਹਿਜ-ਸੁਭਾ ਹੀ ਅਧਿਆਪਕ ਬੱਚਿਆਂ ਨੂੰ ਆਧੁਨਿਕ ਸਮਿਆਂ ਦਾ ਹਾਣੀ ਬਣਾ ਰਿਹਾ ਹੁੰਦਾ ਹੈ।

ਉਹ ਜਵਾਨ ਹਿਰਦਿਆਂ ਨੂੰ ਨਵੇਂ ਯੁੱਗ ਦੀ ਸੂਝ ਨਾਲ ਮਾਲਾਮਾਲ ਕਰ ਰਿਹਾ ਹੁੰਦਾ ਹੈ। ਅਜਿਹੀ ਸਿੱਖਿਆ ਬੱਚਿਆਂ ਨੂੰ ਵਿਸ਼ਿਆਂ ਦੀ ਦੁਹਰਾਈ ਤੋਂ ਵੀ ਬਚਾਈ ਰੱਖਦੀ ਹੈ ਅਤੇ ਹਾਸੇ-ਠੱਠੇ ਵਿਚ ਉਹ ਕੁਝ ਨਵਾਂ ਵੀ ਸਿਖ ਰਹੇ ਹੁੰਦੇ ਹਨ। ਅਧਿਆਪਕ ਵੱਲੋਂ ਕੀਤੀਆਂ ਸਿਲੇਬਸ ਤੋਂ ਬਾਹਰਲੀਆਂ ਕਈ ਗੱਲਾਂ ਸਾਰੀ ਉਮਰ ਸਾਡੇ ਨਾਲ ਤੁਰਦੀਆਂ ਹਨ। ਕਾਲਜ ਪੜ੍ਹਦਿਆਂ ਇਕ ਪ੍ਰੋਫੈਸਰ ਵੱਲੋਂ ਸੁਣਾਈ ਘਟਨਾ ਨੂੰ ਮੈਂ ਜ਼ਿੰਦਗੀ 'ਚ ਕਈਆਂ ਨਾਲ ਸਾਂਝਾ ਕੀਤਾ ਹੈ। ਤੁਸੀਂ ਵੀ ਸੁਣੋ। ਸਾਡੇ ਇਹ ਪ੍ਰੋਫੈਸਰ ਕਾਲਜ ਦੇ ਪ੍ਰਿੰਸੀਪਲ ਦੀ ਬੇਟੀ ਨੂੰ ਟਿਊਸ਼ਨ ਪੜ੍ਹਾਉਣ ਉਨ੍ਹਾਂ ਦੇ ਘਰ ਜਾਇਆ ਕਰਦੇ ਸਨ। ਇਕ ਦਿਨ ਜਦ ਪ੍ਰੋਫੈਸਰ ਸਾਹਿਬ ਨੇ ਜਾ ਕੇ ਆਪਣਾ ਸਾਈਕਲ ਪ੍ਰਿੰਸੀਪਲ ਦੀ ਕੋਠੀ ਅੰਦਰ ਖੜ੍ਹਾ ਕੀਤਾ ਤਾਂ ਪ੍ਰਿੰਸੀਪਲ ਸਾਹਿਬ ਦੀ ਪਤਨੀ ਨੇ ਆਪਣੀ ਬੇਟੀ ਨੂੰ ਆਵਾਜ਼ ਦਿੱਤੀ, 'ਬੇਟਾ ਥੱਲੇ ਆਉ, ਤੇਰਾ ਮਾਸਟਰ ਆਇਆ ਏ'। ਪ੍ਰੋਫੈਸਰ ਨੇ ਸਾਈਕਲ ਚੁੱਕਿਆ ਤੇ ਵਾਪਸ ਆ ਗਿਆ। ਪ੍ਰਿੰਸੀਪਲ ਨੂੰ ਹੋਈ ਬੀਤੀ ਦੱਸ ਦਿੱਤੀ। ਤਦ ਨੂੰ ਘਰੋਂ ਵੀ ਫੋਨ ਆ ਗਿਆ, 'ਪ੍ਰੋਫੈਸਰ ਸਾਹਿਬ ਆਏ ਸਨ, ਪਤਾ ਨਹੀਂ ਕਿਉਂ ਵਾਪਸ ਮੁੜ ਗਏ ਹਨ?' ਪ੍ਰਿੰਸੀਪਲ ਕਹਿੰਦੇ ਕਿ ਜੇਕਰ ਤੂੰ ਪ੍ਰੋਫੈਸਰ ਨਾਲ ਠੀਕ ਭਾਸ਼ਾ ਬੋਲੀ ਹੁੰਦੀ ਤਾਂ ਉਹ ਵਾਪਸ ਨਾ ਜਾਂਦੇ। ਇਸ ਘਟਨਾ 'ਚ ਕਈ ਸੰਦੇਸ਼ ਨੇ ਜਿਹੜੇ ਜ਼ਿੰਦਗੀ 'ਚ ਤੁਹਾਡੇ ਕੰਮ ਆਉਂਦੇ ਹਨ।

### ਸਿਲੇਬਸ ਤੋਂ ਬਾਹਰਲੀਆਂ ਗੱਲਾਂ

ਕਲਾਸ ਵਿਚ ਪੜ੍ਹਾਉਂਦਿਆਂ, ਖ਼ਾਸ ਕਰ ਕੇ ਭਾਸ਼ਾ ਪੜ੍ਹਾਉਂਦਿਆਂ, ਸਿਲੇਬਸ ਤੋਂ ਬਾਹਰਲੀਆਂ ਗੱਲਾਂ ਵਧੇਰੇ ਮਹੱਤਵਪੂਰਣ ਹੁੰਦੀਆਂ ਹਨ। ਪ੍ਰੋ. ਮੋਹਣ ਸਿੰਘ ਦੀ ਕਵਿਤਾ ਪੜ੍ਹਾਉਂਦਿਆਂ ਜੇਕਰ ਤੁਸੀਂ ਅੰਮ੍ਰਿਤਾ ਪ੍ਰੀਤਮ, ਡਾ. ਹਰਭਜਨ ਸਿੰਘ, ਬਾਵਾ ਬਲਵੰਤ, ਤਾਰਾ ਸਿੰਘ, ਹਰਨਾਮ, ਪਾਸ਼, ਮੋਹਨਜੀਤ, ਪ੍ਰਮਿੰਦਰਜੀਤ, ਸੁਰਜੀਤ ਪਾਤਰ ਸਮੇਤ ਹੋਰ ਸਮਕਾਲੀ ਸ਼ਾਇਰਾਂ ਦਾ ਜ਼ਿਕਰ ਨਹੀਂ ਕਰਦੇ ਤਾਂ ਸਮਝੋ ਤੁਸੀਂ ਬੱਚੇ ਨੂੰ ਅਧੂਰਾ ਗਿਆਨ ਦੇ ਰਹੇ ਹੋ। ਇੰਝ ਹੀ ਕਹਾਣੀ, ਨਾਵਲ, ਨਾਟਕ, ਵਾਰਤਕ ਅਤੇ ਸਾਹਿਤ ਦੀਆਂ ਹੋਰ ਵਿਧਾਵਾਂ ਨੂੰ ਪੜ੍ਹਾਉਂਦਿਆਂ ਉਸ ਵਿਧਾ ਦੇ ਨਾਮਵਰ ਲੇਖਕਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਿਆ ਜਾਣਾ ਚਾਹੀਦਾ ਹੈ। ਚੰਗਾ ਅਧਿਆਪਕ ਸਾਇੰਸ, ਗਣਿਤ, ਹਿਸਟਰੀ ਸਮੇਤ ਹੋਰ ਵਿਸ਼ਿਆਂ ਨੂੰ ਵੀ ਭਾਸ਼ਾ ਵਾਂਗ ਹੀ ਪੜ੍ਹਾਉਂਦਾ ਹੈ। ਇਨ੍ਹਾਂ ਵਿਸ਼ਿਆਂ ਤੋਂ ਬਾਹਰ ਵੀ ਬਹੁਤ ਸਾਰੇ ਵਿਸ਼ੇ ਹਨ ਜਿਨ੍ਹਾਂ ਨੂੰ ਆਪਣੇ ਅਧਿਆਪਨ ਦਾ ਹਿੱਸਾ ਬਣਾਉਣ ਦੀ ਬਹੁਤ ਲੋੜ ਹੈ।

### ਚੰਗਾ ਸਾਹਿਤ

ਸਾਨੂੰ ਇਹ ਗੱਲ ਮੰਨ ਕੇ ਚਲਣੀ ਚਾਹੀਦੀ ਹੈ ਕਿ ਅੱਜ ਵੀ ਬੱਚੇ ਅਧਿਆਪਕ ਦੀ ਗੱਲ ਨੂੰ ਵਧੇਰੇ ਧਿਆਨ ਨਾਲ ਸੁਣਦੇ ਅਤੇ ਮੰਨਦੇ ਹਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਹਿਮ ਭਰਮ ਹਨ ਜਿਨ੍ਹਾਂ ਵਿਚ ਫਸੇ ਲੋਕ ਡਾਕਟਰਾਂ ਕੋਲ ਜਾਣ ਦੀ ਬਜਾਏ 'ਸਿਆਣਿਆਂ' ਮਗਰ ਲੱਗ ਕੇ ਆਪਣੇ ਘਰ ਦੇ ਜੀਅ ਮੌਤ ਦੇ ਮੂੰਹ ਵਿਚ ਪਾ ਰਹੇ ਹਨ। ਇਸ ਲਈ ਤਰਕਸ਼ੀਲ ਸੰਸਥਾਵਾਂ ਦੀ ਮਦਦ ਵੀ ਲਈ ਜਾ ਸਕਦੀ ਹੈ। ਸਕੂਲ ਲਾਇਬ੍ਰੇਰੀ ਰਾਹੀਂ ਨਿਰੋਇਆ ਸਾਹਿਤ ਬੱਚਿਆਂ ਨੂੰ ਪੜ੍ਹਨ ਲਈ ਦਿੱਤਾ ਜਾ ਸਕਦਾ ਹੈ।

ਚੰਗਾ ਸਾਹਿਤ ਅੱਖਾਂ ਵਿੱਚੋਂ ਭਰਮ ਦੇ ਜਾਲੇ ਲਾਹੁਣ ਵਿਚ ਸਹਾਈ ਹੁੰਦਾ ਹੈ। ਮੇਰਾ ਤਾਂ ਇਹ ਕਹਿਣਾ ਹੈ ਕਿ ਜਿਸ ਬੱਚੇ ਅੰਦਰ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਹੋ ਜਾਵੇ ਉਸ ਨੂੰ ਕਿਸੇ ਅਧਿਆਪਕ ਦੀ ਲੋੜ ਨਹੀਂ ਰਹਿੰਦੀ। ਕਿਤਾਬਾਂ ਤੁਹਾਡੇ ਅੰਦਰਲਾ ਉਹ ਬੰਦ ਬੂਹਾ ਖੋਲ੍ਹਦੀਆਂ ਹਨ ਜਿਸ ਪਿੱਛੇ ਬਹੁਤ ਸਾਰਾ ਪ੍ਰਕਾਸ਼ ਹੈ। ਤੁਹਾਡੇ ਅੰਦਰਲਾ ਉਹ ਪ੍ਰਕਾਸ਼ ਤੁਹਾਡੇ ਅੰਦਰ ਇਕ ਜਗਿਆਸਾ ਪੈਦਾ ਕਰਦਾ ਹੈ। ਉਹ ਤੁਹਾਡੇ ਅੰਦਰ ਸੁੱਤੀਆਂ ਸੰਵੇਦਨਾਵਾਂ ਨੂੰ ਜਗਾਉਣ ਦਾ ਕੰਮ ਕਰਦਾ ਹੈ।

### ਦੋਸਤਾਂ ਦੀ ਲੋੜ

ਤੁਹਾਡੇ ਅੰਦਰ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ। ਇਨ੍ਹਾਂ ਸਵਾਲਾਂ ਦਾ ਪਿੱਛਾ ਕਰਦੇ ਤੁਸੀਂ ਉਸ ਚਾਰਦੀਵਾਰੀ ਤੋਂ ਮੁਕਤ ਹੋ ਜਾਂਦੇ ਹੋ ਜਿਸ ਨੂੰ ਸਕੂਲ ਕਹਿੰਦੇ ਹਨ। ਤੁਹਾਨੂੰ ਅਧਿਆਪਕ ਦੀ ਨਹੀਂ ਅਜਿਹੇ ਦੋਸਤਾਂ ਦੀ ਲੋੜ ਹੁੰਦੀ ਹੈ ਜਿਹੜੇ ਕਿਤਾਬਾਂ ਬਾਰੇ ਗੱਲਾਂ ਕਰਨ। ਚੰਗੀਆਂ ਕਿਤਾਬਾਂ ਦੀ ਦੱਸ ਪਾਉਣ। ਪੜ੍ਹੀਆਂ ਕਿਤਾਬਾਂ ਦੀ ਚਰਚਾ ਕਰਨ। ਕੋਈ ਵੀ ਵਰਤਾਰਾ ਜਾਂ ਸਬੱਬ ਜਿਹੜਾ ਤੁਹਾਨੂੰ ਕਿਤਾਬਾਂ ਨਾਲ ਜੋੜਦਾ ਹੈ, ਤੁਹਾਡਾ ਸਿਲੇਬਸ ਤੋਂ ਬਾਹਰਲਾ ਅਧਿਆਪਕ ਹੈ। ਅਨੇਕਾਂ ਵਿਸ਼ੇ ਹਨ ਜਿਹੜੇ ਅਧਿਆਪਕ ਦੇ ਸਿਲੇਬਸ ਤੋਂ ਬਾਹਰਲੇ ਸਿਲੇਬਸ ਵਿਚ ਸ਼ਾਮਲ ਹੋਣੇ ਚਾਹੀਦੇ ਹਨ। ਇਹ ਵਿਸ਼ੇ ਅਧਿਆਪਕ ਦੇ ਵਿਵਹਾਰ ਵਿਚ ਸ਼ਾਮਲ ਹੋਣੇ ਚਾਹੀਦੇ ਹਨ। ਕਿਸੇ ਵੀ ਵਿਅਕਤੀ ਦਾ ਵਿਵਹਾਰ ਉਸ ਦੇ ਬੱਚਿਆਂ ਅਤੇ ਵਿਦਿਆਰਥੀਆਂ ਉੱਪਰ ਚੰਗਾ ਮਾੜਾ ਪ੍ਰਭਾਵ ਪਾਉਂਦਾ ਹੈ। ਕਿਸੇ ਦੇ ਵਿਵਹਾਰ ਨੂੰ ਪੜ੍ਹਨਾ ਅਤੇ ਉਸ ਵਿਵਹਾਰ 'ਚੋਂ ਕੁਝ ਚੰਗਾ ਸਿੱਖਣਾ ਇਕ ਸਹਿਜ ਪ੍ਰਕਿਰਿਆ ਹੁੰਦੀ ਹੈ। ਵਿਗਾੜ ਵਿਹਾਰ ਵਿਚ ਹੁੰਦੇ ਹਨ। ਮਾੜਾ ਵਿਹਾਰ ਸਿਸਟਮ ਵਿਚ ਵਿਗਾੜ ਪੈਦਾ ਕਰਦਾ ਹੈ।

### ਅਖ਼ਬਾਰ ਦੀ ਕੋਈ ਸੁਰਖ਼ੀ

ਉਸ ਅਧਿਆਪਕ ਦੇ ਵਿਹਾਰ ਬਾਰੇ ਕੀ ਕਹਾਂਗੇ ਜਿਹੜਾ ਪੜ੍ਹਾਉਣ ਸਮੇਂ ਆਪਣੇ ਸਿਲੇਬਸ ਤੋਂ ਤਿਲਕ ਇਨ੍ਹਾਂ ਵਿਸ਼ਿਆਂ ਵੱਲ ਨਹੀਂ ਜਾਂਦਾ? ਇਹ ਗੱਲਾਂ ਅਧਿਆਪਕ ਦੀ ਪੜ੍ਹਾਉਣ ਪ੍ਰਕਿਰਿਆ ਦਾ ਸਹਿਜ ਅੰਗ ਹੋਣੀਆਂ ਚਾਹੀਦੀਆਂ ਹਨ। ਇਸ ਲਈ ਉਸ ਨੂੰ ਕੋਈ ਉਚੇਚ ਨਾ ਕਰਨਾ ਪਵੇ। ਇਹ ਗੱਲਾਂ ਕਰਨ ਲਈ ਕੋਈ ਦਿਨ ਵਾਰ ਵੀ ਨਾ ਉਡੀਕਣਾ ਪਵੇ। ਉਸ ਦਿਨ ਦੀ ਅਖ਼ਬਾਰ ਦੀ ਕੋਈ ਸੁਰਖ਼ੀ ਇਨ੍ਹਾਂ ਗੱਲਾਂ ਦਾ ਬਹਾਨਾ ਹੋ ਸਕਦੀ ਹੈ।

ਕੋਈ ਤਾਜ਼ਾ ਵਾਪਰੀ ਘਟਨਾ ਦੀ ਗੱਲ ਕਰਦਿਆਂ ਇਹ ਵਿਸ਼ੇ ਵਿਚਾਰੇ ਜਾ ਸਕਦੇ ਹਨ। ਅਸੀਂ ਜਿਨ੍ਹਾਂ ਸਮਿਆਂ 'ਚ ਰਹਿ ਰਹੇ ਹਾਂ, ਇਹ ਗੱਲਾਂ, ਇਹ ਫ਼ਿਕਰ ਤਾਂ ਸਾਡੇ ਅੰਦਰ ਭਰੇ ਹੋਣੇ ਚਾਹੀਦੇ ਹਨ। ਇਹ ਗੱਲਾਂ ਕਰਦਿਆਂ ਸਾਡਾ ਧਿਆਨ ਘੜੀ ਵੱਲ ਨਹੀਂ ਜਾਵੇਗਾ। ਵਿਦਿਆਰਥੀ ਵੀ ਅੱਖ ਨਹੀਂ ਝਪਕਣਗੇ ਕਿਉਂਕਿ ਇਹ ਫ਼ਿਕਰ ਸਾਡੇ ਸਭ ਦੇ ਸਾਂਝੇ ਹਨ। ਇਹ ਦਰਦ ਸਾਡੇ ਸਾਂਝੇ ਹਨ। •

### ਕੁਦਰਤੀ ਸ੍ਰੋਤ

*ਸਮਾਜ ਦੇ ਬਹੁਤ ਸਾਰੇ ਫ਼ਿਕਰ ਹਮੇਸ਼ਾ ਸਾਡੇ ਅੰਗ-ਸੰਗ ਰਹਿੰਦੇ ਹਨ। ਕਹਿ ਸਕਦੇ ਹਾਂ ਕਿ ਮੌਜੂਦਾ ਸਮਿਆਂ ਅੰਦਰ ਇਹ ਫ਼ਿਕਰ ਕੁਝ ਜ਼ਿਆਦਾ ਵਿਕਰਾਲ ਰੂਪ ਧਾਰੀ ਬੈਠੇ ਹਨ। ਜਦ ਇਨ੍ਹਾਂ ਫ਼ਿਕਰਾਂ ਦਾ ਸੂਚੀਬੱਧ ਜ਼ਿਕਰ ਕਰਨ ਬਾਰੇ ਸੋਚਦਾ ਹਾਂ ਤਾਂ ਮੈਨੂੰ ਆਪਣੇ ਆਪ ਤੋਂ ਕਚਿਆਣ ਆਉਣ ਲੱਗਦੀ ਹੈ। ਇਹ ਤਾਂ ਉਹ ਗੱਲਾਂ ਨੇ ਜਿਨ੍ਹਾਂ ਨੂੰ ਅਸੀਂ ਸਾਰੇ ਹੀ ਜਾਣਦੇ ਹਾਂ ਤੇ ਇਹ ਚੰਗੀ ਗੱਲ ਹੈ ਕਿ ਅਸੀਂ ਜਾਣਦੇ ਹਾਂ। ਜਾਣਦੇ ਹਾਂ ਤਾਂ ਹੀ ਘਰਾਂ 'ਚ ਪਾਣੀ ਫਿਲਟਰ ਵਾਲਾ ਪੀਦੇ ਹਾਂ ਪਰ ਹਵਾ ਛਣ ਕੇ ਸਾਡੀਆਂ ਰਗਾਂ 'ਚ ਜਾਵੇ, ਇਸ ਦਾ ਉਪਚਾਰ ਅਜੇ ਅਸੀਂ ਨਹੀ ਕਰ ਸਕੇ। ਮਿੱਟੀ 'ਚ ਆਪਣੇ ਹੱਥੀ ਮਿਲਾਈ ਜ਼ਹਿਰ ਨੂੰ ਕਸ਼ੀਦ ਕੇ ਬਾਹਰ ਕੱਢ ਸਕੀਏ, ਅਜਿਹਾ ਕੋਈ ਹੱਲ ਵੀ ਸਾਡੇ ਕੋਲ ਨਹੀ। ਰੁੱਖਾਂ ਦੇ ਗੀਤ ਜ਼ਰੂਰ ਗਾਉਂਦੇ ਹਾਂ ਪਰ ਕੁਹਾੜਾ ਵੀ ਵਾਹੁੰਦੇ ਹਾਂ। ਕੁਦਰਤੀ ਸ੍ਰੋਤਾਂ ਨੂੰ ਦੋਹੀਂ ਹੱਥੀ ਲੁਟ 'ਤੇ ਲੁਟਾ ਰਹੇ ਹਾਂ। ਆਉਂਦੀਆਂ ਪੀੜ੍ਹੀਆਂ ਲਈ ਕੀ ਛੱਡ ਕੇ ਜਾ ਰਹੇ ਹਾਂ।*






# ਲੋਕ ਮਨਾਂ 'ਚੋਂ ਵਿਸਰ ਗਈ ਸਿੱਖਿਆ ਦੇਣ ਦੀ ਰੀਤ

ਅਵਤਾਰ ਸਿੰਘ ਸੌਜਾ



ਦੁਨੀਆ ਦੇ ਸੱਭਿਆਚਾਰਾਂ ਵਿਚ ਪੰਜਾਬੀ ਸੱਭਿਆਚਾਰ ਅਹਿਮ ਸਥਾਨ ਰੱਖਦਾ ਹੈ। ਸੱਭਿਆਚਾਰ ਦੇ ਵਿਭਿੰਨ ਰੰਗ ਪੰਜਾਬੀ ਬੋਲੀ, ਪਹਿਰਾਵਾ, ਖਾਣ- ਪੀਣ, ਰਹਿਣ-ਸਹਿਣ, ਰਸਮਾਂ, ਰੀਤਾਂ ਅੱਜ ਵੀ ਸਾਡੀ ਪਛਾਣ ਹਨ। ਮਨੁੱਖ ਜਿਵੇਂ-ਜਿਵੇਂ ਤਰੱਕੀ ਕਰ ਰਿਹਾ ਹੈ ਉਹ ਆਪਣੇ ਪਿਛੋਕੜ ਨੂੰ ਭੁਲਦਾ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਦੀਆਂ ਰਸਮਾਂ ਰਿਵਾਜ ਦਿਲਾਂ ਨੂੰ ਛੂਹਣ ਵਾਲੇ ਹੁੰਦੇ ਹਨ ਪਰ ਸਮਾਂ ਬਦਲਣ ਨਾਲ ਇਨ੍ਹਾਂ ਵਿਚ ਵੀ ਤਬਦੀਲੀ ਆਈ ਹੈ। ਅਜਿਹੀ ਹੀ ਇਕ ਰੀਤ ਸੀ, ਵਿਆਹ ਸਮੇਂ ਲਾਵਾਂ ਤੋਂ ਬਾਅਦ, ਲੜਕੀ ਨੂੰ ਦਿੱਤੀ ਜਾਂਦੀ ਸਿੱਖਿਆ ਦੀ। ਆਮ ਤੌਰ 'ਤੇ ਵਿਆਹ ਵਾਲੀ ਲੜਕੀ ਦੀ ਭੈਣ ਜਾਂ ਰਿਸ਼ਤੇਦਾਰ ਲੜਕੀ ਜਾਂ ਪਿੰਡ/ਆਂਢ-ਗੁਆਂਢ 'ਚੋਂ ਕੋਈ ਲੜਕੀ ਇਹ ਸਿੱਖਿਆ ਸੁਣਾਉਂਦੀ ਹੁੰਦੀ ਸੀ। ਇਸ ਵਿਚ ਕੁਝ ਸਤਰਾਂ ਬੋਲ ਕੇ ਜਾਂ ਗਾ ਕੇ ਸੁਣਾਈਆਂ ਜਾਂਦੀਆਂ ਸਨ। ਇਸ ਵਿਚ ਲੜਕੀ ਦੇ ਮਾਤਾ ਪਿਤਾ ਦਾ ਮਾਣ ਸਨਮਾਨ ਕਾਇਮ ਰੱਖਣ, ਵੱਡਿਆਂ ਦਾ ਆਦਰ/ਸਤਿਕਾਰ ਕਰਨ, ਸਹੁਰੇ ਪਰਿਵਾਰ ਦੀ ਸੇਵਾ ਆਦਿ ਗੱਲਾਂ ਬਾਰੇ ਬੋਲ ਕੇ ਦੱਸਿਆ ਜਾਂਦਾ ਸੀ। ਕਈ ਵਾਰ ਇਹ ਸਿੱਖਿਆ ਦਾ ਵਿਸ਼ਾ ਲੜਕੀ ਵੱਲੋਂ ਆਪਣੇ ਮਾਤਾ ਪਿਤਾ ਨੂੰ ਸੰਬੋਧਨ ਵੀ ਹੁੰਦਾ ਸੀ ਕਿ ਕਿਸ ਤਰ੍ਹਾਂ ਉਸ ਨੇ ਹੁਣ ਤਕ ਆਪਣੇ ਪੇਕੇ ਘਰ ਰਹਿੰਦਿਆਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ ਅਤੇ ਅੱਜ ਉਹ ਇਹ ਸਭ ਕੁਝ ਛੱਡ ਸਹੁਰੇ ਘਰ ਜਾ ਰਹੀ ਹੈ।

***ਸੁਣ ਲੈ ਮੇਰਿਆ
ਧਰਮੀ ਬਾਬਲਾ
ਸੁਣ ਲੈ ਮੇਰੀਏ ਮਾਏ
ਪਰਦੇਸਣ ਹੋ ਗਈ
ਤੇਰੀ ਧੀ ਦੁਲਾਰੀ
ਵਿਆਹੁਣ ਪਰਦੇਸੋਂ ਆਏ
ਨਿੱਕੀ ਹੁੰਦੀ ਤੋਂ ਲੈ ਕੇ
ਅੱਜ ਤੱਕ ਤੁਸੀਂ
ਮੇਰੀ ਹਰ ਇਕ
ਰੀਝ ਪੁਗਾਈ
ਰਾਜੇ -ਰਾਣਿਆਂ ਵੀ
ਤੋਰੀਆਂ ਧੀਆਂ ਹੱਥੀ
ਰੀਤ ਇਹ ਮੁੱਢੋਂ
ਚਲਦੀ ਆਈ...***

ਜਦੋਂ ਸਿੱਖਿਆ ਪੜ੍ਹੀ ਜਾ ਰਹੀ ਹੁੰਦੀ ਉਸ ਸਮੇਂ ਸਾਰਾ ਮਾਹੌਲ ਬੜ੍ਹਾ ਭਾਵੁਕ ਹੁੰਦਾ ਸੀ। ਧੀ ਨੂੰ ਆਪਣੇ ਮਾਤਾ ਪਿਤਾ ਦੁਆਰਾ ਉਸ ਲਈ ਹੁਣ ਤਕ ਕੀਤੇ ਤਿਆਗ, ਨਿਭਾਈਆਂ ਜ਼ਿੰਮੇਵਾਰੀਆਂ ਸਭ ਯਾਦ ਆਉਂਦੀਆਂ ਹਨ ਪਰ ਆਧੁਨਿਕ ਸਮੇਂ ਵਿਚ ਪੰਜਾਬ ਵਿਚ ਵਿਆਹਾਂ ਦਾ ਪੂਰਾ ਪ੍ਰਬੰਧ ਹੀ ਬਦਲ ਗਿਆ ਹੈ। ਮੈਰਿਜ ਪੈਲਸ ਕਲਚਰ ਦੀ ਆਮਦ ਕਾਰਨ ਘਰਾਂ ਵਿਚ ਹੁੰਦੇ ਵਿਆਹਾਂ ਦਾ ਰਿਵਾਜ ਬਹੁਤ ਘੱਟ ਗਿਆ ਹੈ। ਜੇਕਰ ਇਕ ਪੱਖ ਤੋਂ ਦੇਖੀਏ ਤਾਂ ਵਿਆਹ ਕਰਨ ਵੇਲੇ ਪ੍ਰਬੰਧ ਕਰਨਾ ਸੌਖਾ ਹੋ ਗਿਆ ਹੈ। ਸਭ ਪ੍ਰਬੰਧ ਇੱਕੋ ਛੱਤ ਹੇਠਾਂ ਹੋ ਗਿਆ ਹੈ। ਅੱਜ ਦੇ ਸਮੇਂ ਵਿਚ ਜਿੱਥੇ ਲੋਕਾਂ ਕੋਲ ਮੁੱਲ ਦਾ ਸਮਾਂ ਹੈ, ਇਸ ਕਲਚਰ ਕਾਰਨ ਸਮੇਂ ਦੀ ਬਚਤ ਵੀ ਹੋਣ ਲੱਗੀ ਹੈ ਪਰ ਕਿਤੇ ਨਾ ਕਿਤੇ ਜੋ ਬਹੁਤ ਸਾਰੇ ਰੀਤੀ ਰਿਵਾਜ ਵਿਆਹਾਂ ਨਾਲ ਸਬੰਧਿਤ ਰਸਮਾਂ ਇਸ ਕਲਚਰ ਦੀ ਭੇਂਟ ਚੜ੍ਹ ਗਈਆਂ ਹਨ। ਆਪਸੀ ਮੋਹ ਘੱਟ ਗਿਆ ਹੈ, ਵਿਖਾਵਾ ਵਧ ਗਿਆ ਹੈ ਅਤੇ ਰਿਸ਼ਤਿਆਂ ਦਾ ਮੋਹ ਕੇਵਲ ਸ਼ਗਨ ਲੈਣ ਜਾਂ ਦੇਣ ਤਕ ਸੀਮਤ ਹੋ ਗਿਆ ਹੈ। ਅਸੀਂ ਇਸ ਆਧੁਨਿਕ ਸੋਚ ਨਾਲ ਪੁਰਾਣੇ ਸੱਭਿਆਚਾਰ ਨੂੰ ਮਿਲਾ ਕੇ ਚੱਲਣ ਦਾ ਕੋਈ ਰਸਤਾ ਨਾ ਲੱਭਿਆ ਤਾਂ ਹੋ ਸਕਦਾ ਆਉਣ ਵਾਲੇ ਸਮੇਂ ਵਿਚ ਇਸ ਲਾਵਾਂ ਵੇਲੇ ਦਿੱਤੀ ਜਾਂਦੀ ਸਿੱਖਿਆ ਵਾਂਗ ਪੰਜਾਬੀ ਸੱਭਿਆਚਾਰ ਦੀ ਪਛਾਣ ਬਹੁਤ ਸਾਰੇ ਰੀਤੀ ਰਿਵਾਜ/ਰਸਮਾਂ ਸਮਾਜ ਵਿੱਚੋਂ ਬਿਲਕੁਲ ਹੀ ਮਨਫ਼ੀ ਹੋ ਜਾਣ। ਲੋੜ ਹੈ ਕਿ ਜੇਕਰ ਅਸੀਂ ਆਪਣੇ ਆਪ ਨੂੰ ਆਧੁਨਿਕਤਾ ਦੇ ਦੌਰ ਵਿਚ ਲੈ ਆਏ ਹਾਂ ਤਾਂ ਚਲੋ ਕੋਈ ਗੱਲ ਨਹੀਂ ਪਰ ਘੱਟੋ ਘੱਟ ਆਪਣੇ ਰਿਵਾਜਾਂ ਦੀ ਬਲੀ ਨਾ ਚੜ੍ਹਨ ਦੇਈਏ ਕਿਉਂਕਿ ਪੰਜਾਬੀ ਸੱਭਿਆਚਾਰ ਇਨ੍ਹਾਂ ਰੀਤੀ ਰਿਵਾਜਾਂ ਕਰਕੇ ਹੀ ਜਿਉਂਦਾ ਹੈ। •

98784 29005

# ਜੀਵਨ ਨਾਲੋਂ ਵੱਡਾ ਤੋਹਫ਼ਾ

ਨਰਿੰਦਰ ਸਿੰਘ ਕਪੂਰ

ਜਿਸ ਪਰਿਵਾਰ ਵਿਚ ਬਜ਼ੁਰਗਾਂ ਦਾ ਸਤਿਕਾਰ ਨਹੀਂ ਹੁੰਦਾ, ਉੱਥੇ ਬੱਚੇ ਵੀ ਸਾਵੇਂ-ਸੰਤੁਲਿਤ ਨਹੀਂ ਹੁੰਦੇ। ਜਿਸ ਪਰਿਵਾਰ ਵਿਚ ਆਪਸੀ ਪਿਆਰ ਨਹੀਂ ਹੁੰਦਾ, ਉੱਥੇ ਰੰਗ ਭਾਵੇਂ ਸਾਰਿਆਂ ਦਾ ਗੋਰਾ ਹੋਵੇ ਪਰ ਸੋਹਣਾ ਕੋਈ ਨਹੀਂ ਹੋਵੇਗਾ। ਪਰਿਵਾਰ ਸਾਨੂੰ ਉਹ ਵਾਤਾਵਰਣ ਦਿੰਦਾ ਹੈ ਜਿਸ ਵਿਚ ਅਸੀਂ ਨਿਸ਼ਚਿੰਤ ਹੋ ਕੇ ਸੌਂਦੇ ਹਾਂ ਅਤੇ ਸਵੇਰੇ ਹੌਲੇ- ਫੁੱਲ ਸਰੀਰ ਨਾਲ ਉੱਠਦੇ ਹਾਂ। ਇਸ ਤਰ੍ਹਾਂ ਸਾਨੂੰ ਪਿਆਰ ਦਾ ਇਕ ਹੋਰ ਸੋਹਣਾ ਤੇ ਪਿਆਰਾ ਦਿਨ ਮਿਲ ਜਾਣ ਲਈ ਪਰਮਾਤਮਾ ਦਾ ਸ਼ੁਕਰ ਮਨਾਉਂਦੇ ਰਹਿਣਾ ਚਾਹੀਦੈ ਹੈ । ਸੁਖੀ ਪਰਿਵਾਰ ਗ਼ਲਤੀਆਂ ਦੇ ਬਾਵਜੂਦ ਵਿਕਾਸ ਕਰਦੇ ਹਨ ਪਰ ਦੁੱਖੀ ਪਰਿਵਾਰ, ਪ੍ਰਾਪਤੀਆਂ ਦੇ ਬਾਵਜੂਦ ਨਿਘਰਦੇ ਜਾਂਦੇ ਹਨ। ਚੰਗੇ ਪਰਿਵਾਰਾਂ ਦੇ ਸਾਰੇ ਜੀ ਇਕੱਠੇ ਮਿਲ ਕੇ ਭੋਜਨ ਖਾਂਦੇ ਹਨ। ਹੱਸਦੇ-ਖੇਡਦੇ ਹਨ ਅਤੇ ਖ਼ੁਸੀਆਂ ਮਾਣਦੇ ਹਨ। ਬਜ਼ੁਰਗ ਮਾਪਿਆਂ ਨੂੰ ਤੁਹਾਡੇ ਕਿਸੇ ਵੀ ਮਹਿੰਗੇ ਜਾਂ ਸਸਤੇ ਤੋਹਫ਼ੇ ਦੀ ਲੋੜ ਨਹੀਂ ਹੁੰਦੀ। ਉਨ੍ਹਾਂ ਵੱਲੋਂ ਤੁਹਾਨੂੰ ਦਿੱਤੇ ਗਏ ਜੀਵਨ ਨਾਲੋਂ ਵੱਡਾ ਤੋਹਫ਼ਾ ਹੋਰ ਕੀ ਹੋ ਸਕਦਾ ਹੈ ਪਰ ਜੇ ਤੁਸੀਂ ਦੇਣਾ ਹੀ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਆਪਣੇ ਪਰਿਵਾਰ ਵਿਚ ਭਰਪੂਰ ਢੰਗ ਨਾਲ ਰੱਜ ਕੇ ਜਿਊਣ ਅਤੇ ਪ੍ਰਸੰਨ-ਚਿੱਤ ਹੋ ਕੇ ਮਰਨ ਦਾ ਅਵਸਰ ਦਿਓ। ਅਜਿਹਾ ਭਰਪੂਰ ਅਵਸਰ, ਜਿਸ ਉਪਰੰਤ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਤੁਹਾਨੂੰ ਅਰਦਾਸ ਜਾਂ ਕੋਈ ਹੋਰ ਕਿਸੇ ਵੀ ਤਰ੍ਹਾਂ ਦਾ ਅੰਡਬਰ ਕਰਨ ਦੀ ਲੋੜ ਨਾ ਪਵੇ। ਹੁਣ ਇਕੱਠੇ ਬਹਿ ਕੇ ਪਰਿਵਾਰਾਂ ਵਿਚ ਗੁਜ਼ਾਰਿਆ ਜਾਣ ਵਾਲਾ ਸਮਾਂ ਘੱਟਦਾ ਜਾ ਰਿਹਾ ਹੈ। ਪਰਿਵਾਰ ਛੋਟੇ ਹੋ ਰਹੇ ਹਨ, ਪਰਿਵਾਰ ਛੋਟੇ ਹੋਣ ਕਰਕੇ ਮਾਪੇ ਬੱਚਿਆਂ ਤੋਂ ਡਰਨ ਲੱਗ ਪਏ ਹਨ। ਅਜਿਹਾ ਵਰਤਾਰਾ ਇਨਸਾਨ ਅਤੇ ਸਮਾਜ ਲਈ ਬਹੁਤ ਘਾਤਕ ਸਿੱਧ ਹੋਵੇਗਾ। •

98158-80435

# ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ

ਰਮਨ ਸ਼ਰਮਾ

ਸਮਾਂ ਬਹੁਤ ਹੀ ਕੀਮਤੀ ਹੈ। ਕੋਈ ਗਵਾਚੀ ਚੀਜ਼ ਤਾਂ ਹੱਥ ਆ ਸਕਦੀ ਹੈ ਪਰ ਬੀਤਿਆ ਸਮਾਂ ਕਿਸੇ ਸਾਧਨ ਜਾਂ ਕੀਮਤ ਨਾਲ ਵੀ ਵਾਪਸ ਨਹੀਂ ਆਉਂਦਾ। ਇਸ ਕਰਕੇ ਸਮੇਂ ਦੇ ਨਿੱਕੇ ਤੋਂ ਨਿੱਕੇ ਅੰਸ਼ ਦਾ ਵੀ ਲਾਭ ਉਠਾਉਣਾ ਚਾਹੀਦਾ ਹੈ ਪਰ ਭਾਰਤੀ ਲੋਕਾਂ ਵਿਚ ਇਹ ਨੁਕਸ ਆਮ ਹੈ ਕਿ ਉਹ ਸਮੇਂ ਦੀ ਕਦਰ ਕਰਨੀ ਨਹੀਂ ਜਾਣਦੇ। ਅਸੀਂ ਕਿਸੇ ਕੰਮ ਵਿਚ ਥੋੜ੍ਹਾ-ਬਹੁਤ ਵਧੇਰੇ ਸਮਾਂ ਲੱਗ ਜਾਣ ਨੂੰ ਮਾਮੂਲੀ ਗੱਲ ਸਮਝਦੇ ਹਾਂ। ਫਿਰ ਸਾਡੀਆਂ ਆਦਤਾਂ ਅਜਿਹੀਆਂ ਹਨ ਕਿ ਜੇਕਰ ਅਸੀਂ ਸੁੱਤੇ ਰਹਾਂਗੇ ਤਾਂ ਸੁੱਤੇ ਹੀ ਰਹਾਂਗੇ। ਜੇ ਕਿਸੇ ਮਿੱਤਰ ਜਾਂ ਰਿਸ਼ਤੇਦਾਰ ਕੋਲ ਜਾਵਾਂਗੇ ਤਾਂ ਉਸ ਦੇ ਕੋਲ ਬਹਿ ਕੇ ਬਹੁਤਾ ਸਮਾਂ ਨਸ਼ਟ ਕਰਨ ਨੂੰ ਅਸੀਂ ਚੰਗੀ ਗੱਲ ਸਮਝਦੇ ਹਾਂ।

ਸਾਡੇ ਖਾਣ-ਪੀਣ, ਸੌਣ-ਜਾਗਣ, ਦਫ਼ਤਰ ਜਾਣ, ਖੇਡਣ ਤੇ ਪੜ੍ਹਣ ਦਾ ਕੋਈ ਸਮਾਂ ਨਹੀਂ ਹੁੰਦਾ। ਜਦੋਂ ਸਾਡਾ ਜੀ ਕਰਦਾ ਹੈ, ਅਸੀਂ ਖਾਣ ਬਹਿ ਜਾਂਦੇ ਹਾਂ। ਜਦੋਂ ਜੀ ਕਰਦਾ ਹੈ, ਸੌਂ ਜਾਂਦੇ ਹਾਂ ਤੇ ਜਦੋਂ ਜੀ ਕਰਦਾ ਹੈ, ਨੀਂਦਰ ਤੋਂ ਜਾਗਦੇ ਹਾਂ। ਕਈ ਵਾਰ ਨਾ ਅਸੀਂ ਸੁੱਤੇ ਹੁੰਦੇ ਹਾਂ ਤੇ ਨਾ ਹੀ ਜਾਗਦੇ, ਸਗੋਂ ਮੰਜੇ 'ਤੇ ਪਏ ਇਧਰ-ਉਧਰ ਪਾਸੇ ਮਾਰਦੇ ਰਹਿੰਦੇ ਹਾਂ ਤੇ ਕਿਸੇ ਦੇ ਕਹਿਣ 'ਤੇ ਵੀ ਨਹੀਂ ਉੱਠਦੇ। ਆਪਣੀਆ ਜ਼ਿਮੇਵਾਰੀਆ ਨੂੰ ਭੁੱਲ ਕੇ ਸਮਾਂ ਨਸ਼ਟ ਕਰਾਂਗੇ। ਇਨ੍ਹਾਂ ਸਾਰੀਆਂ ਗੱਲਾਂ ਦਾ ਕਾਰਨ ਇਹ ਹੈ ਕਿ ਅਸੀਂ ਵਕਤ ਦਾ ਮੁੱਲ ਪਾਉਣਾ ਨਹੀਂ ਸਿੱਖੇ। ਅਸੀਂ ਵਕਤ ਦੀ ਯੋਗ ਵੰਡ ਕਰਨੀ ਨਹੀਂ ਸਿੱਖੇ। ਅਸੀਂ ਵਕਤੋਂ ਖੁੰਝਣ ਨੂੰ ਰੁਝੇਵੇਂ ਦੀ ਨਿਸ਼ਾਨੀ ਗਿਣਦੇ ਹਾਂ ਪਰ ਇਹ ਅਣਗਹਿਲੀ ਦੀ ਨਿਸ਼ਾਨੀ ਹੈ। ਬੇਤਰਤੀਬੀ ਦੀ ਨਿਸ਼ਾਨੀ ਹੈ। ਪੰਜਾਬੀ ਵਿਚ ਕਹਿੰਦੇ ਹਨ, 'ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ', ਸੋ ਅਸੀਂ ਵੇਲੇ ਤੋਂ ਖੁੰਝ ਕੇ ਹਰ ਕੰਮ ਨੂੰ 'ਟੱਕਰਾਂ ਜੋਗਾ' ਬਣਾ ਲੈਂਦੇ ਹਾਂ।



### ਅਣਗਹਿਲੀ ਦੀ ਨਿਸ਼ਾਨੀ

***ਅਸੀਂ ਵਕਤੋਂ ਖੁੰਝਣ ਨੂੰ ਰੁਝੇਵੇਂ ਦੀ ਨਿਸ਼ਾਨੀ ਗਿਣਦੇ ਹਾਂ ਪਰ ਇਹ ਅਣਗਹਿਲੀ ਦੀ ਨਿਸ਼ਾਨੀ ਹੈ। ਬੇਤਰਤੀਬੀ ਦੀ ਨਿਸ਼ਾਨੀ ਹੈ। ਪੰਜਾਬੀ ਵਿਚ ਕਹਿੰਦੇ ਹਨ, 'ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ', ਸੋ ਅਸੀਂ ਵੇਲੇ ਤੋਂ ਖੁੰਝ ਕੇ ਹਰ ਕੰਮ ਨੂੰ 'ਟੱਕਰਾਂ ਜੋਗਾ' ਬਣਾ ਲੈਂਦੇ ਹਾਂ।***

ਇਸ ਤਰ੍ਹਾਂ ਸਾਡੀ ਬਹੁਤ ਸਾਰੀ ਉਮਰ ਕੁਵੇਲੇ ਦੇ ਲੇਖੇ ਲੱਗ ਜਾਂਦੀ ਹੈ ਤੇ ਅਸੀਂ ਹਮੇਸ਼ਾ ਉਡੀਕ ਕਰਦੇ-ਕਰਦੇ ਸਮਾਂ ਗੁਆ ਜਾਂਦੇ ਹਾਂ। ਸੋ ਸਮਾਂ ਨਸ਼ਟ ਕਰ ਕੇ ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਤੇ ਭਾਰੀ ਨੁਕਸਾਨ ਦੇ ਭਾਗੀ ਬਣਦੇ ਹਾਂ। ਸਾਡਾ ਕੋਈ ਵੀ ਕੰਮ ਠੀਕ ਸਮੇਂ ਸਿਰੇ ਨਹੀਂ ਚੜ੍ਹਦਾ ਤੇ ਕਈ ਜ਼ਰੂਰੀ ਕੰਮ ਖ਼ਰਾਬ ਹੋ ਜਾਂਦੇ ਹਨ। ਇਸ ਤਰ੍ਹਾਂ ਸਾਨੂੰ ਬੀਤੇ ਸਮੇਂ ਦੇ ਹੱਥੋਂ ਨਿਕਲਣ 'ਤੇ ਪਛਤਾਉਣਾ ਪੈਂਦਾ ਹੈ। ਸਮੇਂ ਦੀ ਕਦਰ ਨਾ ਕਰਨ ਵਾਲਾ ਮਨੁੱਖ ਆਪਣੇ ਲਈ ਵੀ ਤੇ ਦੂਜਿਆਂ ਲਈ ਵੀ ਇਕ ਮੁਸੀਬਤ ਬਣ ਜਾਂਦਾ ਹੈ। ਉਹ ਹਮੇਸ਼ਾ ਕਾਹਲੀ ਵਿੱਚ ਰਹਿੰਦਾ ਹੈ। ਉਹ ਨਾ ਕੋਈ ਕੰਮ ਸਿਰੇ ਚਾੜ੍ਹ ਸਕਦਾ ਹੈ ਨਾ ਹੀ ਸਮੇਂ ਦੀ ਸੰਭਾਲ ਕਰ ਸਕਦਾ ਹੈ। ਇਸ ਪ੍ਰਕਾਰ ਉਸ ਦੇ ਵੱਕਾਰ ਨੂੰ ਸੱਟ ਵਜਦੀ ਹੈ। ਅਜਿਹਾ ਆਦਮੀ ਹਮੇਸ਼ਾ ਇਹ ਸ਼ਿਕਾਇਤ ਕਰਦਾ ਹੈ ਕਿ ਉਸ ਕੋਲ ਨਾ ਚਿੱਠੀਆਂ ਲਿਖਣ ਲਈ ਸਮਾਂ ਹੈ, ਨਾ ਫੋਨ ਸੁਣਨ ਲਈ ਤੇ ਨਾ ਹੀ ਕੀਤੇ ਇਕਰਾਰ ਪੂਰੇ ਕਰਨ ਲਈ। ਅਜਿਹਾ ਆਦਮੀ ਸਮੇਂ ਦੀ ਚੰਗੀ ਤਰ੍ਹਾਂ ਨਾਲ ਸੰਭਾਲ ਕਰਨ ਵਾਲਾ ਨਹੀਂ ਹੁੰਦਾ ਪਰੰਤੂ ਜਿਹੜਾ ਸਮੇਂ ਦੀ ਸੰਭਾਲ ਕਰਨੀ ਜਾਣਦਾ ਹੈ, ਉਸ ਦੇ ਸਾਰੇ ਕੰਮ ਆਪਣੇ ਆਪ ਸਿਰੇ ਚੜ੍ਹਦੇ ਹਨ ਤੇ ਉਹ ਥੋੜ੍ਹੇ ਸਮੇਂ ਵਿਚ ਬਹੁਤੇ ਕੰਮ ਕਰ ਲੈਂਦਾ ਹੈ। •

97808-70066

# ਬੱਚਿਆਂ ਦੇ ਸ਼ਿਕਵੇ-ਸ਼ਿਕਾਇਤਾਂ

ਮੈਂ ਬਹੁਤ ਬਹਾਨੇ ਲਾਏ ਕਿ ਉਸ ਕੋਲ ਜਲਦੀ ਵਾਪਸ ਆ ਜਾਵਾਂਗੀ ਪਰ ਸੱਤ ਮੰਨਣ ਵਾਲਾ ਨਹੀਂ ਸੀ। ਉਸ ਨੂੰ ਪਤਾ ਸੀ ਕਿ ਮੰਮੀ ਮੈਨੂੰ ਜ਼ਰੂਰ ਨਾਲ ਲਿਜਾਣਗੇ। ਸਾਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਤੋਂ ਵੀ ਮੈਂ ਡਰਦੀ ਸੀ, ਉਨ੍ਹਾਂ ਨੂੰ ਕੀ ਕਹਾਂਗੀ ਕਿ ਬੱਚੇ ਨੂੰ ਕਿਉਂ ਨਾਲ ਲੈ ਕੇ ਆਈ ਹਾਂ...

ਮਲਕੀਤ ਕੌਰ ਬਾਵਰਾ

ਕਈ ਵਾਰ ਛੋਟੇ ਬੱਚਿਆਂ ਨੂੰ ਰੁੱਸਿਆਂ ਦੇਖ ਕੇ ਹਾਸਾ ਆਉਂਦਾ ਹੈ ਕਿ ਇਹ ਵੀ ਕੋਈ ਗੱਲ ਸੀ ਰੁਸਣ ਵਾਲੀ ਪਰ ਆਪਾਂ ਆਪ ਵੀ ਛੋਟੇ ਹੁੰਦੇ ਨਿੱਕੀ-ਨਿੱਕੀ ਗੱਲ 'ਤੇ ਮਾਂ ਬਾਪ ਨਾਲ ਜਾਂ ਭੈਣ ਭਰਾਂਵਾਂ ਨਾਲ ਰੁੱਸ ਜਾਈਦਾ ਸੀ। ਬੱਚੇ ਉੱਥੇ ਹੀ ਰੁਸਦੇ ਹਨ ਜਿੱਥੇ ਪਤਾ ਹੋਵੇ ਕਿ ਮੇਰੀ ਜ਼ਿੱਦ ਜ਼ਰੂਰ ਪੁੱਗ ਜਾਵੇਗੀ। ਰੁੱਸਿਆ ਵੀ ਉੱਥੇ ਹੀ ਜਾਂਦਾ ਹੈ ਜਿੱਥੇ ਆਪਾਂ ਨੂੰ ਬਹੁਤਾ ਪਿਆਰ ਮਿਲਦਾ ਹੋਵੇ। ਮੈਨੂੰ ਆਪਦੇ ਬੇਟੇ ਸੱਤ ਦੇ ਰੁੱਸਣ ਦੀ ਤੀਹ ਸਾਲ ਪੁਰਾਣੀ ਗੱਲ ਯਾਦ ਹੈ। ਉਸ ਸਮੇਂ ਅਧਿਆਪਕਾਂ ਦੇ ਸੈਮੀਨਰ ਦਸ ਦਿਨਾਂ ਦੇ ਜ਼ਿਲ੍ਹੇ ਵਿਚ ਲੱਗਦੇ ਸਨ। ਅਧਿਆਪਕਾ ਹੋਣ ਕਰਕੇ ਸੈਮੀਨਰ ਵਿਚ ਮੇਰਾ ਨਾਂ ਜ਼ਿਲ੍ਹਾ ਫ਼ਰੀਦਕੋਟ ਵਿਚ ਸ਼ਾਮਲ ਹੋਣ ਲਈ ਆ ਗਿਆ। ਨਾਂ ਦਾ ਪਤਾ ਲੱਗਣ ਤੇ ਇਕ ਵਾਰ ਘਬਰਾਹਟ ਤਾਂ ਜ਼ਰੂਰ ਹੋਈ ਕਿ ਬੇਟਾ ਸੱਤ ਵੀ ਛੋਟਾ ਹੈ ਤੇ ਬੇਟੀ ਦੀ ਪੜ੍ਹਾਈ ਵੀ ਨੌਵੀਂ ਦੀ ਖ਼ਰਾਬ ਹੋਵੇਗੀ। ਜੇ ਸੈਮੀਨਰ ਵਿੱਚੋਂ ਆਪਦਾ ਨਾਂ ਕਟਾਉਂਦੇ ਸੀ ਤਾਂ ਅਗਲੀ ਵਾਰ ਫਿਰ ਮੇਰਾ ਨਾਂ ਆ ਜਾਣਾ ਸੀ ਇਸ ਕਰਕੇ ਸੈਮੀਨਰ 1988 ਦਸੰਬਰ ਵਿਚ ਜਾਣਾ ਹੀ ਠੀਕ ਸਮਝਿਆ। ਮੈਂ ਸਵੇਰ ਦਾ ਨਾਸ਼ਤਾ ਵਗੈਰਾ ਤਿਆਰ ਕਰ ਕੇ ਬੱਚਿਆਂ ਨੂੰ ਸਮਝਾ ਕੇ ਕਿ ਮੇਰੇ ਪਿੱਛੋਂ ਜ਼ਿੱਦ ਨਹੀਂ ਕਰਨੀ ਬੱਚਿਆਂ ਦੇ ਡੈਡੀ ਨੂੰ ਸਪੈਸ਼ਲ ਕਿਹਾ ਕਿ ਮੇਰੇ ਪਿੱਛੋਂ ਬੱਚਿਆਂ ਨੂੰ ਝਿੜਕਿਆ ਨਾਂ ਜਾਵੇ। ਬੱਚੀ ਪਰੀਤ ਤੇ ਜ਼ਿਆਦਾ ਤਰਸ ਆਉਂਦਾ ਸੀ ਕਿਉਂਕਿ ਬੇਟੀ ਦੀ ਜ਼ਿੰਮੇਵਾਰੀ ਰੋਟੀ ਤੇ ਸਬਜ਼ੀ ਬਣਾਉਣ ਦੀ ਜ਼ਿਆਦਾ ਹੀ ਹੁੰਦੀ ਹੈ ਪਰ ਬੇਟੀ ਚੁੱਪ ਕਰ ਕੇ ਸਭ ਕੁਝ ਸਮਝਦੀ ਰਹੀ। ਮੈਂ ਵਾਹਿਗੁਰੂ ਦਾ ਨਾਂ ਲੈ ਕੇ ਮੁਕਤਸਰ ਵਾਲੀ ਬੱਸ ਫੜੀ ਤੇ ਮੁਕਤਸਰ ਤੋਂ ਅੱਗੇ ਫਰੀਦਕੋਟ ਜਾ ਪਹੁੰਚੀ। ਸੈਮੀਨਰ ਅਟੈਂਡ ਕਰਨ ਵਾਲੇ ਅਧਿਆਪਕ ਪਹਿਲਾ ਦਿਨ ਹੋਣ ਕਰਕੇ ਹੌਲੀ-ਹੌਲੀ ਪਹੁੰਚ ਰਹੇ ਸਨ। ਪਹਿਲਾ ਦਿਨ ਹੋਣ ਕਰਕੇ ਅਧਆਪਕਾਂ ਨੂੰ ਰਿਸੋਰਨਪਰਸਨ ਕੁਝ ਨਹੀਂ ਕਹਿੰਦੇ ਸਨ ਪਰ ਜਦ ਸਾਰੇ ਅਧਿਆਪਕ ਆ ਗਏ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਸਾਨੂੰ ਪੜ੍ਹਾਉਣ ਵਾਲੇ ਹੈੱਡ ਨੇ ਕਿਹਾ ਕਿ ਅੱਜ ਤਾਂ ਪਹਿਲਾ ਦਿਨ ਸੀ ਲੇਟ ਆਉਣ ਦਾ ਸਰ ਗਿਆ ਪਰ ਅੱਗੇ ਤੋਂ ਸਹੀ ਸਮੇਂ ਨੌਂ ਵਜੇ ਪਹੁੰਚਣਾ ਜ਼ਰੂਰੀ ਹੈ। ਕਈ ਆਧਿਆਪਕ ਦੂਰੋਂ ਆਉਣ ਕਰਕੇ ਅਧਿਆਪਕਾਂ ਵਿਚ ਘੁਸਰ ਮੁਸਰ ਸ਼ੁਰੂ ਹੋ ਗਈ ਪਰ ਸਾਰਿਆਂ ਨੇ ਫਿਰ ਵੀ ਆਗਿਆ ਦਾ ਪਾਲਣ ਕਰਦਿਆਂ ਨੇ ਕਹਿ ਦਿੱਤਾ ਕਿ ਠੀਕ ਹੈ ਜੀ ਸਹੀ ਸਮੇਂ 'ਤੇ ਆਉਣ ਦੀ ਕੋਸ਼ਿਸ਼ ਕਰਾਂਗੇ। ਇਕ ਹਫ਼ਤਾ ਹੌਲੀ-ਹੌਲੀ ਮੰਨੋਰੰਜਨ ਕਰਦਿਆਂ-ਕਰਦਿਆਂ ਲੰਘਣ ਲੱਗਾ ਪੜ੍ਹਾਉਣ ਵਾਲੇ ਅਧਿਆਪਕ ਬਹੁਤ ਸੋਹਣੇ ਤਰੀਕੇ ਨਾਲ ਪੜ੍ਹਾਉਂਦੇ ਸਨ। ਮਾਸਟਰਾਂ ਨੂੰ ਘਰ ਦਾ ਕੋਈ ਬਹੁਤਾ ਫ਼ਿਕਰ ਨਹੀਂ ਹੁੰਦਾ। ਕਿਉਂਕਿ ਉਨ੍ਹਾਂ ਨੇ ਜਾ ਕੇ ਪੱਕੀ ਪਕਾਈ ਖਾ ਲੈਣੀ ਹੁੰਦੀ ਹੈ ਇਸ ਕਰ ਕੇ ਮਾਸਟਰ ਕੁਝ ਬੇਫ਼ਿਕਰੇ ਹੁੰਦੇ ਹਨ ਪਰ ਹਰੇਕ ਅਧਿਆਪਕਾ ਨੂੰ ਘਰ ਦਾ ਪਿੱਛੇ ਫ਼ਿਕਰ ਜ਼ਰੂਰ ਰਹਿੰਦਾ ਹੈ ਕਿਉਂਕਿ ਜਿਹੜੀਆਂ ਅਧਿਆਪਕਾਵਾਂ ਹਰ ਰੋਜ਼ ਆਪਦੇ ਪਿੰਡ ਵਾਪਸ ਜਾਂਦੀਆਂ ਸਨ, ਉਨ੍ਹਾਂ ਨੂੰ ਫ਼ਿਕਰ ਕਿ ਜਾ ਕੇ ਦਾਲ਼ ਸਬਜ਼ੀ ਬਣਾਉਣੀ ਹੈ। ਜਾਂਦਿਆਂ ਨੂੰ ਹਨੇਰਾ ਹੋ ਜਾਣਾ ਹੈ। ਬੱਚਿਆਂ ਦਾ ਕੀ ਹਾਲ ਹੋਵੇਗਾ। ਇਸ ਤਰ੍ਹਾਂ ਹਰ ਇਕ ਔਰਤ ਘਰ ਦਾ ਫ਼ਿਕਰ ਜ਼ਰੂਰ ਕਰਦੀ ਹੈ। ਜਿੰਨਾ ਨੇ ਮੇਰੇ ਵਾਂਗ ਹਫ਼ਤੇ ਬਾਅਦ ਜਾਣਾ ਹੁੰਦਾ ਸੀ ਉਹ ਇਕ-ਇਕ ਪਲ ਗਿਣ ਕੇ ਕੱਢਦੀਆਂ ਸਨ ਕਿ ਪਿੱਛੇ ਬੱਚਿਆਂ ਦਾ ਘਰ ਦਾ ਖ਼ਬਰੇ ਕੀ ਹਾਲ ਹੋਵੇਗਾ। ਭਾਵੇਂ ਸਾਡੇ ਸਾਰੀਆਂ ਮੈਡਮਾਂ ਦੇ ਰਿਸ਼ਤੇਦਾਰ ਪੂਰਾ ਪਿਆਰ ਦਿੰਦੇ ਸਨ ਪਰ ਰਾਤ ਨੂੰ ਆਪਦੇ ਬੱਚਿਆਂ ਬਗ਼ੈਰ ਨੀਂਦ ਨਹੀਂ ਆਉਂਦੀ ਸੀ। ਹੌਲੀ-ਹੌਲੀ ਹਫ਼ਤੇ ਦੇ ਪੰਜ ਦਿਨ ਲੰਘ ਗਏ। ਸ਼ੁਕਰਵਾਰ ਸ਼ਾਮ ਨੂੰ ਸਾਨੂੰ ਘਰ ਜਾਣ ਲਈ ਛੁੱਟੀ ਹੋ ਗਈ ਸ਼ਨੀਵਾਰ ਤੇ ਐਤਵਾਰ ਦੀ ਛੁੱਟੀ ਹੀ ਸੀ। ਜਿਨ੍ਹਾਂ ਨੇ ਹਫ਼ਤੇ ਬਾਅਦ ਘਰ ਜਾਣਾ ਸੀ ਮੇਰੇ ਵਾਂਗ ਜ਼ਿਆਦਾ ਹੀ ਖ਼ੁਸ਼ੀ ਸੀ ਕਿ ਬੱਚਿਆਂ ਨੂੰ ਪੂਰਾ ਪਿਆਰ ਦੇਵਾਂਗੇ। ਇਸ ਤਰ੍ਹਾਂ ਮੈਨੂੰ ਅੱਡੇ ਤਕ ਤੁਰੀ ਆਉਂਦੀ ਨੂੰ ਅੱਡਾ ਮਸਾਂ ਹੀ ਆਇਆ ਪਹਿਲਾਂ ਤਾਂ ਬਸ ਵਿਚ ਬੈਠ ਕੇ ਫਰੀਦਕੋਟ ਤੋਂ ਮੁਕਤਸਰ ਮਸਾਂ ਹੀ ਆਇਆ ਫਿਰ ਮੁਕਤਸਰ ਤੋਂ ਬੱਸ ਹਰ ਇਕ ਅੱਡੇ 'ਤੇ ਖੜ੍ਹ-ਖੜ੍ਹ ਕੇ ਗੁਰੂਸਰ ਪਹੁੰਚੀ। ਮੈਂ ਸੋਚਾਂ ਸਭ ਤੋਂ ਪਹਿਲਾਂ ਬੇਟਾ ਸੱਤ ਮਿਲੇਗਾ। ਮੇਰੇ ਘਰ ਪਹੁੰਚਣ 'ਤੇ ਹੋਇਆ ਸੋਚ ਦੇ ਉਲਟ ਕਿਉਂਕਿ ਸੱਤ ਤਾਂ ਆਪਣੇ ਮਨੋਂ ਮੇਰੇ ਨਾਲ ਨਰਾਜ਼ ਸੀ ਕਿਉਂਕਿ ਮੈਂ ਉਸ ਨੂੰ ਆਪਣੇ ਨਾਲ ਨਹੀਂ ਲੈ ਕੇ ਗਈ ਸੀ। ਸੱਤ ਤਾਂ ਦੂਸਰੇ ਟਿਊਸ਼ਨ 'ਤੇ ਪੜ੍ਹ ਰਹੇ ਬੱਚਿਆਂ ਨਾਲ ਹੀ ਆਪਣੇ ਡੈਡੀ ਕੋਲ ਮੈਨੂੰ ਦਿਖਾ ਰਿਹਾ ਸੀ ਕਿ ਮੈਂ ਪੜ੍ਹ ਰਿਹਾ ਹਾਂ ਪਰ ਮਨੋਂ ਮੇਰੇ ਨਾਲ ਰੁੱਸਿਆ ਹੋਇਆ ਸੀ। ਮੇਰੇ ਆਵਾਜ਼ ਮਾਰਨ 'ਤੇ ਕਿ ਸੱਤ ਪੁੱਤਰ ਆਉ ਪਰ ਸੱਤ ਜੀ ਕਿੱਥੇ! ਕਿ ਜਲਦੀ ਮੇਰੇ ਕੋਲ ਆ ਜਾਣ। ਉਸ ਦੇ ਡੈਡੀ ਨੇ ਵੀ ਕਿਹਾ ਕਿ ਸੱਤ ਮੰਮੀ ਆ ਗਏ ਜਾਉ ਮਿਲੋ ਪਰ ਸੱਤ ਕਹਿੰਦਾ, 'ਮੈਂ ਤਾਂ ਗੁੱਸ਼ੇ ਹਾਂ ਮੰਮੀ ਨਾਲ।' ਹੁਣ ਮੈਂ ਤਾਂ ਬੋਲੂੰ ਜੇ ਮੰਮੀ ਮੈਨੂੰ ਹੁਣ ਨਾਲ ਲਿਜਾਣਗੇ। ਦਸੰਬਰ ਦੀ ਪੂਰੀ ਠੰਢ ਵਿਚ ਮੈਂ ਸੋਮਵਾਰ ਵਾਪਸ ਸੈਮੀਨਰ 'ਤੇ ਜਾਣ ਲਈ ਬਹੁਤ ਬਹਾਨੇ ਮਾਰੇ ਕਿ ਠੰਢ ਹੈ ਮੈਂ ਅੱਜ ਹੀ ਵਾਪਸ ਆਜਾਵਾਂਗੀ ਪਰ ਸੱਤ ਮੰਨਣ ਵਾਲਾ ਨਹੀਂ ਸੀ ਉਸ ਨੂੰ ਵੀ ਪਤਾ ਸੀ ਕਿ ਮੰਮੀ ਮੈਨੂੰ ਜ਼ਰੂਰ ਨਾਲ ਲਿਜਾਣਗੇ। ਹਾਂ ਮੈਂ ਸਕੂਲ ਸਾਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਤੋਂ ਵੀ ਡਰਦੀ ਸੀ ਕਿ ਉਹ ਕੀ ਕਹਿਣਗੇ ਕਿ ਬੱਚੇ ਨੂੰ ਕਿਉਂ ਨਾਲ ਲਿਆਂਦਾ ਪਰ ਸੱਤ ਮੇਰੇ ਨਾਲ ਜਾ ਕੇ ਬਹੁਤ ਖ਼ੁਸ਼ ਹੋਇਆ। ਪਹਿਲਾਂ ਤਾਂ ਉਸ ਨੇ ਸਕੂਲ ਜਾ ਕੇ ਸਾਰੇ ਅਧਿਆਪਕਾਂ ਨੂੰ ਸਤਿ ਸ੍ਰੀ ਆਕਾਲ ਬੁਲਾਈ। ਸਾਰੇ ਅਧਿਆਪਕਾਂ ਵਿਚ ਹਰਮਨ ਪਿਆਰਾ ਬੱਚਾ ਬਣ ਕੇ ਰਿਹਾ। •

97794 31472



### ਅਧਿਆਪਕ ਬਹੁਤ ਖ਼ੁਸ਼ ਹੋਏ

***ਸੱਤ ਨੇ ਖ਼ੁਸ਼ ਹੋ ਕੇ ਗੀਤ ਸੁਣਾਇਆ। ਉਸ ਦਾ ਗੀਤ ਸੁਣ ਕੇ ਸਾਰੇ ਅਧਿਆਪਕ ਬਹੁਤ ਖ਼ੁਸ਼ ਹੋਏ ਕਿ ਛੋਟੇ ਜਿਹੇ ਬੱਚੇ ਨੇ ਕਿਵੇਂ ਨਿਧੜਕ ਹੋ ਕੇ ਗੀਤ ਗਾਏ ਹਨ। ਮੇਰੇ ਨਾਲ ਫ਼ਰੀਦਕੋਟ ਜਾ ਕੇ ਸਾਰਾ ਗੁੱਸਾ ਸੱਤ ਦਾ ਦੂਰ ਹੋ ਗਿਆ। ਘਰ ਆ ਕੇ ਸੱਤ ਨੇ ਕਿਹਾ ਕਿ ਹੁਣ ਮੈਂ ਕਦੇ ਨਹੀਂ ਰੁੱਸਦਾ।***

# ਅੰਮ੍ਰਿਤਸਰ ਦੇ ਅਟਾਰੀ ਵਿਧਾਨ ਸਭਾ ਹਲਕੇ ਦੀਆਂ ਸਾਰੀਆਂ ਪ੍ਰਮੁੱਖ ਸੜਕਾਂ ਸ਼ਾਨਦਾਰ ਬਣਨਗੀਆਂ; ਭਗਵੰਤ ਮਾਨ ਨੇ ਨੀਂਹ ਰੱਖੀ

➢ ਅਟਾਰੀ ਦੀਆਂ 137 ਕਿਲੋਮੀਟਰ ਲੰਬੀਆਂ 121 ਸੜਕਾਂ ਦੇ ਨਵੀਨੀਕਰਨ ਲਈ 57.80 ਕਰੋੜ ਰੁਪਏ ਖਰਚ ਹੋਣਗੇ

➢ ਪਾਕਿਸਤਾਨ ਦੀ ਸਰਹੱਦ ਨਾਲ ਲਗਦਾ ਹੋਣ ਦੇ ਬਾਵਜੂਦ ਪਿਛਲੀਆਂ ਸਰਕਾਰ ਨੇ ਅਟਾਰੀ ਵਿਧਾਨ ਸਭਾ ਹਲਕੇ ਨੂੰ ਪਛੜਿਆ ਰੱਖਿਆ



**ਅੰਮ੍ਰਿਤਸਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੰਮ੍ਰਿਤਸਰ ਦੇ ਅਟਾਰੀ ਹਲਕੇ ਵਿੱਚ ਇੱਕ ਵਿਆਪਕ ਵਿਕਾਸ ਮੁਹਿੰਮ ਦੀ ਸ਼ੁਰੂਆਤ ਕਰਦਿਆਂ 137 ਕਿਲੋਮੀਟਰ ਦੀ ਲੰਬਾਈ ਵਾਲੀਆਂ 121 ਸੜਕਾਂ ਦੇ ਨਵੀਨੀਕਰਨ ਲਈ 57.80 ਕਰੋੜ ਰੁਪਏ ਦਾ ਐਲਾਨ ਕੀਤਾ। ਉਨ੍ਹਾਂ ਨਾਲ ਹੀ ਕਿਹਾ ਕਿ ਪਾਕਿਸਤਾਨ ਸਰਹੱਦ ਦੇ ਨਾਲ ਆਪਣੀ ਰਣਨੀਤਕ ਸਥਿਤੀ ਦੇ ਬਾਵਜੂਦ ਲੰਬੇ ਸਮੇਂ ਤੋਂ ਅਣਗੌਲੇ ਰਹੇ ਖੇਤਰਾਂ ਵਿੱਚ ਹੁਣ ਨਿਵੇਸ਼, ਬਿਹਤਰ ਸੰਪਰਕ ਅਤੇ ਨਵੀਆਂ ਆਰਥਿਕ ਗਤੀਵਿਧੀਆਂ ਦੇਖਣ ਨੂੰ ਮਿਲਣਗੀਆਂ।

ਇਸ ਪਹਿਲਕਦਮੀ ਨੂੰ ਬਿਹਤਰ ਸ਼ਾਸਨ ਅਤੇ ਸਰਹੱਦੀ ਸੁਧਾਰਾਂ ਦੇ ਨਾਲ ਜੋੜਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕੰਡਿਆਲੀ ਤਾਰ ਨੂੰ ਸਰਹੱਦ ਵਾਲੇ ਪਾਸੇ ਕਰਕੇ ਕਿਸਾਨਾਂ ਲਈ ਬਿਨਾਂ ਰੁਕਾਵਟ ਖੇਤੀ ਵਾਸਤੇ ਲੱਖਾਂ ਏਕੜ ਜ਼ਮੀਨ ਨੂੰ ਖੋਲ੍ਹਣ, ਨਸ਼ਿਆਂ ਦੇ ਖਤਰੇ ਨੂੰ ਜੜ੍ਹਾਂ ਤੋਂ ਖਤਮ ਕਰਨ ਅਤੇ 2027 ਵਿੱਚ ਪੰਜਾਬ ਨੂੰ ਇੱਕ ਵਿਕਾਸ ਦੇ ਨਾਮ 'ਤੇ ਲੋਕ ਫਤਵੇ ਵੱਲ ਸਥਾਪਤ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਪੰਜਾਬ ਨੂੰ ਕਾਲਾ ਦੌਰ ਵੀ ਦੇਖਣਾ ਪਿਆ ਜਦੋਂ ਨਸ਼ਿਆਂ ਦੇ ਕਾਰੋਬਾਰ ਨੇ ਪੰਜਾਬ ਵਿੱਚ ਪੈਰ ਪਸਾਰੇ। ਸੱਤਾ ਵਿੱਚ ਬੈਠੇ ਲੋਕਾਂ ਨੇ ਇਸਨੂੰ ਸਰਪ੍ਰਸਤੀ ਦੇ ਕੇ ਰਾਜ ਵਿੱਚ ਨਸ਼ਿਆਂ ਦੇ ਕਾਰੋਬਾਰ ਨੂੰ ਪ੍ਰਫੁੱਲਤ ਕਰਨ ਲਈ ਆਪਣੇ ਅਧਿਕਾਰ ਦੀ ਦੁਰਵਰਤੋਂ ਕੀਤੀ। ਉਨ੍ਹਾਂ ਕਿਹਾ ਕਿ ਕਾਲੇ ਦਿਨਾਂ ਦੌਰਾਨ ਸੂਬਾ ਸਰਕਾਰ ਦੇ ਵਾਹਨਾਂ ਦੀ ਵਰਤੋਂ ਰਾਜ ਦੇ ਇੱਕ ਹਿੱਸੇ ਤੋਂ ਦੂਜੇ ਹਿੱਸੇ ਵਿੱਚ ਨਸ਼ਿਆਂ ਦੀ ਸਪਲਾਈ ਲਈ ਕੀਤੀ ਜਾਂਦੀ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਨੂੰ ਲੀਹ ਤੋਂ ਲਾਹ ਕੇ ਪੰਜਾਬ ਅਤੇ ਸਾਡੀਆਂ ਨੌਜਵਾਨ ਪੀੜ੍ਹੀਆਂ ਦੇ ਰਾਹ 'ਚ ਕੰਡੇ ਬੀਜੇ। ਇਨ੍ਹਾਂ ਆਗੂਆਂ ਦੇ ਹੱਥ ਸੂਬੇ ਵਿਰੁੱਧ ਇਸ ਅਪਰਾਧ ਨਾਲ ਰੰਗੇ ਹੋਏ ਹਨ ਅਤੇ ਇਤਿਹਾਸ ਇਨ੍ਹਾਂ ਨੂੰ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਨ ਲਈ ਕਦੇ ਮੁਆਫ਼ ਨਹੀਂ ਕਰੇਗਾ। ਇਨ੍ਹਾਂ ਪਾਰਟੀਆਂ ਨੇ ਨੌਜਵਾਨਾਂ ਦੀਆਂ ਨਸਾਂ ਵਿੱਚ ਨਸ਼ੇ ਦਾ ਜ਼ਹਿਰ ਭਰ ਕੇ ਸੂਬੇ ਦੀਆਂ ਪੀੜ੍ਹੀਆਂ ਨੂੰ ਤਬਾਹ ਕਰ ਦਿੱਤਾ ਜਿਸ ਲਈ ਉਨ੍ਹਾਂ ਨੂੰ ਕਦੇ ਮਾਫ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਜਿਹੜੇ ਲੋਕ ਨਸ਼ਿਆਂ ਨਾਲ ਪੰਜਾਬ ਨੂੰ ਤਬਾਹ ਕਰਨ ਦੇ ਜ਼ਿੰਮੇਵਾਰ ਹਨ, ਉਹੀ ਲੋਕ ਹੁਣ ਲੋਕਾਂ ਨੂੰ ਮੂਰਖ ਬਣਾਉਣ ਲਈ ਖੋਖਲੇ ਦਾਅਵੇ ਕਰ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਨ੍ਹਾਂ ਸਰਕਾਰਾਂ ਨੇ ਕਦੇ ਵੀ ਸੂਬੇ ਅਤੇ ਲੋਕਾਂ ਦੀ ਪਰਵਾਹ ਨਹੀਂ ਕੀਤੀ, ਸਗੋਂ ਸਿਸਟਮ ਨੂੰ ਤਬਾਹ ਕਰ ਦਿੱਤਾ, ਜਿਸ ਕਾਰਨ ਨੌਜਵਾਨਾਂ ਵਿੱਚ ਵਿਦੇਸ਼ਾਂ 'ਚ ਜਾ ਕੇ ਵਸਣ ਦਾ ਰੁਝਾਨ ਪੈਦਾ ਹੋਇਆ। ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਪੁੱਟਣ ਲਈ 'ਆਪ' ਸਰਕਾਰ ਨੇ ਸਖ਼ਤ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਸੂਬੇ 'ਤੇ ਇੱਕ ਕਲੰਕ ਸੀ ਅਤੇ ਇਸ ਸਰਾਪ ਨੂੰ ਮਿਟਾਉਣ ਲਈ 'ਆਪ' ਸਰਕਾਰ ਨੂੰ ਰਣਨੀਤੀ ਬਣਾਉਣ ਵਿੱਚ ਦੋ ਸਾਲਾਂ ਤੋਂ ਵੱਧ ਸਮਾਂ ਲੱਗਿਆ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਢੀ, ਜਿਸ ਤਹਿਤ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਤੋੜ ਕੇ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਤਸਕਰਾਂ ਨੂੰ ਸਲਾਖਾਂ ਪਿੱਛੇ ਸੁੱਟਿਆ ਗਿਆ। ਆਮ ਲੋਕਾਂ ਦੇ ਸਰਗਰਮ ਸਮਰਥਨ ਅਤੇ ਸਹਿਯੋਗ ਨਾਲ ਹਰ ਪੱਧਰ 'ਤੇ ਨਸ਼ਿਆਂ ਦੇ ਸਰਾਪ ਦਾ ਸਫ਼ਾਇਆ ਕੀਤਾ ਜਾ ਰਿਹਾ ਹੈ ਅਤੇ ਇਸ ਮੁਹਿੰਮ ਨੂੰ ਆਮ ਲੋਕਾਂ ਦੇ ਸਹਿਯੋਗ ਨਾਲ ਲੋਕ ਲਹਿਰ ਵਿੱਚ ਬਦਲਿਆ ਗਿਆ ਹੈ। 'ਆਪ' ਸਰਕਾਰ ਨੇ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਕੇ ਅਤੇ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸ ਕੇ ਨਸ਼ਿਆਂ ਦੇ ਕਾਰੋਬਾਰ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਦਲ ਦੀ ਅਖੌਤੀ 'ਪੰਜਾਬ ਬਚਾਓ ਯਾਤਰਾ' ਦਾ ਅਸਲ ਨਾਮ 'ਪਰਿਵਾਰ ਬਚਾਓ ਯਾਤਰਾ' ਹੈ। ਮੁੱਖ ਮੰਤਰੀ ਨੇ ਕਿਹਾ ਕਿ 15 ਸਾਲ ਸੂਬੇ ਨੂੰ ਲੁੱਟਣ ਤੋਂ ਬਾਅਦ ਉਹ ਪੰਜਾਬ ਨੂੰ ਕਿਸ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ? ਲੋਕਾਂ ਨੇ ਅਕਾਲੀਆਂ ਨੂੰ ਕਈ ਵਾਰ ਚੁਣਿਆ ਪਰ ਉਹ ਗੱਦਾਰ ਸਾਬਤ ਹੋਏ ਅਤੇ ਉਨ੍ਹਾਂ ਨੇ ਹਮੇਸ਼ਾ ਸੂਬੇ ਅਤੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ। ਜਦੋਂ ਪੂਰਾ ਕਿਸਾਨ ਭਾਈਚਾਰਾ ਆਪਣੇ ਹੱਕਾਂ ਲਈ ਲੜ ਰਿਹਾ ਸੀ ਤਾਂ ਅਕਾਲੀਆਂ ਨੇ ਕੇਂਦਰੀ ਮੰਤਰੀ ਮੰਡਲ ਵਿੱਚ ਆਪਣੀ ਕੁਰਸੀ ਬਚਾਉਣ ਲਈ ਮੋਦੀ ਸਰਕਾਰ ਦਾ ਕਾਲੇ ਖੇਤੀ ਕਾਨੂੰਨਾਂ 'ਤੇ ਸਮਰਥਨ ਵੀ ਕੀਤਾ ਸੀ।

ਉਨ੍ਹਾਂ ਕਿਹਾ, ਅਕਾਲੀਆਂ ਨੇ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਧਰਮ ਦੀ ਦੁਰਵਰਤੋਂ ਕੀਤੀ, ਜਿਸ ਲਈ ਲੋਕ ਉਨ੍ਹਾਂ ਨੂੰ ਕਦੇ ਮਾਫ਼ ਨਹੀਂ ਕਰਨਗੇ ਅਤੇ ਉਨ੍ਹਾਂ ਦੇ ਕੀਤੇ ਪਾਪਾਂ ਲਈ ਢੁਕਵਾਂ ਸਬਕ ਸਿਖਾਉਣਗੇ। ਲੋਕਾਂ ਨੇ ਅਕਾਲੀਆਂ ਨੂੰ ਵਾਰ-ਵਾਰ ਚੁਣਿਆ, ਪਰ ਉਹ ਗੱਦਾਰ ਸਾਬਤ ਹੋਏ ਅਤੇ ਹਮੇਸ਼ਾ ਪੰਜਾਬ ਅਤੇ ਪੰਜਾਬੀਆਂ ਦੀ ਪਿੱਠ ਵਿੱਚ ਛੁਰਾ ਮਾਰਿਆ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਸ ਪਵਿੱਤਰ ਧਰਤੀ ਨੇ ਸੰਤਾਂ, ਮਹਾਂਪੁਰਸ਼ਾਂ, ਸ਼ਹੀਦ, ਮਹਾਨ ਖਿਡਾਰੀ ਅਤੇ ਜਰਨੈਲ ਪੈਦਾ ਕੀਤੇ ਹਨ, ਪਰ ਬੜੀ ਮੰਦਭਾਗੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਤਸਕਰਾਂ, ਗੈਂਗਸਟਰਾਂ ਅਤੇ ਹੋਰ ਅਪਰਾਧੀਆਂ ਨੇ ਇਸ ਸੂਬੇ ਨੂੰ ਆਪਣਾ ਟਿਕਾਣਾ ਬਣਾਇਆ। ਨੌਜਵਾਨਾਂ ਨੂੰ ਕੁਰਾਹੇ ਪਾਉਣ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਦਾ ਭੁਗਤਾਨ ਕਰਨਾ ਪਵੇਗਾ। ਸੂਬੇ ਦੀਆਂ ਪੀੜ੍ਹੀਆਂ ਨੂੰ ਬਰਬਾਦ ਕਰਨ ਵਾਲੇ ਇਨ੍ਹਾਂ ਆਗੂਆਂ ਨੂੰ ਆਪਣੀਆਂ ਬਦਨੀਤੀਆਂ ਦੀ ਕੀਮਤ ਚੁਕਾਉਣੀ ਪਵੇਗੀ ਅਤੇ 'ਆਪ' ਸਰਕਾਰ ਉਨ੍ਹਾਂ ਦੇ ਮਾੜੇ ਕੰਮਾਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਏਗੀ।

ਉਨ੍ਹਾਂ ਕਿਹਾ, ਹਰ ਕੋਈ ਜਾਣਦਾ ਹੈ ਕਿ ਇਹ ਪਰਿਵਾਰ ਅੰਗਰੇਜ਼ਾਂ ਦੀ ਕਠਪੁਤਲੀ ਬਣਕੇ ਰਿਹਾ ਅਤੇ ਦੇਸ਼ ਲਈ ਲੜਨ ਵਾਲੇ ਦੇਸ਼ ਭਗਤਾਂ ਵਿਰੁੱਧ ਅੰਗਰੇਜ਼ਾਂ ਦਾ ਸਾਥ ਦੇਣ ਲਈ ਉਨ੍ਹਾਂ ਨੂੰ 'ਸਰ' ਦੀ ਉਪਾਧੀ ਦਿੱਤੀ ਸੀ। ਇਸ ਪਰਿਵਾਰ ਨੇ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ ਕਤਲੇਆਮ ਦੇ ਦੋਸ਼ੀ ਜਨਰਲ ਡਾਇਰ ਨੂੰ ਇਸ ਘਿਨਾਉਣੀ ਘਟਨਾ ਤੋਂ ਬਾਅਦ ਰਾਤ ਦੇ ਖਾਣੇ 'ਤੇ ਸੱਦ ਕੇ ਸਨਮਾਨਿਤ ਕੀਤਾ ਸੀ। ਅਜਿਹੇ ਕੰਮ ਉਨ੍ਹਾਂ ਦੀ ਦੇਸ਼ ਵਿਰੋਧੀ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਅਤੇ ਦੋਗਲੇ ਕਿਰਦਾਰ ਦਾ ਪ੍ਰਤੱਖ ਪ੍ਰਮਾਣ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, ਸਿਰਫ ਇੱਥੇ ਹੀ ਨਹੀਂ, ਇਸ ਪਰਿਵਾਰ ਨੇ ਜਨਰਲ ਡਾਇਰ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿਰੋਪਾ ਅਤੇ ਮੁਆਫ਼ੀ ਦਿਵਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਇਤਿਹਾਸ ਨੂੰ ਮਿਟਾਇਆ ਨਹੀਂ ਜਾ ਸਕਦਾ ਅਤੇ ਬਾਦਲ ਦੇ ਪੁਰਖਿਆਂ ਦੇ ਸ਼ੱਕੀ ਕਿਰਦਾਰ ਇਤਿਹਾਸ ਦੇ ਪੰਨਿਆਂ 'ਤੇ ਉੱਕਰੇ ਪਏ ਹਨ। ਇਸ ਪਰਿਵਾਰ ਦੇ ਹੱਥ ਦੇਸ਼ ਭਗਤਾਂ ਦੇ ਖੂਨ ਨਾਲ ਰੰਗੇ ਹੋਏ ਹਨ ਅਤੇ ਰਾਸ਼ਟਰਵਾਦੀਆਂ ਦੀ ਪਿੱਠ ਵਿੱਚ ਛੁਰਾ ਮਾਰਨ ਵਿੱਚ ਇਨ੍ਹਾਂ ਗੱਦਾਰਾਂ ਦੀ ਭੂਮਿਕਾ ਨੂੰ ਕਦੇ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ, 2027 ਵਿੱਚ ਹੋਣ ਵਾਲੀਆਂ ਸੂਬਾ ਵਿਧਾਨ ਸਭਾ ਚੋਣਾਂ ਵਿੱਚ, ਲੋਕਾਂ ਕੋਲ ਤਿੰਨ ਕਲਮਾਂ ਚੁਣਨ ਦਾ ਮੌਕਾ ਹੋਵੇਗਾ। ਪਹਿਲੀ ਕਲਮ ਕਾਂਗਰਸ ਦੀ ਹੈ, ਜਿਸ ਵਿੱਚ ਲਾਲ ਸਿਆਹੀ ਹੈ ਜੋ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ, 1984 ਦੀ ਨਸਲਕੁਸ਼ੀ ਅਤੇ ਹੋਰ ਸਿੱਖ ਵਿਰੋਧੀ ਅਤੇ ਪੰਜਾਬ ਵਿਰੋਧੀ ਸਟੈਂਡਾਂ ਦਾ ਪ੍ਰਤੀਕ ਹੈ। ਦੂਜੀ ਕਲਮ ਅਕਾਲੀਆਂ ਦੀ ਹੈ, ਜਿਸ ਵਿੱਚ ਸਿਰਫ਼ ਇੱਕ ਸਿਆਹੀ ਹੈ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਹੈ। ਤੀਜੀ ਕਲਮ 'ਆਪ' ਦੀ ਹੈ ਜੋ ਹਰ ਗੁਜ਼ਰਦੇ ਦਿਨ ਮਾਰਗ-ਦਰਸ਼ਕ ਪਹਿਲਕਦਮੀਆਂ ਕਰਕੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਰਾਹ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਆਪ ਸਰਕਾਰ ਨੇ ਹਰ ਖੇਤਰ ਵਿੱਚ ਕਈ ਲੋਕ-ਪੱਖੀ ਪਹਿਲਕਦਮੀਆਂ ਕੀਤੀਆਂ ਹਨ, ਜਿਸ ਕਰਕੇ ਹਰ ਖੇਤਰ ਵਿੱਚ ਪੂਰੇ ਸੂਬੇ ਦੀ ਨੁਹਾਰ ਬਦਲੀ ਹੈ। ਲੋਕਾਂ ਦੇ ਟੈਕਸ ਦਾ ਪੈਸਾ ਸੂਬੇ ਦਾ ਹੈ ਅਤੇ ਇਸਨੂੰ ਲੋਕਾਂ ਦੀ ਭਲਾਈ 'ਤੇ ਸਮਝਦਾਰੀ ਨਾਲ ਖਰਚ ਕੀਤਾ ਜਾ ਰਿਹਾ ਹੈ। ਲੋਕਾਂ ਦਾ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਕੋਲ ਵਾਪਸ ਪਹੁੰਚ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ, ਆਪ ਸਰਕਾਰ ਵੱਲੋਂ 90 ਫੀਸਦ ਘਰਾਂ ਨੂੰ ਮੁਫ਼ਤ ਬਿਜਲੀ, ਨੌਜਵਾਨਾਂ ਨੂੰ ਬਿਨਾਂ ਕਿਸੇ ਭ੍ਰਿਸ਼ਟਾਚਾਰ ਤੋਂ 65,000 ਤੋਂ ਵੱਧ ਸਰਕਾਰੀ ਨੌਕਰੀਆਂ, ਬਿਹਤਰ ਸੜਕਾਂ, ਬੰਦ ਕੀਤੇ ਟੋਲ ਪਲਾਜ਼ਿਆਂ ਨਾਲ ਰੋਜ਼ਾਨਾ 70 ਲੱਖ ਰੁਪਏ ਦੀ ਬਚਤ ਅਤੇ ਬੁਨਿਆਦੀ ਢਾਂਚੇ ਉਸਾਰੇ ਜਾ ਰਹੇ ਹਨ। ਆਪ ਸਰਕਾਰ ਵੱਲੋਂ ਸੱਤਾ ਸੰਭਾਲਣ ਸਮੇਂ ਸਿੰਚਾਈ ਲਈ ਸਿਰਫ਼ 22 ਫੀਸਦ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ ਪਰ ਅੱਜ 71 ਫੀਸਦ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਝੋਨੇ ਅਗਾਮੀ ਦੇ ਸੀਜ਼ਨ ਤੱਕ ਇਸਨੂੰ 90 ਫੀਸਦ ਤੱਕ ਵਧਾ ਦਿੱਤਾ ਜਾਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ। ਸੂਬੇ ਦਾ ਹਰ ਪਰਿਵਾਰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦਾ ਹੱਕਦਾਰ ਹੈ। ਇਸ ਯੋਜਨਾ ਤਹਿਤ 30 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਪਹਿਲਾਂ ਹੀ ਸਿਹਤ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਲਗਭਗ 1.65 ਲੱਖ ਲੋਕਾਂ ਨੂੰ ਮੁਫ਼ਤ ਇਲਾਜ ਮਿਲ ਚੁੱਕਾ ਹੈ। ਲੋਕਾਂ ਨੂੰ ਇਨ੍ਹਾਂ ਕਾਰਡਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ, ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਝੋਨੇ ਦੇ ਸੀਜ਼ਨ ਦੌਰਾਨ ਟਿਊਬਵੈੱਲਾਂ ਨੂੰ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਗਈ ਹੈ। ਕਿਸਾਨਾਂ ਨੂੰ ਹੁਣ ਪਹਿਲੀ ਵਾਰ ਸਿੰਚਾਈ ਲਈ ਦਿਨ ਵੇਲੇ ਬਿਜਲੀ ਮਿਲ ਰਹੀ ਹੈ ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡੀ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਪੂਰੀ ਸਮਝਦਾਰੀ ਨਾਲ ਵਰਤਿਆ ਜਾ ਰਿਹਾ ਹੈ। ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ 18 ਸਾਲ ਤੋਂ ਵੱਧ ਉਮਰ ਦੀਆਂ ਅਨੁਸੂਚਿਤ ਜਾਤੀ ਵਰਗ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1500 ਰੁਪਏ ਅਤੇ ਬਾਕੀ ਵਰਗਾਂ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ, ਆਪ ਸਰਕਾਰ ਵੱਲੋਂ ਸੂਬੇ ਭਰ ਵਿੱਚ ਲਿੰਕ ਸੜਕਾਂ ਦੀ ਮੁਰੰਮਤ ਲਈ ਇੱਕ ਵਿਆਪਕ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ਪੰਜਾਬ ਵਿੱਚ 43,000 ਕਿਲੋਮੀਟਰ ਲਿੰਕ ਸੜਕਾਂ ਹਨ ਅਤੇ ਉਨ੍ਹਾਂ ਦੀ ਮੁਰੰਮਤ ਅਤੇ ਅਪਗ੍ਰੇਡੇਸ਼ਨ ਲਈ ਵਿਆਪਕ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ਮੁਰੰਮਤ ਦੇ ਨਾਲ-ਨਾਲ ਅਗਲੇ ਪੰਜ ਸਾਲਾਂ ਲਈ ਇਹਨਾਂ ਸੜਕਾਂ ਦੀ ਸਾਂਭ-ਸੰਭਾਲ ਵੀ ਕੀਤੀ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਲੋਕਾਂ ਦੇ ਟੈਕਸ ਦਾ ਸਾਰਾ ਪੈਸਾ ਸੂਬੇ ਦੇ ਲੋਕਾਂ ਦਾ ਹੈ ਅਤੇ ਇਹ ਉਨ੍ਹਾਂ ਦੀ ਭਲਾਈ 'ਤੇ ਖਰਚ ਕੀਤਾ ਜਾ ਰਿਹਾ ਹੈ। ਕਰਦਾਤਾਵਾਂ ਦਾ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਕੋਲ ਵਾਪਸ ਆ ਰਿਹਾ ਹੈ। ਭਾਵੇਂ 'ਆਪ' ਸਰਕਾਰ ਨੇ ਆਪਣੀਆਂ ਸਾਰੀਆਂ ਗਰੰਟੀਆਂ ਪੂਰੀਆਂ ਕਰ ਲਈਆਂ ਹਨ ਪਰ ਅੱਗੇ ਵਧਣ ਲਈ ਯਤਨ ਜਾਰੀ ਰਹਿਣਗੇ। ਦੂਜੀਆਂ ਸਿਆਸੀ ਪਾਰਟੀਆਂ ਆਪਣੀਆਂ ਸਟੇਜਾਂ 'ਤੇ ਸੱਤਾ ਹੜੱਪਣ ਦੀਆਂ ਚਾਲਾਂ ਚੱਲ ਰਹੀਆਂ ਹਨ ਪਰ ਇਸ ਸਟੇਜ ਤੋਂ ਅਸੀਂ ਸਿੱਖਿਆ, ਸਿਹਤ, ਬਿਜਲੀ, ਖੇਤੀਬਾੜੀ ਅਤੇ ਸਮੁੱਚੇ ਵਿਕਾਸ ਦੀ ਗੱਲ ਕਰਦੇ ਹਾਂ।

## ਪਿੰਡ ਚੰਦੂਰਾਈਆ ਵਿਖੇ ਮੇਰਾ ਘਰ ਮੇਰੇ ਨਾਮ ਸਕੀਮ ਤਹਿਤ 21 ਲਾਭਪਾਤਰੀਆਂ ਨੂੰ ਮਾਲਕਾਨਾ ਹੱਕ ਦੇ ਕਾਰਡ ਵੰਡੇ



**ਮਲੇਰਕੋਟਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਲੋਕ-ਹਿਤੈਸ਼ੀ ਮੇਰਾ ਘਰ ਮੇਰੇ ਨਾਮ ਸਕੀਮ ਅਧੀਨ ਤਹਿਸੀਲ ਅਮਰਗੜ ਦੇ ਪਿੰਡ ਚੰਦੂਰਾਈਆ ਵਿਖੇ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਵਿਰਾਜ ਐਸ.ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲੋੜਵੰਦਾਂ ਨੂੰ ਮਾਲਕਾਨਾ ਹੱਕ ਦੇ ਕਾਰਡ ਦੇਣ ਲਈ ਵਿਸ਼ੇਸ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਕੁੱਲ 21 ਹੱਕਦਾਰ ਲਾਭਪਾਤਰੀਆਂ ਨੂੰ ਮਾਲਕਾਨਾ ਹੱਕ ਦੇ ਕਾਰਡ ਵੰਡੇ ਗਏ, ਜਿਸ ਨਾਲ ਉਨ੍ਹਾਂ ਨੂੰ ਆਪਣੇ ਘਰਾਂ 'ਤੇ ਮਾਲਕੀ ਹੱਕ ਪ੍ਰਾਪਤ ਕਰਨ ਲਈ ਸਹਾਇਕ ਸਿੱਧ ਹੋਣਗੇ । ਉਪ ਮੰਡਲ ਮੈਜਿਸਟਰੇਟ ਅਮਰਗੜ ਸ੍ਰੀ ਹਰਬੰਸ ਸਿੰਘ ਨੇ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੇਰਾ ਘਰ ਮੇਰੇ ਨਾਮ ਸਕੀਮ ਦਾ ਮੁੱਖ ਉਦੇਸ਼ ਪਿੰਡਾਂ ਵਿੱਚ ਰਹਿੰਦੇ ਲੋਕਾਂ ਨੂੰ ਉਨ੍ਹਾਂ ਦੇ ਰਹਾਇਸ਼ੀ ਮਕਾਨਾਂ ਦੀ ਕਾਨੂੰਨੀ ਮਲਕੀਅਤ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਆਪਣੇ ਹੱਕਾਂ ਪ੍ਰਤੀ ਨਿਸ਼ਚਿੰਤ ਹੋ ਸਕਣ ਅਤੇ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਵਾਦ ਤੋਂ ਬਚ ਸਕਣ।

ਉਨ੍ਹਾਂ ਕਿਹਾ ਕਿ ਇਹ ਸਕੀਮ ਪਿੰਡਾਂ ਦੇ ਵਿਕਾਸ ਅਤੇ ਆਮ ਲੋਕਾਂ ਦੀ ਭਲਾਈ ਵੱਲ ਇੱਕ ਮਹੱਤਵਪੂਰਨ ਕਦਮ ਹੈ, ਜਿਸ ਨਾਲ ਪਿੰਡਾਂ ਵਿੱਚ ਰਹਿੰਦੇ ਲੋਕਾਂ ਨੂੰ ਕਾਨੂੰਨੀ ਸੁਰੱਖਿਆ ਦੇ ਨਾਲ-ਨਾਲ ਆਰਥਿਕ ਮਜ਼ਬੂਤੀ ਵੀ ਮਿਲੇਗੀ। ਉਨ੍ਹਾਂ ਲਾਭਪਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸਕੀਮ ਦਾ ਪੂਰਾ ਲਾਭ ਲੈਣ ਅਤੇ ਹੋਰ ਯੋਗ ਵਿਅਕਤੀਆਂ ਨੂੰ ਵੀ ਇਸ ਬਾਰੇ ਜਾਗਰੂਕ ਕਰਨ।

ਇਸ ਸਮਾਗਮ ਦੌਰਾਨ ਨਾਇਬ ਤਹਿਸੀਲਦਾਰ ਅਮਰਗੜ ਹਰੀਸ਼ ਕੁਮਾਰ, ਸੀਨੀਅਰ ਲੀਡਰ ਆਮ ਆਦਮੀ ਪਾਰਟੀ ਕੁਲਵੰਤ ਸਿੰਘ ਅਤੇ ਸਰਪੰਚ ਪਿੰਡ ਚੰਦੂਰਾਈਆ ਬਲਵਿੰਦਰ ਸਿੰਘ ਸਮੇਤ ਪੰਚਾਇਤ ਮੈਂਬਰ ਅਤੇ ਪਿੰਡ ਦੇ ਮਹੋਤਬਰ ਵੀ ਮੌਜੂਦ ਸਨ।

ਸਮਾਗਮ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਸਕੀਮ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਵੀ ਸਾਂਝੀ ਕੀਤੀ ਗਈ ਅਤੇ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ ਗਿਆ।

## ਵਿਧਾਇਕ ਸੰਗਰੂਰ ਨੇ ਪਿੰਡ ਮਹਿਸਮਪੁਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸੰਗਤ ਦੀ ਬੱਸ ਨੂੰ ਕੀਤਾ ਰਵਾਨਾ



**ਸੰਗਰੂਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਜ਼ਿਲ੍ਹੇ ਦੇ ਪਿੰਡ ਮਹਿਸਮਪੁਰ ਵਿੱਚ ਅੱਜ ਖੁਸ਼ੀ ਅਤੇ ਆਸਥਾ ਦਾ ਮਾਹੌਲ ਉਸ ਵੇਲੇ ਵੇਖਣ ਨੂੰ ਮਿਲਿਆ ਜਦੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਸੰਗਤ ਦੀ ਬੱਸ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਪਿੰਡ ਦੇ ਵੱਡੇ-ਬਜ਼ੁਰਗ, ਮਹਿਲਾਵਾਂ ਅਤੇ ਨੌਜਵਾਨ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਅਤੇ ਯਾਤਰਾ 'ਤੇ ਜਾਣ ਵਾਲੀ ਸੰਗਤ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਵਿਧਾਇਕ ਸੰਗਰੂਰ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਇਹ ਸਕੀਮ ਆਮ ਲੋਕਾਂ ਲਈ ਵੱਡੀ ਸਹੂਲਤ ਬਣ ਕੇ ਸਾਹਮਣੇ ਆਈ ਹੈ। ਕਈ ਲੋਕ ਜਿਹੜੇ ਸਾਲਾਂ ਤੋਂ ਤੀਰਥ ਦਰਸ਼ਨਾਂ ਦੀ ਇੱਛਾ ਰੱਖਦੇ ਸਨ, ਹੁਣ ਉਹ ਆਸਾਨੀ ਨਾਲ ਆਪਣੇ ਧਾਰਮਿਕ ਅਸਥਾਨਾਂ 'ਤੇ ਜਾ ਰਹੇ ਹਨ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦਾ ਦਿਲੋਂ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਇਹ ਯੋਜਨਾ ਸ਼ੁਰੂ ਕੀਤੀ।

ਇਸ ਮੌਕੇ ਵਿਧਾਇਕ ਸੰਗਰੂਰ ਪਿੰਡ ਮਹਿਸਮਪੁਰ ਵਿੱਚ ਬੱਸ ਅੱਡਾ ਬਣਾਉਣ ਲਈ ਪੰਚਾਇਤ ਨੂੰ 4 ਲੱਖ ਰੁਪਏ ਦੀ ਗ੍ਰਾਂਟ ਦਾ ਚੈਕ ਦਿੱਤਾ। ਪਿੰਡ ਦੀ ਪੰਚਾਇਤ ਨੇ ਧੰਨਵਾਦ ਕਰਦਿਆ ਕਿਹਾ ਕਿ ਇਸ ਨਾਲ ਆਵਾਜਾਈ ਦੀ ਸਹੂਲਤ ਹੋਰ ਬਿਹਤਰ ਹੋਵੇਗੀ ਅਤੇ ਰੋਜ਼ਾਨਾ ਦੇ ਕੰਮਾਂ ਵਿੱਚ ਸੁਵਿਧਾ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਪਿੰਡਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਕੰਮ ਕਰ ਰਹੀ ਹੈ। ਛੋਟੇ-ਛੋਟੇ ਕੰਮਾਂ ਤੋਂ ਲੈ ਕੇ ਵੱਡੇ ਪ੍ਰੋਜੈਕਟਾਂ ਤੱਕ, ਹਰ ਪੱਧਰ 'ਤੇ ਬਦਲਾਅ ਨਜ਼ਰ ਆ ਰਿਹਾ ਹੈ।

ਇਸ ਮੌਕੇ ਵਲੰਟੀਅਰ, ਪੰਚਾਇਤ ਮੈਂਬਰ ਅਤੇ ਪਿੰਡ ਦੇ ਵਾਸੀ ਹਾਜ਼ਰ ਰਹੇ, ਜਿਨ੍ਹਾਂ ਵੱਲੋਂ ਸੰਗਤ ਨੂੰ ਰਵਾਨਾ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸਰਕਾਰ ਦੇ ਉਪਰਾਲਿਆਂ ਦੀ ਸਰਾਹਨਾ ਕੀਤੀ ਗਈ।

## ਹਰਪਾਲ ਸਿੰਘ ਚੀਮਾ ਨੇ ਰਿਕਾਰਡ ਮਾਲੀਆ ਵਾਧੇ ਦਰਮਿਆਨ ਆਬਕਾਰੀ ਅਤੇ ਕਰ ਵਿਭਾਗ ਦੀ ਇਨਫੋਰਸਮੈਂਟ ਨੂੰ ਹੁਲਾਰਾ ਦੇਣ ਲਈ 25 ਨਵੇਂ ਵਾਹਨਾਂ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

**ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਆਬਕਾਰੀ ਅਤੇ ਕਰ ਵਿਭਾਗ ਦੀ ਕਾਰਜਸ਼ੀਲ ਗਤੀਸ਼ੀਲਤਾ ਅਤੇ ਇਨਫੋਰਸਮੈਂਟ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਲਈ 25 ਨਵੀਆਂ ਬਲੈਰੋ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਫੀਲਡ ਵਿੱਚ ਮੌਜੂਦਗੀ ਵਿੱਚ ਕਾਫ਼ੀ ਵਾਧਾ ਹੋਵੇਗਾ, ਟੈਕਸ ਚੋਰੀ ਨੂੰ ਨੱਥ ਪਾਈ ਜਾਵੇਗੀ, ਅਤੇ ਪੰਜਾਬ ਸਰਕਾਰ ਲਈ ਮਾਲੀਆ ਇਕੱਤਰ ਕਰਨ ਨੂੰ ਹੁਲਾਰਾ ਮਿਲੇਗਾ।

ਪ੍ਰੈਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਅੱਜ ਸਾਡੇ ਸੂਬਾ ਪ੍ਰਸ਼ਾਸਨ ਲਈ ਇੱਕ ਅਹਿਮ ਕਦਮ ਹੈ ਕਿਉਂਕਿ ਅਸੀਂ ਆਬਕਾਰੀ ਅਤੇ ਕਰ ਵਿਭਾਗ ਦੀ ਕਾਰਜਸ਼ੀਲ ਗਤੀਸ਼ੀਲਤਾ ਅਤੇ ਇਨਫੋਰਸਮੈਂਟ ਸਮਰੱਥਾਵਾਂ ਨੂੰ ਮਹੱਤਵਪੂਰਨ ਢੰਗ ਨਾਲ ਵਧਾਉਣ ਲਈ ਅਧਿਕਾਰਤ ਤੌਰ 'ਤੇ 25 ਨਵੇਂ ਬਲੈਰੋ ਵਾਹਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਹੈ।

ਜ਼ਮੀਨੀ ਪੱਧਰ 'ਤੇ ਕਾਰਵਾਈਆਂ ਨੂੰ ਮਜ਼ਬੂਤ ਕਰਨ ਅਤੇ ਵਿਆਪਕ ਭੂਗੋਲਿਕ ਪਹੁੰਚ ਦੀ ਲੋੜ 'ਤੇ ਜ਼ੋਰ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ, ਵੱਧ ਤੋਂ ਵੱਧ ਭੂਗੋਲਿਕ ਕਵਰੇਜ ਅਤੇ ਕਾਰਜਸ਼ੀਲ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ, ਵਿਭਾਗ ਨੇ ਲਗਭਗ 2.21 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਇਹ 25 ਬਲੈਰੋ ਵਾਹਨ ਖਰੀਦੇ ਹਨ। ਇਹਨਾਂ ਵਾਹਨਾਂ ਨੂੰ ਵੱਖ-ਵੱਖ ਜ਼ਿਲ੍ਹਿਆਂ, ਇਨਫੋਰਸਮੈਂਟ ਵਿੰਗਾਂ ਅਤੇ ਸਾਡੀਆਂ ਮਹੱਤਵਪੂਰਨ ਮੋਬਾਈਲ ਯੂਨਿਟਾਂ ਵਿੱਚ ਤਾਇਨਾਤ ਕੀਤਾ ਜਾਵੇਗਾ।

ਪੰਜਾਬ ਦੇ ਵਿੱਤ ਨੂੰ ਮਜ਼ਬੂਤ ਕਰਨ ਵਿੱਚ ਵਿਭਾਗ ਦੁਆਰਾ ਨਿਭਾਈ ਗਈ ਅਹਿਮ ਭੂਮਿਕਾ ਨੂੰ ਉਜਾਗਰ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਆਬਕਾਰੀ ਅਤੇ ਕਰ ਵਿਭਾਗ ਪੂਰੇ ਸੂਬੇ ਵਿੱਚ ਟੈਕਸ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਵਿੱਤੀ ਸਾਲ 2025-26 ਦੌਰਾਨ, ਵਿਭਾਗ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਪਿਛਲੇ ਵਿੱਤੀ ਸਾਲ 2024-25 ਦੇ ਮੁਕਾਬਲੇ ਟੈਕਸ ਉਗਰਾਹੀ ਵਿੱਚ ਸਿਹਤਮੰਦ ਵਾਧਾ ਦਰਜ ਕੀਤਾ ਗਿਆ।



ਮਜ਼ਬੂਤ ਮਾਲੀਆ ਵਾਧੇ ਦਾ ਵੇਰਵਾ ਦਿੰਦੇ ਹੋਏ, ਉਨ੍ਹਾਂ ਕਿਹਾ, ਕੁੱਲ ਟੈਕਸ ਮਾਲੀਏ ਵਿੱਚ ਸਾਲ-ਦਰ-ਸਾਲ ਮਜ਼ਬੂਤ ਵਾਧਾ ਦੇਖਣ ਨੂੰ ਮਿਲਿਆ ਹੈ। ਕੁੱਲ ਜੀ.ਐਸ.ਟੀ. ਕੁਲੈਕਸ਼ਨ 11.87% ਵੱਧ ਕੇ 24,799.18 ਕਰੋੜ ਰੁਪਏ ਤੋਂ 27,744.05 ਕਰੋੜ ਰੁਪਏ ਹੋ ਗਈ ਹੈ, ਜਦੋਂ ਕਿ ਸ਼ੁੱਧ ਜੀ.ਐਸ.ਟੀ. ਕੁਲੈਕਸ਼ਨ 12.52% ਦੇ ਵਾਧੇ ਨਾਲ 23,642.08 ਕਰੋੜ ਰੁਪਏ ਤੋਂ 26,601.12 ਕਰੋੜ ਰੁਪਏ ਹੋ ਗਈ ਹੈ। ਇਸੇ ਤਰ੍ਹਾਂ, ਸਾਡੇ ਆਬਕਾਰੀ ਮਾਲੀਏ ਵਿੱਚ 9.15% ਦਾ ਵਾਧਾ ਹੋਇਆ ਹੈ, ਜੋ 2024-25 ਵਿੱਚ 10,752.80 ਕਰੋੜ ਰੁਪਏ ਦੇ ਮੁਕਾਬਲੇ 11,736.57 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।

ਇਨਫੋਰਸਮੈਂਟ ਦੇ ਨਤੀਜਿਆਂ ਵਿੱਚ ਹੋਏ ਵੱਡੇ ਸੁਧਾਰ ਨੂੰ ਰੇਖਾਂਕਿਤ ਕਰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਇੱਕ ਸ਼ਾਨਦਾਰ ਪ੍ਰਾਪਤੀ ਇਨਫੋਰਸਮੈਂਟ ਗਤੀਵਿਧੀਆਂ ਵਿੱਚ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟਸ ਦੀ ਬੇਮਿਸਾਲ ਕਾਰਗੁਜ਼ਾਰੀ ਰਹੀ ਹੈ। ਵਿੱਤੀ ਸਾਲ 2024-25 ਵਿੱਚ, ਸੜਕੀ ਚੈਕਿੰਗ ਅਤੇ ਨਿਰੀਖਣਾਂ ਰਾਹੀਂ ਲਗਾਇਆ ਗਿਆ ਕੁੱਲ ਜੁਰਮਾਨਾ 321.04 ਕਰੋੜ ਰੁਪਏ ਸੀ।

ਵਿੱਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ, ਮੈਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਵਿੱਤੀ ਸਾਲ 2025-26 ਵਿੱਚ ਇਹ ਤੇਜ਼ੀ ਨਾਲ ਵੱਧ ਕੇ 1,384.09 ਕਰੋੜ ਰੁਪਏ ਹੋ ਗਿਆ ਹੈ, ਜੋ ਜੁਰਮਾਨਾ ਲਗਾਉਣ ਵਿੱਚ ਚਾਰ ਗੁਣਾ ਤੋਂ ਵੱਧ ਅਤੇ ਵਸੂਲੀ ਵਿੱਚ ਲਗਭਗ ਛੇ ਗੁਣਾ ਵਾਧਾ ਦਰਸਾਉਂਦਾ ਹੈ। ਇਹ ਵੱਡਾ ਸੁਧਾਰ ਸਾਡੇ ਵਿਭਾਗ ਦੀ ਲਗਨ, ਕੁਸ਼ਲਤਾ ਅਤੇ ਮਜ਼ਬੂਤ ਜ਼ਮੀਨੀ-ਪੱਧਰੀ ਇਨਫੋਰਸਮੈਂਟ ਯਤਨਾਂ ਨੂੰ ਉਜਾਗਰ ਕਰਦਾ ਹੈ।

ਨਵੇਂ ਸ਼ਾਮਲ ਕੀਤੇ ਫਲੀਟ ਦੀ ਰਣਨੀਤਕ ਮਹੱਤਤਾ ਬਾਰੇ ਦੱਸਦਿਆਂ ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਇਸ ਰਣਨੀਤਕ ਪਹਿਲਕਦਮੀ ਨਾਲ ਸਾਡੇ ਅਧਿਕਾਰੀਆਂ ਦੀ ਫੀਲਡ ਵਿੱਚ ਮੌਜੂਦਗੀ ਦੇ ਕਾਫੀ ਹੱਦ ਤੱਕ ਮਜ਼ਬੂਤ ਹੋਣ ਦੀ ਉਮੀਦ ਹੈ। ਇਹ ਸਿੱਧੇ ਤੌਰ 'ਤੇ ਤੁਰੰਤ ਨਿਰੀਖਣ ਅਤੇ ਜਾਂਚ ਦੇ ਯੋਗ ਬਣਾਵੇਗਾ, ਅੰਤਰ-ਰਾਜੀ ਮਾਲ ਦੀ ਆਵਾਜਾਈ ਦੀ ਸਾਡੀ ਨਿਗਰਾਨੀ ਵਿੱਚ ਸੁਧਾਰ ਕਰੇਗਾ, ਅਤੇ ਟੈਕਸ ਚੋਰੀ ਨੂੰ ਰੋਕਣ ਵਿੱਚ ਸਾਡੀ ਸਮੁੱਚੀ ਪ੍ਰਭਾਵਸ਼ੀਲਤਾ ਨੂੰ ਵਧਾਏਗਾ।

ਉਨ੍ਹਾਂ ਅੱਗੇ ਕਿਹਾ, ਨਤੀਜੇ ਵਜੋਂ, ਇਹ ਅਗਾਂਹਵਧੂ ਕਦਮ ਸਰਕਾਰ ਲਈ ਉੱਚ ਮਾਲੀਆ ਪੈਦਾ ਕਰਨ ਵਿੱਚ ਭਾਰੀ ਯੋਗਦਾਨ ਪਾਵੇਗਾ।

ਵਿਭਾਗ ਦੇ ਭਵਿੱਖਮੁਖੀ ਦ੍ਰਿਸ਼ਟੀਕੋਣ ਦੀ ਰੂਪਰੇਖਾ ਉਲੀਕਦਿਆਂ ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਇਸ ਮਜ਼ਬੂਤ ਫਲੀਟ ਦੇ ਸ਼ਾਮਲ ਹੋਣ ਨਾਲ ਰੀਅਲ-ਟਾਈਮ ਨਿਗਰਾਨੀ, ਤੁਰੰਤ ਕਾਰਵਾਈ ਅਤੇ ਪੂਰੇ ਖੇਤਰ ਵਿੱਚ ਟੈਕਸ ਦੀ ਪਾਲਣਾ ਵਿੱਚ ਸੁਧਾਰ ਲਈ ਵਿਭਾਗ ਦੀ ਸਮਰੱਥਾ ਵਿੱਚ ਹੋਰ ਵਾਧਾ ਹੋਵੇਗਾ। ਅਸੀਂ ਆਉਣ ਵਾਲੇ ਸਾਲਾਂ ਵਿੱਚ ਨਿਰੰਤਰ ਅਤੇ ਬਿਹਤਰ ਕਾਰਜਕੁਸ਼ਲਤਾ ਲਈ ਰਾਹ ਪੱਧਰਾ ਕਰ ਰਹੇ ਹਾਂ, ਅਤੇ ਇਹ ਯਕੀਨੀ ਬਣਾ ਰਹੇ ਹਾਂ ਕਿ ਸਾਡਾ ਟੈਕਸ ਬੁਨਿਆਦੀ ਢਾਂਚਾ ਚੌਕਸ ਰਹੇ ਅਤੇ ਟੈਕਸ ਚੋਰੀ ਨਾਲ ਕੋਈ ਸਮਝੌਤਾ ਨਾ ਹੋਵੇ।

## ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ 'ਚ ਚੱਲ ਰਹੀਆਂ ਸਕੀਮਾਂ, ਪ੍ਰੋਗਰਾਮਾਂ ਅਤੇ ਵਿਕਾਸ ਪ੍ਰੋਜੈਕਟਾਂ ਦੀ ਕੀਤੀ ਸਮੀਖਿਆ




**ਹੁਸ਼ਿਆਰਪੁਰ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹੇ ਵਿਚ ਚੱਲ ਰਹੀਆਂ ਭਲਾਈ ਸਕੀਮਾਂ, ਵਿਕਾਸ ਕਾਰਜਾਂ ਅਤੇ ਪ੍ਰੋਜੈਕਟਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਇਨ੍ਹਾਂ ਕਾਰਜਾਂ ਦੀ ਲਗਾਤਾਰ ਸਮੀਖਿਆ ਕਰਦੇ ਰਹਿਣ ਤਾਂ ਜੋ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਯਕੀਨੀ ਬਣਾਉਣ ਦੇ ਨਾਲ-ਨਾਲ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰਾਂ, ਐਸ.ਡੀ.ਐਮਜ਼ ਦੀ ਮੌਜੂਦਗੀ ਵਿਚ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਤੋਂ ਜਾਣਕਾਰੀ ਹਾਸਲ ਕਰਦਿਆ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਲੋਕ ਮਸਲਿਆਂ ਦੇ ਸਮਾਂਬੱਧ ਨਿਪਟਾਰੇ ਨੂੰ ਤਰਜੀਹ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਪਿੰਡਾਂ ਵਿਚ ਵਿਸ਼ੇਸ਼ ਕੈਂਪ ਲਾ ਕੇ ਕਾਰਡ ਬਣਾਉਣ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 2.60 ਲੱਖ ਕਾਰਡ ਬਣ ਚੁੱਕੇ ਹਨ ਅਤੇ ਰਹਿੰਦੇ ਪਰਿਵਾਰਾਂ ਦੇ ਵੀ ਕਾਰਡ ਜਲਦੀ ਬਣਨਗੇ ਕਿਉਂਕਿ ਇਸ ਕਾਰਜ ਲਈ ਲੋੜੀਂਦੀ ਗਿਣਤੀ ਵਿਚ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਐਸ.ਡੀ.ਐਮਜ਼ ਨੂੰ ਨਿਰਦੇਸ਼ ਦਿੱਤੇ ਕਿ ਉਹ ਇਸ ਸਬੰਧੀ ਲੱਗ ਰਹੇ ਕੈਂਪਾਂ ਦੀ ਪ੍ਰਕਿਰਿਆ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਨ। ਜ਼ਿਲ੍ਹੇ 'ਚ ਸ਼ੁਰੂ ਹੋਵੇਗੀ ਡਰੱਗ ਅਤੇ ਸਮਾਜਿਕ-ਆਰਥਿਕ ਜਨਗਣਨਾ: ਡੀ.ਸੀ.ਨੇ ਅਧਿਕਾਰੀਆਂ ਤੋਂ ਡਰੱਗ ਅਤੇ ਸਮਾਜਿਕ-ਆਰਥਿਕ ਜਨਗਣਨਾ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਜ਼ਿਲ੍ਹੇ ਵਿਚ ਇਹ ਪ੍ਰਕਿਰਿਆ ਜਲਦ ਸ਼ੁਰੂ ਹੋਣ ਜਾ ਰਹੀ ਹੈ ਜਿਸ ਲਈ ਗਿਣਤੀਕਾਰਾਂ ਨੂੰ ਸਮੁੱਚੀ ਪ੍ਰਕਿਰਿਆ ਬਾਰੇ ਜਾਣੂ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਇਹ ਪ੍ਰਕਿਰਿਆ ਮੋਬਾਇਲ ਫੋਨਾਂ 'ਤੇ ਵਿਸ਼ੇਸ਼ ਐਪ ਰਾਹੀਂ ਮੁਕੰਮਲ ਹੋਵੇਗੀ ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਨਜਿੱਠਣ ਲਈ ਢੁਕਵੇਂ ਪ੍ਰਬੰਧ ਕਰਨ ਦੇ ਨਿਰਦੇਸ਼ : ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅਧਿਕਾਰੀਆਂ ਨੂੰ ਕਿਹਾ ਕਿ ਹੜ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਸਮੇਂ ਸਿਰ ਪੁਖਤਾ ਪ੍ਰਬੰਧ ਅਮਲ ਵਿਚ ਲਿਆਂਦੇ ਜਾਣ ਤਾਂ ਜੋ ਕਿਸੇ ਵੀ ਹੰਗਾਮੀ ਹਾਲਤ ਦਾ ਮੁਕਾਬਲਾ ਕੀਤਾ ਜਾ ਸਕੇ। ਉਨ੍ਹਾਂ ਨੇ ਐਸ.ਡੀ.ਐਮਜ਼ ਨੂੰ ਸੰਵੇਦਨਸ਼ੀਲ ਥਾਵਾਂ ਦਾ ਸਮੇਂ ਸਿਰ ਦੌਰਾ ਕਰਕੇ ਲੋੜੀਂਦੇ ਪ੍ਰਬੰਧਾਂ ਨੂੰ ਅਮਲੀ ਜਾਮਾਂ ਪਹਿਨਾਉਣ ਦੀ ਤਾਕੀਦ ਕੀਤੀ। ਡਿਪਟੀ ਕਮਿਸ਼ਨਰ ਨੇ ਟਾਂਡਾ ਦੇ ਪਿੰਡ ਰੜਾ ਵਿਖੇ ਗਾਈਡ ਬੰਨ੍ਹ ਬਣਾਉਣ ਦੀ ਪ੍ਰਕਿਰਿਆ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਇਸ ਸਬੰਧ ਵਿਚ ਕਾਰਵਾਈ ਨੂੰ ਹੋਰ ਤੇਜ਼ ਕੀਤਾ ਜਾਵੇ। ਇਸੇ ਤਰ੍ਹਾਂ ਪਿੰਡ ਮੋਤਲਾ-ਮਹਿਤਾਬਪੁਰ ਵਿਖੇ ਦਰਿਆ ਬਿਆਸ ਦੇ ਖੱਬੇ ਪਾਸੇ ਨਵਾਂ ਬੰਨ੍ਹ ਬਣਾਉਣ ਲਈ ਅਲਾਈਨਮੈਂਟ ਅਤੇ ਹੋਰ ਗਤੀਵਿਧੀਆਂ ਲਈ ਸਬੰਧਨ ਐਸ.ਡੀ.ਐਮ ਨੂੰ ਕਾਰਵਾਈ ਦੇ ਨਿਰਦੇਸ਼ ਦਿੱਤੇ।

## ਪੀ.ਐਸ.ਐਫ.ਸੀ. ਵੱਲੋਂ ਵਾਤਾਵਰਣ ਅਨੁਕੂਲ ਢੰਗਾਂ ਨਾਲ ਚੌਲਾਂ ਦੀ ਕਾਸ਼ਤ 'ਚ ਪ੍ਰਗਤੀ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਵਿਸ਼ੇ 'ਤੇ ਇੱਕ ਰੋਜ਼ਾ ਅੰਤਰਰਾਸ਼ਟਰੀ ਸਿੰਪੋਜ਼ੀਅਮ ਦਾ ਆਯੋਜਨ

**ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ (ਪੀ.ਐਸ.ਐਫ.ਸੀ.) ਨੇ ਹੋਟਲ ਸ਼ਿਵਾਲਿਕ ਵਿਊ, ਚੰਡੀਗੜ੍ਹ ਵਿਖੇ ਵਾਤਾਵਰਣ ਅਨੁਕੂਲ ਢੰਗਾਂ ਨਾਲ ਚੌਲਾਂ ਦੀ ਕਾਸ਼ਤ 'ਚ ਪ੍ਰਗਤੀ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ- ਪੰਜਾਬ ਵਿੱਚ ਚੌਲਾਂ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਦੀਆਂ ਸੰਭਾਵਨਾਵਾਂ ਨੂੰ ਖੋਲ੍ਹਣ ਵਿਸ਼ੇ 'ਤੇ ਇੱਕ ਰੋਜ਼ਾ ਅੰਤਰਰਾਸ਼ਟਰੀ ਸਿੰਪੋਜ਼ੀਅਮ ਦਾ ਆਯੋਜਨ ਕੀਤਾ, ਜਿਸ ਵਿੱਚ ਟਿਕਾਊ ਢੰਗ ਤਰੀਕਿਆਂ ਨਾਲ ਚੌਲਾਂ ਦੀ ਕਾਸ਼ਤ ਦੇ ਭਵਿੱਖ 'ਤੇ ਵਿਚਾਰ-ਵਟਾਂਦਰਾ ਕਰਨ ਲਈ ਵੱਖ-ਵੱਖ ਮਾਹਿਰ, ਨੀਤੀ ਘਾੜੇ, ਵਿਗਿਆਨੀ ਅਤੇ ਅਗਾਂਹ ਵਧੂ ਕਿਸਾਨ ਸ਼ਾਮਲ ਹੋਏ। ਇਸ ਸਿੰਪੋਜ਼ੀਅਮ ਦਾ ਉਦੇਸ਼ ਝੋਨੇ ਦੀ ਕਾਸ਼ਤ ਵਿੱਚ ਉੱਭਰ ਰਹੀਆਂ ਚੁਣੌਤੀਆਂ, ਖਾਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣ, ਵਧਦੀ ਲਾਗਤ ਅਤੇ ਖਰਾਬ ਮੌਸਮੀ ਹਾਲਾਤਾਂ ਆਦਿ ਦੇ ਹੱਲ ਲੱਭਣਾ ਅਤੇ ਰਵਾਇਤੀ ਢੰਗ-ਤਰੀਕਿਆਂ ਦੇ ਇੱਕ ਵਿਹਾਰਕ ਬਦਲ ਵਜੋਂ ਚੌਲਾਂ ਦੀ ਸਿੱਧੀ ਬਿਜਾਈ (ਡੀਐਸਆਰ) ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰਨਾ ਸੀ।




ਇਸ ਸਿੰਪੋਜ਼ੀਅਮ ਵਿੱਚ ਵਿਸ਼ੇਸ਼ ਮਹਿਮਾਨਾਂ ਵਜੋਂ ਡਾ. ਸਤਬੀਰ ਸਿੰਘ ਗੋਸਲ, ਵਾਈਸ ਚਾਂਸਲਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ; ਡਾ. ਜਤਿੰਦਰ ਪਾਲ ਸਿੰਘ ਗਿੱਲ, ਵਾਈਸ ਚਾਂਸਲਰ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ; ਡਾ. ਵਰਿੰਦਰ ਕੁਮਾਰ, ਰਿਸਰਚ ਡਾਇਰੈਕਟਰ, ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ - ਸਾਊਥ ਏਸ਼ੀਆ ਰਿਸਰਚ ਸੈਂਟਰ, ਵਾਰਾਣਸੀ; ਡਾ. ਟੀ.ਐਨ. ਪ੍ਰਕਾਸ਼ ਕਮਰਦੀ, ਸਾਬਕਾ ਚੇਅਰਮੈਨ, ਕਰਨਾਟਕ ਐਗਰੀਕਲਚਰਲ ਪ੍ਰਾਈਸ ਕਮਿਸ਼ਨ (ਕੇਏਪੀਸੀ), ਬੰਗਲੂਰੂ; ਡਾ. ਪੁਸ਼ਪਿੰਦਰਪਾਲ ਸਿੰਘ, ਪ੍ਰੋਜੈਕਟ ਡਾਇਰੈਕਟਰ, ਏਡਬਲਯੂਏਡੀਐਚ, ਆਈਆਈਟੀ ਰੋਪੜ; ਅਤੇ ਡਾ. ਵਿਨੈ ਸਿੰਘ, ਪ੍ਰਤੀਨਿਧੀ, ਐਫਏਓ ਸੰਯੁਕਤ ਰਾਸ਼ਟਰ ਸ਼ਾਮਲ ਸਨ।

ਮਾਹਿਰਾਂ ਨੇ ਟਿਕਾਊ ਢੰਗ-ਤਰੀਕਿਆਂ ਨਾਲ ਚੌਲਾਂ ਦੀ ਕਾਸ਼ਤ, ਤਕਨੀਕੀ ਨਵੀਨਤਾਵਾਂ ਅਤੇ ਪਾਣੀ ਤੇ ਜਲਵਾਯੂ ਚੁਣੌਤੀਆਂ ਦੇ ਹੱਲ ਲਈ ਡੀਐਸਆਰ ਦੀ ਭੂਮਿਕਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਡੀਐਸਆਰ 'ਤੇ ਵਿਚਾਰ-ਵਟਾਂਦਰਾ ਕਰਦਿਆਂ ਇਸਨੂੰ ਅਪਨਾਉਣ ਦੇ ਫਾਇਦਿਆਂ ਅਤੇ ਵਿਹਾਰਕ ਚੁਣੌਤੀਆਂ ਨੂੰ ਉਜਾਗਰ ਕੀਤਾ। ਡਾ. ਕੁਲਵਿੰਦਰ ਸਿੰਘ ਗਿੱਲ ਨੇ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਨਾਲ ਇੱਕ ਆਗਾਮੀ ਸਹਿਯੋਗੀ ਪ੍ਰੋਜੈਕਟ 'ਤੇ ਚਾਨਣਾ ਪਾਇਆ ਜਿਸਦਾ ਉਦੇਸ਼ ਪਰਾਲੀ ਸਾੜਨ ਦੇ ਲੰਬੇ ਸਮੇਂ ਦੇ ਹੱਲ ਨੂੰ ਵਿਕਸਤ ਕਰਨ ਲਈ ਝੋਨੇ ਦੇ ਜੈਨੇਟਿਕਸ ਨੂੰ ਸੋਧਣਾ ਹੈ। ਡਾ. ਗੁਰਦੇਵ ਸਿੰਘ ਖੁਸ਼ ਨੇ ਸਿੰਪੋਜ਼ੀਅਮ ਦੇ ਆਯੋਜਨ ਅਤੇ ਇਸ ਮਹੱਤਵਪੂਰਨ ਮੁੱਦੇ 'ਤੇ ਵੱਖ-ਵੱਖ ਹਿੱਸੇਦਾਰਾਂ ਨੂੰ ਇਕੱਠੇ ਕਰਨ ਵਿੱਚ ਕਮਿਸ਼ਨ ਦੇ ਯਤਨਾਂ ਦੀ ਸ਼ਲਾਘਾ ਕੀਤੀ। ੀ ਹਰਚੰਦ ਸਿੰਘ ਬਰਸਟ ਨੇ ਪੰਜਾਬ ਖੇਤੀਬਾੜੀ, 2026 ਸਿਰਲੇਖ ਵਾਲੀ ਇੱਕ ਪਾਕੇਟ ਡੇਟਾ ਕਿਤਾਬ ਜਾਰੀ ਕੀਤੀ, ਜੋ ਕਮਿਸ਼ਨ ਵੱਲੋਂ ਇੱਕ ਵਿਆਪਕ ਖੇਤੀਬਾੜੀ ਡੇਟਾ ਬੈਂਕ ਸਥਾਪਤ ਕਰਨ ਦੇ ਉਦੇਸ਼ ਨਾਲ ਆਪਣੇ ਚੱਲ ਰਹੇ ਯਤਨਾਂ ਦੇ ਹਿੱਸੇ ਵਜੋਂ ਤਿਆਰ ਕੀਤੀ ਗਈ ਹੈ। ਪਐਸਐਫਸੀ ਦੇ ਚੇਅਰਮੈਨ, ਪ੍ਰੋ. (ਡਾ.) ਸੁਖਪਾਲ ਸਿੰਘ ਨੇ ਪੰਜਾਬ ਦੇ ਖੇਤੀਬਾੜੀ ਮਾਹੌਲ ਖਾਸ ਕਰਕੇ ਚੌਲਾਂ ਦੇ ਉਤਪਾਦਨ ਅਤੇ ਖੁਰਾਕ ਸੁਰੱਖਿਆ ਉੱਪਰ ਇਸਦੇ ਪ੍ਰਭਾਵਾਂ 'ਤੇ ਕੇਂਦਰਿਤ ਵਿਸਤ੍ਰਿਤ ਜਾਣਕਾਰੀ ਪੇਸ਼ ਕੀਤੀ। ਉਨ੍ਹਾਂ ਨੇ ਮੌਜੂਦਾ ਫਸਲੀ ਪੈਟਰਨਾਂ ਦੀ ਸਥਿਰਤਾ, ਡੀਐਸਆਰ ਦੀ ਭੂਮਿਕਾ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਨੂੰ ਵਾਤਾਵਰਣ ਸਬੰਧੀ ਚੁਣੌਤੀਆਂ ਨਾਲ ਸੰਤੁਲਿਤ ਕਰਨ ਦੀ ਲੋੜ ਬਾਰੇ ਮਹੱਤਵਪੂਰਨ ਸਵਾਲ ਉਠਾਏ, ਜਿਸ ਨੇ ਸਿੰਪੋਜ਼ੀਅਮ ਦੌਰਾਨ ਕੇਂਦਰਿਤ ਵਿਚਾਰ-ਵਟਾਂਦਰੇ ਲਈ ਮੰਚ ਤਿਆਰ ਕੀਤਾ।

ਸਿੰਪੋਜ਼ੀਅਮ ਵਿੱਚ ਡੀਐਸਆਰ ਨੂੰ ਅਪਣਾਉਣ ਦੇ ਮਹੱਤਵਪੂਰਨ ਪਹਿਲੂਆਂ ਨੂੰ ਕਵਰ ਕਰਦਿਆਂ ਚਾਰ ਥੀਮੈਟਿਕ ਪੈਨਲ ਚਰਚਾਵਾਂ ਹੋਈਆਂ। ਡਾ. ਮੱਖਣ ਸਿੰਘ ਭੁੱਲਰ, ਡਾਇਰੈਕਟਰ ਆਫ਼ ਐਕਸਟੈਂਸ਼ਨ ਐਜੂਕੇਸ਼ਨ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀਏਯੂ) ਦੀ ਪ੍ਰਧਾਨਗੀ ਹੇਠ ਪਹਿਲੇ ਤਕਨੀਕੀ ਪੈਨਲ ਨੇ ਡਾ. ਅਜਮੇਰ ਸਿੰਘ ਢੱਟ, ਡਾਇਰੈਕਟਰ ਰਿਸਰਚ, ਪੀਏਯੂ, ਲੁਧਿਆਣਾ ਸਮੇਤ ਪ੍ਰਮੁੱਖ ਮਾਹਰਾਂ ਨੂੰ ਇਕੱਠਾ ਕੀਤਾ; ਜਿਨ੍ਹਾਂ ਵਿੱਚ ਡਾ. ਕੁਲਦੀਪ ਸਿੰਘ, ਸਾਬਕਾ ਡਾਇਰੈਕਟਰ, ਨੈਸ਼ਨਲ ਬਿਊਰੋ ਆਫ਼ ਪਲਾਂਟ ਜੈਨੇਟਿਕ ਰਿਸੋਰਸਿਜ਼ (ਐਨਬੀਪੀਜੀਆਰ) ਅਤੇ ਮੁਖੀ, ਜੀਨਬੈਂਕ, ਆਈਸੀਆਰਆਈਐਸਏਟੀ, ਹੈਦਰਾਬਾਦ; ਡਾ. ਗੋਪਾਲ ਕ੍ਰਿਸ਼ਨ, ਵਿਗਿਆਨੀ, ਨੈਸ਼ਨਲ ਇੰਸਟੀਚਿਊਟ ਆਫ਼ ਹਾਈਡ੍ਰੋਲੋਜੀ, ਰੁੜਕੀ; ਡਾ. ਆਸ਼ੀਸ਼, ਵਿਗਿਆਨੀ, ਆਈਸੀਏਆਰ-ਏਟੀਏਆਰਆਈ, ਲੁਧਿਆਣਾ; ਡਾ. ਧਰਮਿੰਦਰ ਭਾਟੀਆ, ਪ੍ਰੋਫੈਸਰ, ਸਕੂਲ ਆਫ਼ ਬਾਇਓਟੈਕਨਾਲੋਜੀ, ਪੀਏਯੂ, ਲੁਧਿਆਣਾ; ਸ਼੍ਰੀ ਨਵੀਨ ਕੁਮਾਰ, ਲੀਡ ਐਗਰੋਨੌਮਿਸਟ, ਗ੍ਰੋਇੰਡੀਗੋ, ਨਵੀਂ ਦਿੱਲੀ; ਡਾ. ਜਤਿੰਦਰ ਸਿੰਘ, ਖੇਤੀਬਾੜੀ ਅਰਥਸ਼ਾਸਤਰੀ, ਸੀਆਰਆਰਆਈਡੀ, ਚੰਡੀਗੜ੍ਹ; ਡਾ. ਵਰਿੰਦਰ ਕੁਮਾਰ; ਅਤੇ ਡਾ. ਸਤਬੀਰ ਸਿੰਘ ਗੋਸਲ ਆਦਿ।

# ਮੁੱਖ ਮੰਤਰੀ ਨੇ ਹਾਲੈਂਡ ਦੇ ਮਹਾਨ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਕੀਤੀ ਮੁਲਾਕਾਤ; ਪੰਜਾਬ ਦੇ ਅਥਲੀਟਾਂ ਨੂੰ ਸਿਖਲਾਈ ਦੇਣ ਦਾ ਦਿੱਤਾ ਸੱਦਾ

➢ ਫਲੋਰਿਸ ਜਾਨ ਬੋਵਲੈਂਡਰ ਨੇ ਪੰਜਾਬ ਆਉਣ ਦਾ ਸੱਦਾ ਕੀਤਾ ਸਵੀਕਾਰ, ਪੰਜਾਬ ਦੀ ਹਾਕੀ ਨੂੰ ਨਵੀਆਂ ਉਚਾਈਆਂ ਉੱਤੇ ਲੈ ਜਾਣ ਲਈ ਅਥਲੀਟਾਂ ਨੂੰ ਦੇਣਗੇ ਸਿਖਲਾਈ ➢ ਬੋਵਲੈਂਡਰ ਦਾ ਤਜਰਬਾ ਏਸ਼ੀਆ ਹਾਕੀ ਚੈਂਪੀਅਨਸ਼ਿਪ ਤੋਂ ਪਹਿਲਾਂ ਪੰਜਾਬ ਦੇ ਨੌਜਵਾਨ ਖਿਡਾਰੀਆਂ ਨੂੰ ਉਤਸ਼ਾਹਤ ਕਰੇਗਾ

**ਹਾਲੈਂਡ/ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹਾਲੈਂਡ ਦੇ ਮਸ਼ਹੂਰ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਵਿੱਚ ਹਾਕੀ ਨੂੰ ਹੋਰ ਮਜ਼ਬੂਤ ਕਰਨ, ਖ਼ਾਸ ਕਰ ਕੇ ਵੱਕਾਰੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਤਿਆਰੀ ਲਈ ਉਨ੍ਹਾਂ ਦੀ ਮੁਹਾਰਤ ਦਾ ਲਾਹਾ ਲੈਣ ਦੀ ਪੇਸ਼ਕਸ਼ ਕੀਤੀ। ਵਿਸਤਾਰ ਨਾਲ ਹੋਈ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਹਾਕੀ ਅਤੇ ਖੇਡਾਂ ਦੇ ਵਿਆਪਕ ਵਾਤਾਵਰਨ ਬਾਰੇ ਚਰਚਾ ਕੀਤੀ, ਕੌਮੀ ਖੇਡ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਸਰਕਾਰ ਦੀ ਵਚਨਬੱਧਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਫਲੋਰਿਸ ਜਾਨ ਬੋਵਲੈਂਡਰ ਦੇ ਅਸਾਧਾਰਨ ਹੁਨਰ ਅਤੇ ਹਾਕੀ ਵਿੱਚ ਅਥਾਹ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਫਲੋਰਿਸ ਦਾ ਸ਼ਾਨਦਾਰ ਕਰੀਅਰ ਦੁਨੀਆ ਭਰ ਦੇ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਿਤ ਕਰਦਾ ਹੈ।



ਉਲੰਪੀਅਨ ਬੋਵਲੈਂਡਰ ਨੂੰ ਪੰਜਾਬ ਆਉਣ ਦਾ ਸੱਦਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਖਿਡਾਰੀਆਂ ਦੇ ਹੁਨਰ ਨੂੰ ਹੋਰ ਤਰਾਸ਼ਣ ਲਈ ਪੰਜਾਬ ਇਸ ਗੱਲ ਦਾ ਇੱਛੁਕ ਹੈ ਕਿ ਫਲੋਰਿਸ ਪੰਜਾਬ ਦੇ ਅਥਲੀਟਾਂ ਨੂੰ ਸਿਖਲਾਈ ਦੇਣ। ਉਨ੍ਹਾਂ ਕਿਹਾ, ਪੰਜਾਬ ਖੇਡ ਪ੍ਰਤਿਭਾ ਨੂੰ ਨਿਖਾਰਨ ਅਤੇ ਹਾਕੀ ਨੂੰ ਨਵੀਆਂ ਉਚਾਈਆਂ ’ਤੇ ਲੈ ਜਾਣ ਲਈ ਵਚਨਬੱਧ ਹੈ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਆਪਣੇ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਕਰੇਗਾ, ਜੋ ਸੂਬੇ ਦੇ ਖੇਡ ਵਾਤਾਵਰਨ ਲਈ ਵੱਡਾ ਮੀਲ ਪੱਥਰ ਹੈ।

ਆਉਣ ਵਾਲੇ ਕੌਮਾਂਤਰੀ ਮੁਕਾਬਲਿਆਂ ਦੀ ਮਹੱਤਤਾ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਏਸ਼ਿਆਈ ਖੇਡਾਂ ਅਕਤੂਬਰ ਦੇ ਸ਼ੁਰੂ ਵਿੱਚ ਸਮਾਪਤ ਹੋਣਗੀਆਂ, ਜਿਸ ਤੋਂ ਬਾਅਦ ਚੋਟੀ ਦੀਆਂ ਛੇ ਟੀਮਾਂ ਚੈਂਪੀਅਨਜ਼ ਟਰਾਫ਼ੀ ਵਿੱਚ ਹਿੱਸਾ ਲੈਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਚਾਰ ਦੇਸ਼ਾਂ ਦੇ ਇਸ ਟੂਰਨਾਮੈਂਟ ਦੀ ਪ੍ਰਵਾਨਗੀ ਨਾਲ ਪੰਜਾਬ ਦੀ ਸਥਿਤੀ ਵਿਸ਼ਵ ਪੱਧਰ ਉੱਤੇ ਹਾਕੀ ਹੱਬ ਵਜੋਂ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ, ਦਹਾਕਿਆਂ ਤੋਂ ਭਾਰਤੀ ਹਾਕੀ ਵਿੱਚ ਪੰਜਾਬੀਆਂ ਦੀ ਮਜ਼ਬੂਤ ਮੌਜੂਦਗੀ ਦੇ ਬਾਵਜੂਦ ਪੰਜਾਬ ਨੇ ਹੁਣ ਤੱਕ ਕਦੇ ਵੀ ਕਿਸੇ ਵੱਡੇ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਦੀ ਮੇਜ਼ਬਾਨੀ ਨਹੀਂ ਕੀਤੀ। ਹੁਣ ਇਹ ਇਕ ਇਤਿਹਾਸਕ ਤਬਦੀਲੀ ਹੈ।

ਪੰਜਾਬ ਅਤੇ ਹਾਕੀ ਵਿਚਾਲੇ ਡੂੰਘਾ ਸਬੰਧ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਅਟੁੱਟ ਰਿਸ਼ਤਾ ਹੈ। ਉਨ੍ਹਾਂ ਕਿਹਾ, ਪੰਜਾਬੀ ਖਿਡਾਰੀਆਂ ਤੋਂ ਬਿਨਾਂ ਭਾਰਤੀ ਹਾਕੀ ਦੀ ਕਲਪਨਾ ਕਰਨੀ ਅਸੰਭਵ ਹੈ। ਪੰਜਾਬ ਦੇ 50 ਤੋਂ ਵੱਧ ਖਿਡਾਰੀਆਂ ਨੇ ਉਲੰਪਿਕ ਤਗਮੇ ਜਿੱਤੇ ਹਨ ਅਤੇ 10 ਪੰਜਾਬੀ ਖਿਡਾਰੀਆਂ ਨੇ ਉਲੰਪਿਕ ਵਿੱਚ ਭਾਰਤ ਦੀ ਕਪਤਾਨੀ ਕੀਤੀ ਹੈ।

ਪੰਜਾਬ ਦੀ ਅਮੀਰ ਵਿਰਾਸਤ ’ਤੇ ਜ਼ੋਰ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸੰਸਾਰਪੁਰ, ਖੁਸਰੋਪੁਰ ਅਤੇ ਮਿੱਠਾਪੁਰ ਵਰਗੇ ਪਿੰਡਾਂ ਨੇ ਮਿਲ ਕੇ 20 ਤੋਂ ਵੱਧ ਉਲੰਪੀਅਨ ਪੈਦਾ ਕੀਤੇ ਹਨ। ਉਨ੍ਹਾਂ ਨੇ ਹਾਲੀਆ ਪ੍ਰਾਪਤੀਆਂ ’ਤੇ ਹੋਰ ਚਾਨਣਾ ਪਾਇਆ ਅਤੇ ਕਿਹਾ ਕਿ ਟੋਕੀਓ 2020 ਉਲੰਪਿਕ ਵਿੱਚ ਭਾਰਤ ਦਾ ਕਾਂਸੀ ਦਾ ਤਗਮਾ 41 ਸਾਲਾਂ ਦੇ ਵਕਫ਼ੇ ਤੋਂ ਬਾਅਦ ਆਇਆ, ਜਿਸ ਵਿੱਚ ਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਵਿੱਚ ਨੌਂ ਪੰਜਾਬੀ ਖਿਡਾਰੀ ਸ਼ਾਮਲ ਸਨ। ਉਨ੍ਹਾਂ ਅੱਗੇ ਕਿਹਾ, ਪੈਰਿਸ 2024 ਉਲੰਪਿਕ ਵਿੱਚ ਵੀ ਭਾਰਤ ਨੇ ਇਕ ਹੋਰ ਕਾਂਸੀ ਦਾ ਤਗਮਾ ਹਾਸਲ ਕੀਤਾ, ਜਿਸ ਵਿੱਚ 10 ਪੰਜਾਬੀ ਖਿਡਾਰੀ ਸ਼ਾਮਲ ਸਨ, ਜਿੱਥੇ ਹਰਮਨਪ੍ਰੀਤ ਸਿੰਘ ਨੇ ਕਪਤਾਨ ਵਜੋਂ ਟੀਮ ਦੀ ਅਗਵਾਈ ਕੀਤੀ ਅਤੇ ਸਭ ਤੋਂ ਵੱਧ ਸਕੋਰ ਕਰਨ ਵਾਲੇ ਖਿਡਾਰੀ ਵਜੋਂ ਉੱਭਰਿਆ। ਆਪਣੇ ਐਕਸ ਪਲੇਟਫਾਰਮ ਉੱਤੇ ਮੀਟਿੰਗ ਦੇ ਕੁਝ ਅੰਸ਼ ਸਾਂਝੇ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਨੀਦਰਲੈਂਡ ਵਿੱਚ ਉਲੰਪੀਅਨ ਫਲੋਰਿਸ ਜਾਨ ਬੋਵਲੈਂਡਰ ਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ, ਜੋ ਆਪਣੇ ਅਸਾਧਾਰਨ ਹੁਨਰ ਅਤੇ ਖੇਡ ਵਿੱਚ ਆਪਣੇ ਯੋਗਦਾਨ ਲਈ ਜਾਣਿਆ ਜਾਂਦਾ ਹੈ। ਉਸ ਦਾ ਸ਼ਾਨਦਾਰ ਕਰੀਅਰ ਅਤੇ ਤਜਰਬਾ ਸਾਡੇ ਨੌਜਵਾਨ ਖਿਡਾਰੀਆਂ ਨੂੰ ਬਹੁਤ ਪ੍ਰੇਰਿਤ ਕਰੇਗਾ। ਫਲੋਰਿਸ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਗਿਆ, ਜਿਸ ਨੂੰ ਉਸ ਨੇ ਖਿੜੇ ਮੱਥੇ ਸਵੀਕਾਰ ਕੀਤਾ। ਉਹ ਆਗਾਮੀ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਤੋਂ ਪਹਿਲਾਂ ਸਾਡੇ ਖਿਡਾਰੀਆਂ ਨਾਲ ਜੁੜਨ ਅਤੇ ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਵਚਨਬੱਧ ਹੈ। ਪੰਜਾਬ ਖੇਡ ਪ੍ਰਤਿਭਾ ਨੂੰ ਨਿਖਾਰਨ ਅਤੇ ਹਾਕੀ ਨੂੰ ਨਵੀਆਂ ਉਚਾਈਆਂ ’ਤੇ ਲੈ ਜਾਣ ਲਈ ਦ੍ਰਿੜ੍ਹ ਹੈ।

# ਦਿੱਲੀ-ਐੱਨਸੀਆਰ ਦੇ ਹੋਟਲ ਅਤੇ ਜ਼ੀਰਕਪੁਰ ਕਲੱਬ ’ਤੇ ਹਮਲੇ ਦੀ ਸਾਜ਼ਿਸ਼ ਨਾਕਾਮ, 2 ਗ੍ਰਿਫ਼ਤਾਰ

## ਪੰਜਾਬ ਖੇਤਰ ਦੇ ਪ੍ਰਮੁੱਖ ਸਥਾਨਾਂ ’ਤੇ ਫਾਇਰਿੰਗ, ਗ੍ਰਨੇਡ ਹਮਲੇ ਅਤੇ ਮਿੱਥ ਕੇ ਕਤਲ (ਟਾਰਗੇਟ ਕਿਲਿੰਗ) ਕਰਨ ਦੀ ਸਾਜ਼ਿਸ਼ ਨੂੰ ਨਾਕਾਮ

**ਨਵੀਂ ਦਿੱਲੀ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਵੱਡੇ ਖੁਫੀਆ ਆਪਰੇਸ਼ਨ ਵਿੱਚ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਪਾਕਿਸਤਾਨ ਅਧਾਰਤ ਗੈਂਗਸਟਰ ਅਤੇ ਆਈਐਸਆਈ ਦੇ ਗੁਰਗੇ ਸ਼ਹਿਜ਼ਾਦ ਭੱਟੀ ਦੇ ਇਸ਼ਾਰੇ ’ਤੇ ਕੰਮ ਕਰਨ ਵਾਲੇ ਦੋ ਕਰਿੰਦਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਨਾਲ ਦਿੱਲੀ-ਐੱਨ ਸੀ ਆਰ ਅਤੇ ਪੰਜਾਬ ਖੇਤਰ ਦੇ ਪ੍ਰਮੁੱਖ ਸਥਾਨਾਂ ’ਤੇ ਫਾਇਰਿੰਗ, ਗ੍ਰਨੇਡ ਹਮਲੇ ਅਤੇ ਮਿੱਥ ਕੇ ਕਤਲ (ਟਾਰਗੇਟ ਕਿਲਿੰਗ) ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ ਹੈ।

ਮੁਲਜ਼ਮਾਂ ਦੀ ਪਛਾਣ ਰਾਜਵੀਰ (21), ਵਾਸੀ ਡਾਬਰਾ, ਜ਼ਿਲ੍ਹਾ ਗਵਾਲੀਅਰ (ਮੱਧ ਪ੍ਰਦੇਸ਼) ਅਤੇ ਵਿਵੇਕ ਬੰਨਜਾਰਾ (19), ਵਾਸੀ ਗਵਾਲੀਅਰ ਵਜੋਂ ਹੋਈ ਹੈ।

ਡਿਪਟੀ ਕਮਿਸ਼ਨਰ ਆਫ਼ ਪੁਲੀਸ (ਸਪੈਸ਼ਲ ਸੈੱਲ) ਪ੍ਰਵੀਨ ਕੁਮਾਰ ਤ੍ਰਿਪਾਠੀ ਨੇ ਇੱਕ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਇਹ ਜੋੜੀ ਇੱਕ ਅਪਰਾਧਿਕ ਮਾਡਿਊਲ ਦਾ ਹਿੱਸਾ ਸੀ ਜਿਸ ਨੂੰ ਦਿੱਲੀ-ਐੱਨਸੀਆਰ ਦੇ ਪ੍ਰਮੁੱਖ ਹੋਟਲਾਂ ਅਤੇ ਪੰਜਾਬ ਦੇ ਜ਼ੀਰਕਪੁਰ ਵਿੱਚ ਇੱਕ ਕਲੱਬ ਸਮੇਤ ਖਾਸ ਨਿਸ਼ਾਨਿਆਂ ’ਤੇ ਹਮਲੇ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਡੀਸੀਪੀ ਨੇ ਦੱਸਿਆ ਕਿ ਰਾਜਵੀਰ ਨੂੰ 18 ਅਪਰੈਲ ਨੂੰ ਦਿੱਲੀ ਦੇ ਸਰਾਏ ਕਾਲੇ ਖਾਨ ਇਲਾਕੇ ਤੋਂ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਹ ਕਥਿਤ ਤੌਰ ’ਤੇ ਇੱਕ ਪ੍ਰਮੁੱਖ ਹੋਟਲ ’ਤੇ ਗੋਲੀਬਾਰੀ ਕਰਨ ਦੀ ਤਿਆਰੀ ਕਰ ਰਿਹਾ ਸੀ। ਉਸ ਦੇ ਕਬਜ਼ੇ ਵਿੱਚੋਂ ਇੱਕ ਪਿਸਤੌਲ ਅਤੇ ਛੇ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਇਸ ਤੋਂ ਪਹਿਲਾਂ ਵਿਵੇਕ ਬੰਜਾਰਾ ਨੂੰ ਖੁਫੀਆ ਜਾਣਕਾਰੀ ਦੇ ਆਧਾਰ ’ਤੇ 16 ਅਪਰੈਲ ਨੂੰ ਡਾਬਰਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਦੀ ਪੁੱਛਗਿੱਛ ਤੋਂ ਬਾਅਦ ਰਾਜਵੀਰ ਦੀ ਪਛਾਣ ਹੋਈ ਅਤੇ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਪੁਲੀਸ ਅਧਿਕਾਰੀ ਨੇ ਦੱਸਿਆ ਕਿ ਰਾਜਵੀਰ ਨੂੰ ਸ਼ਹਿਜ਼ਾਦ ਭੱਟੀ ਦੇ ਇੱਕ ਸਾਥੀ, ਜਿਸ ਦੀ ਪਛਾਣ ’ਰਾਣਾ ਭਾਈ’ ਵਜੋਂ ਹੋਈ ਹੈ, ਨੇ ਸੋਸ਼ਲ ਮੀਡੀਆ ਰਾਹੀਂ ਭਰਤੀ ਕੀਤਾ ਸੀ।

ਬਾਅਦ ਵਿੱਚ ਰਾਜਵੀਰ ਹੀ ਵਿਵੇਕ ਨੂੰ ਇਸ ਨੈੱਟਵਰਕ ਵਿੱਚ ਲੈ ਕੇ ਆਇਆ ਸੀ। ਮਾਰਚ 2026 ਵਿੱਚ ਹੈਂਡਲਰ ਨੇ ਕਥਿਤ ਤੌਰ ’ਤੇ ਰਾਜਵੀਰ ਨੂੰ ਹਥਿਆਰਾਂ ਦਾ ਪ੍ਰਬੰਧ ਕਰਨ ਲਈ ਕਿਹਾ। ਇਸ ਮਕਸਦ ਲਈ ਵਿਵੇਕ ਨੂੰ ਅਹਿਮਦਾਬਾਦ ਭੇਜਿਆ ਗਿਆ ਸੀ, ਪਰ ਉੱਥੇ ਹਥਿਆਰਾਂ ਦੀ ਡਿਲੀਵਰੀ ਨਹੀਂ ਹੋ ਸਕੀ। ਅਧਿਕਾਰੀ ਨੇ ਦੱਸਿਆ ਕਿ ਭੱਟੀ ਨੇ ਉੱਥੇ ਵਿਵੇਕ ਦੇ ਰਹਿਣ ਲਈ 5,000 ਰੁਪਏ ਦਾ ਪ੍ਰਬੰਧ ਵੀ ਕੀਤਾ ਸੀ।

9 ਅਪਰੈਲ ਨੂੰ, ਹਦਾਇਤਾਂ ’ਤੇ ਕਾਰਵਾਈ ਕਰਦੇ ਹੋਏ, ਦੋਵੇਂ ਮੁਲਜ਼ਮ ਅੰਮ੍ਰਿਤਸਰ ਗਏ ਜਿੱਥੇ ਉਨ੍ਹਾਂ ਨੂੰ ਇੱਕ ਪਿਸਤੌਲ, 15-20 ਜ਼ਿੰਦਾ ਕਾਰਤੂਸ ਅਤੇ 20,000 ਰੁਪਏ ਮਿਲੇ। ਪੁਲੀਸ ਨੇ ਦੱਸਿਆ ਕਿ ਇਹ ਹਥਿਆਰ ਜ਼ੀਰਕਪੁਰ ਦੇ ਇੱਕ ਕਲੱਬ ’ਤੇ ਹਮਲੇ ਲਈ ਸੀ, ਜਿਸ ਨੂੰ ਕਥਿਤ ਤੌਰ ’ਤੇ ਭੱਟੀ ਵੱਲੋਂ ਫਿਰੌਤੀ ਦੀਆਂ ਧਮਕੀਆਂ ਮਿਲੀਆਂ ਸਨ।

ਅਧਿਕਾਰੀ ਨੇ ਦੱਸਿਆ ਕਿ 11 ਅਪਰੈਲ ਨੂੰ ਰਾਜਵੀਰ ਨੇ ਕਲੱਬ ’ਤੇ ਗੋਲੀਬਾਰੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਪਿਸਤੌਲ ਵਿੱਚ ਤਕਨੀਕੀ ਨੁਕਸ ਕਾਰਨ ਇਹ ਕੋਸ਼ਿਸ਼ ਨਾਕਾਮ ਰਹੀ। ਵਿਵੇਕ ਨੇ ਕਥਿਤ ਤੌਰ ’ਤੇ ਇਸ ਘਟਨਾ ਦੀ ਵੀਡੀਓ ਰਿਕਾਰਡ ਕੀਤੀ ਤਾਂ ਜੋ ਆਪਣੇ ਹੈਂਡਲਰ ਨੂੰ ਭੇਜੀ ਜਾ ਸਕੇ। ਅਸਫਲ ਕੋਸ਼ਿਸ਼ ਤੋਂ ਬਾਅਦ, ਰਾਜਵੀਰ ਨੇ ਹਥਿਆਰ ਨੂੰ ਕਿਸੇ ਅਣਪਛਾਤੀ ਜਗ੍ਹਾ ’ਤੇ ਛੁਪਾ ਦਿੱਤਾ ਅਤੇ ਉਸ ਦੀ ਲੋਕੇਸ਼ਨ ਭੱਟੀ ਨਾਲ ਸਾਂਝੀ ਕੀਤੀ। ਬਾਅਦ ਵਿੱਚ ਉਹ ਫਰੀਦਕੋਟ ਗਿਆ, ਜਿੱਥੇ ਉਸ ਨੂੰ ਇੱਕ ਹੋਰ ਪਿਸਤੌਲ ਅਤੇ ਛੇ ਜ਼ਿੰਦਾ ਕਾਰਤੂਸ ਮਿਲੇ।

ਉਹ ਦਿੱਲੀ-ਐੱਨਸੀਆਰ ਦੇ ਇੱਕ ਪ੍ਰਮੁੱਖ ਹੋਟਲ ਨੂੰ ਨਿਸ਼ਾਨਾ ਬਣਾਉਣ ਲਈ ਵਾਪਸ ਦਿੱਲੀ ਆਇਆ ਸੀ ਪਰ ਯੋਜਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਹੀ ਉਸ ਨੂੰ ਦਬੋਚ ਲਿਆ ਗਿਆ।

ਪਾਕਿਸਤਾਨ ਅਧਾਰਤ ਹੈਂਡਲਰਾਂ ਅਤੇ ਸਥਾਨਕ ਕਰਿੰਦਿਆਂ ਦੀ ਸ਼ਮੂਲੀਅਤ ਵਾਲੀ ਇੱਕ ਵਿਆਪਕ ਸਾਜ਼ਿਸ਼ ਬਾਰੇ ਖੁਫੀਆ ਜਾਣਕਾਰੀ ਦੇ ਆਧਾਰ ’ਤੇ, ਇਹ ਕੇਸ 31 ਮਾਰਚ ਨੂੰ ਭਾਰਤੀ ਨਿਆ ਸੰਹਿਤਾ (BNS) ਦੀ ਧਾਰਾ 61(2) ਤਹਿਤ ਦਰਜ ਕੀਤਾ ਗਿਆ ਸੀ।

# IPL ਸੱਟੇਬਾਜ਼ੀ ਦੇ ਅੰਤਰਰਾਸ਼ਟਰੀ ਨੈੱਟਵਰਕ ’ਤੇ ਵੱਡੀ ਕਾਰਵਾਈ: 42 ਲੱਖ ਫ੍ਰੀਜ਼, ਹੁਣ ED ਦੀ ਰਾਡਾਰ ’ਤੇ ਸੱਟੇਬਾਜ਼

**ਲੁਧਿਆਣਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖੰਨਾ ’ਚ ਆਈਪੀਐਲ ਸੱਟੇਬਾਜ਼ੀ ਰੈਕੇਟ ਦੇ ਮਾਮਲੇ ’ਚ ਪੁਲਿਸ ਨੇ ਮੁਲਜ਼ਮਾਂ ਦੇ ਬੈਂਕ ਖਾਤਿਆਂ ’ਚ ਜਮ੍ਹਾ ਕਰੀਬ 42 ਲੱਖ ਰੁਪਏ ਫ੍ਰੀਜ਼ ਕਰ ਦਿੱਤੇ ਹਨ। ਮੁੱਢਲੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਇਹ ਪੈਸਾ ਸੱਟੇਬਾਜ਼ੀ ਨਾਲ ਜੁੜਿਆ ਹੋਇਆ ਹੈ। ਪੁਲਿਸ ਰਿਮਾਂਡ ਦੌਰਾਨ ਜਾਂਚ ਤੋਂ ਪਤਾ ਲੱਗਾ ਕਿ ਇਹ ਗਿਰੋਹ ਸਥਾਨਕ ਪੱਧਰ ਤੱਕ ਸੀਮਤ ਨਹੀਂ ਸੀ, ਬਲਕਿ ਖੰਨਾ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਇਕ ਅੰਤਰਰਾਸ਼ਟਰੀ ਸੱਟੇਬਾਜ਼ੀ ਨੈੱਟਵਰਕ ਚਲਾ ਰਿਹਾ ਸੀ। ਕਰੋੜਾਂ ਰੁਪਏ ਦੀ ਗੈਰਕਾਨੂੰਨੀ ਕਮਾਈ ਦੇ ਸੰਕੇਤ ਵੀ ਮਿਲ ਰਹੇ ਹਨ। ਈਡੀ ਇਸ ਮਾਮਲੇ ਦੀ ਜਾਂਚ ਕਰ ਸਕਦੀ ਹੈ।

ਪੁਲਿਸ ਨੇ ਇਸ ਮਾਮਲੇ ’ਚ ਸੱਟੇਬਾਜ਼ ਰਾਜਾ ਦਿਨੇਸ਼ ਛਾਬੜਾ, ਉਸ ਦੇ ਭਰਾ ਕਰਨ ਛਾਬੜਾ ਅਤੇ ਦੋ ਸਾਥੀਆਂ ਮਹਿੰਦਰ ਸਿੰਘ ਰਾਜਾ ਅਤੇ ਨਰੇਸ਼ ਕੁਮਾਰ ਬੰਟੀ ਨੂੰ ਗ੍ਰਿਫਤਾਰ ਕੀਤਾ ਹੈ। ਪੁੱਛਗਿੱਛ ’ਚ ਕਈ ਅਹਿਮ ਖੁਲਾਸੇ ਹੋਏ ਹਨ। ਦੱਸਣਯੋਗ ਹੈ ਕਿ 12 ਅਪ੍ਰੈਲ ਨੂੰ ਸਾਈਬਰ ਪੁਲਿਸ ਨੇ 44,000 ਰੁਪਏ ਨਕਦੀ, 11 ਮੋਬਾਈਲ ਫੋਨ ਅਤੇ ਇਕ ਲੈਪਟਾਪ ਬਰਾਮਦ ਕੀਤਾ ਸੀ। ਮੁਲਜ਼ਮ ਲੋਕਾਂ ਨੂੰ ਆਨਲਾਈਨ ਸੱਟੇਬਾਜ਼ੀ ਦੇ ਜਾਲ ਵਿੱਚ ਫਸਾਉਂਦੇ ਸਨ। ਈਡੀ ਹੁਣ ਮੁਲਜ਼ਮਾਂ ਦੀਆਂ ਜਾਇਦਾਦਾਂ, ਬੈਂਕ ਲੈਣ-ਦੇਣ ਅਤੇ ਸੰਭਾਵਿਤ ਵਿਦੇਸ਼ੀ ਕੁਨੈਕਸ਼ਨਾਂ ਦੀ ਪੂਰੀ ਜਾਂਚ ਕਰ ਸਕਦੀ ਹੈ। ਜੇ ਠੋਸ ਸਬੂਤ ਮਿਲ ਜਾਂਦੇ ਹਨ ਤਾਂ ਮਨੀ ਲਾਂਡਰਿੰਗ ਦੇ ਤਹਿਤ ਕਾਰਵਾਈ ਵੀ ਸੰਭਵ ਹੈ।

# ਗਰਮੀ ਵਧਣ ਦੇ ਨਾਲ ਬਿਜਲੀ ਦੀ ਮੰਗ ਨੇ ਫੜੀ ਰ਼ਫਤਾਰ

**ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਤਾਪਮਾਨ ਵਿੱਚ ਆ ਰਹੇ ਵਾਧੇ ਕਾਰਨ ਪੰਜਾਬ ਵਿੱਚ ਬਿਜਲੀ ਦੀ ਮੰਗ ਲਗਾਤਾਰ ਵਧਣ ਲੱਗੀ ਹੈ। ਅਪਰੈਲ ਦੇ ਪਹਿਲੇ ਦੋ ਹ਼ਫਤਿਆਂ ਵਿੱਚ ਮੌਸਮ ਠੰਢਾ ਰਹਿਣ ਕਾਰਨ ਬਿਜਲੀ ਦੀ ਮੰਗ ਘੱਟ ਰਹੀ ਸੀ। ਐੱਨ ਆਰ ਐੱਲ ਡੀ ਸੀ (NRLDC) ਦੇ ਰੋਜ਼ਾਨਾ ਅੰਕੜਿਆਂ ਅਨੁਸਾਰ 20 ਅਪਰੈਲ ਨੂੰ ਬਿਜਲੀ ਦੀ ਵੱਧ ਤੋਂ ਵੱਧ ਮੰਗ 9360 ਮੈਗਾਵਾਟ ਰਹੀ, ਜਿਸ ਦੀ ਸਪਲਾਈ 1798 ਲੱਖ ਯੂਨਿਟ ਸੀ। ਐੱਨ ਆਰ ਐੱਲ ਡੀ ਸੀ (ਉੱਤਰੀ ਖੇਤਰੀ ਲੋਡ ਡਿਸਪੈਚ ਸੈਂਟਰ) ਗ੍ਰਿਡ-ਇੰਡੀਆ (ਪਹਿਲਾਂ ਪੋਸੋਕੋ) ਦੇ ਅਧੀਨ ਕੰਮ ਕਰਨ ਵਾਲੀ ਇੱਕ ਮਹੱਤਵਪੂਰਨ, ਸਰਕਾਰੀ ਸੰਸਥਾ ਹੈ ਜੋ ਭਾਰਤ ਦੇ ਉੱਤਰੀ ਖੇਤਰ ਵਿੱਚ ਪਾਵਰ ਗ੍ਰਿਡ ਦੇ ਭਰੋਸੇਯੋਗ ਅਤੇ ਸੁਰੱਖਿਅਤ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ। ਰਣਜੀਤ ਸਾਗਰ ਡੈਮ ਪ੍ਰੋਜੈਕਟ, ਮੁਕੇਰੀਆਂ ਅਤੇ ਯੂ ਬੀ ਡੀ ਸੀ (UBDC) ਘੱਟ ਮੰਗ ਕਾਰਨ ਇਸ ਵੇਲੇ ਕੰਮ ਨਹੀਂ ਕਰ ਰਹੇ ਹਨ, ਪਰ ਝੋਨੇ ਦੇ ਸੀਜ਼ਨ ਦੀ ਸ਼ੁਰੂਆਤ ਤੋਂ ਬਾਅਦ ਇਨ੍ਹਾਂ ਦੀ ਸਰਗਰਮੀ ਵਧ ਜਾਵੇਗੀ।

# ਮੋਦੀ ਖਿਲਾਫ 18 ਅਪ੍ਰੈਲ ਦੇ ਭਾਸ਼ਣ ਨੂੰ ਲੈ ਕੇ ਵਿਸ਼ੇਸ਼ ਅਧਿਕਾਰ ਮਤਾ ਪੇਸ਼

## ਕੇ.ਸੀ. ਵੇਣੂਗੋਪਾਲ ਨੇ ਲਾਏ ਤਾਕਤ ਦੀ ਦੁਰਵਰਤੋਂ ਦੇ ਦੋਸ਼

**ਨਵੀਂ ਦਿੱਲੀ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਦੇ 18 ਅਪਰੈਲ ਨੂੰ ਕੌਮ ਦੇ ਨਾਂ ਦਿੱਤੇ ਗਏ ਟੈਲੀਵਿਜ਼ਨ ਸੰਬੋਧਨ ਨੂੰ ਲੈ ਕੇ ਉਨ੍ਹਾਂ ਵਿਰੁੱਧ ਇੱਕ ਵਿਸ਼ੇਸ਼ ਅਧਿਕਾਰ ਮਤਾ (Privilege Motion) ਪੇਸ਼ ਕੀਤਾ ਗਿਆ ਹੈ।



ਕਾਂਗਰਸ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਮੈਂਬਰ ਕੇ.ਸੀ. ਵੇਣੂਗੋਪਾਲ ਨੇ ਦੋਸ਼ ਲਾਇਆ ਹੈ ਕਿ ਭਾਸ਼ਣ ਦੌਰਾਨ ਕੀਤੀਆਂ ਗਈਆਂ ਟਿੱਪਣੀਆਂ ਸੰਸਦ ਮੈਂਬਰਾਂ ਦੇ ਇਰਾਦਿਆਂ ’ਤੇ ਸਵਾਲ ਚੁੱਕਣ ਅਤੇ ਸੰਸਦੀ ਵਿਸ਼ੇਸ਼ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੇ ਬਰਾਬਰ ਹਨ।

ਲੋਕ ਸਭਾ ਸਪੀਕਰ ਨੂੰ ਮੰਗਲਵਾਰ ਨੂੰ ਸੌਂਪੇ ਗਏ ਇੱਕ ਵਿਸਤ੍ਰਿਤ ਨੋਟਿਸ ਵਿੱਚ, ਵੇਣੂਗੋਪਾਲ (ਜੋ ਪਬਲਿਕ ਅਕਾਉਂਟਸ ਕਮੇਟੀ ਦੇ ਚੇਅਰਪਰਸਨ ਵੀ ਹਨ) ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਸੰਬੋਧਨ ਸਥਾਪਿਤ ਪਰੰਪਰਾਵਾਂ ਦੇ ਉਲਟ ਸੀ। ਇਹ ਸੰਬੋਧਨ ਉਦੋਂ ਦਿੱਤਾ ਗਿਆ ਜਦੋਂ ਸੰਵਿਧਾਨ (131ਵੀਂ ਸੋਧ) ਬਿੱਲ, 2026, ਸਦਨ ਵਿੱਚ ਲੋੜੀਂਦੀ ਬਹੁਮਤ ਹਾਸਲ ਕਰਨ ਵਿੱਚ ਅਸਫਲ ਰਿਹਾ।

ਵੇਣੂਗੋਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਦੇ ਮੈਂਬਰਾਂ ਦੇ ਵੋਟਿੰਗ ਤਰੀਕੇ ’ਤੇ ਸਿੱਧੀ ਟਿੱਪਣੀ ਕੀਤੀ ਅਤੇ ਉਨ੍ਹਾਂ ਦੇ ਇਰਾਦਿਆਂ ’ਤੇ ਸਵਾਲ ਚੁੱਕੇ। ਉਨ੍ਹਾਂ ਇਸ ਨੂੰ ਵਿਸ਼ੇਸ਼ ਅਧਿਕਾਰਾਂ ਦੀ ਗੰਭੀਰ ਉਲੰਘਣਾ ਅਤੇ ਸਦਨ ਦੀ ਮਾਣਹਾਨੀ ਕਰਾਰ ਦਿੱਤਾ। ਨੋਟਿਸ ਵਿੱਚ ਜ਼ੋਰ ਦਿੱਤਾ ਗਿਆ ਕਿ ਕੌਮ ਦੇ ਨਾਂ ਸੰਬੋਧਨ ਕੌਮੀ ਮਹੱਤਵ ਦੇ ਮੁੱਦਿਆਂ ਲਈ ਹੁੰਦਾ ਹੈ, ਨਾ ਕਿ ਸਿਆਸੀ ਆਲੋਚਨਾ ਲਈ। ਉਨ੍ਹਾਂ ਕਿਹਾ ਕਿ ਸੰਸਦ ਵਿੱਚ ਬਹੁਮਤ ਸਾਬਤ ਨਾ ਕਰ ਸਕਣ ਵਾਲੀ ਸਰਕਾਰ ਦੇ ਪ੍ਰਧਾਨ ਮੰਤਰੀ ਵੱਲੋਂ ਵਿਰੋਧੀ ਧਿਰ ਦੀ ਆਲੋਚਨਾ ਕਰਨਾ ਤਾਕਤ ਦੀ ਸ਼ਰੇਆਮ ਦੁਰਵਰਤੋਂ ਹੈ।

ਵੇਣੂਗੋਪਾਲ ਨੇ ਸਪੱਸ਼ਟ ਕੀਤਾ ਕਿ ਵਿਰੋਧੀ ਧਿਰ ਨੇ 16 ਅਤੇ 17 ਅਪਰੈਲ ਨੂੰ ਇਸ ਬਿੱਲ ਦਾ ਵਿਰੋਧ ਇਸ ਦੀਆਂ ਕੁਝ ਵਿਵਸਥਾਵਾਂ (ਖਾਸ ਕਰਕੇ ਹੱਦਬੰਦੀ ਨਾਲ ਸਬੰਧਤ) ਕਾਰਨ ਕੀਤਾ ਸੀ। ਉਨ੍ਹਾਂ ਯਾਦ ਦਿਵਾਇਆ ਕਿ ਵਿਰੋਧੀ ਧਿਰ ਪਹਿਲਾਂ ਹੀ ਮਹਿਲਾ ਰਾਖਵੇਂਕਰਨ (106ਵੀਂ ਸੋਧ ਐਕਟ, 2023) ਦਾ ਸਮਰਥਨ ਕਰ ਚੁੱਕੀ ਹੈ। ਵੇਣੂਗੋਪਾਲ ਨੇ ਸਪੀਕਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਨੂੰ ਤੁਰੰਤ ਗੰਭੀਰਤਾ ਨਾਲ ਲਿਆ ਜਾਵੇ ਅਤੇ ਇਸ ਨੂੰ ਵਿਸ਼ੇਸ਼ ਅਧਿਕਾਰ ਕਮੇਟੀ ਕੋਲ ਜਾਂਚ ਲਈ ਭੇਜਿਆ ਜਾਵੇ।

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀ ਇਸ ਕਦਮ ਦਾ ਸਮਰਥਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਭਾਸ਼ਣ ਕੌਮੀ ਏਕਤਾ ਦੀ ਬਜਾਏ ਪੱਖਪਾਤੀ ਸਿਆਸਤ ਨਾਲ ਭਰਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਬਿੱਲ ਦੀ ਹਾਰ ਤੋਂ ਬਾਅਦ ਪ੍ਰਧਾਨ ਮੰਤਰੀ ਦੀਆਂ ਇਹ ਟਿੱਪਣੀਆਂ ਉਨ੍ਹਾਂ ਦੇ ਰਿਕਾਰਡ ’ਤੇ ਸਥਾਈ ਦਾਗ ਰਹਿਣਗੀਆਂ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗਾਂ, ਜਾਇਜ਼ ਮੰਗਾਂ ’ਤੇ ਜਲਦੀ ਕਾਰਵਾਈ ਦਾ ਦਿੱਤਾ ਭਰੋਸਾ

**ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਮੁਲਾਜ਼ਮ ਅਤੇ ਵਰਕਰ ਯੂਨੀਅਨਾਂ ਦੇ ਵਫ਼ਦਾਂ ਨਾਲ ਲੜੀਵਾਰ ਮੀਟਿੰਗਾਂ ਕੀਤੀਆਂ, ਜਿੱਥੇ ਉਨ੍ਹਾਂ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਵਿਸਥਾਰ ਨਾਲ ਸੁਣਿਆ ਅਤੇ ਜਾਇਜ਼ ਮਸਲਿਆਂ ਦੇ ਜਲਦ ਹੱਲ ਦਾ ਭਰੋਸਾ ਦਿੱਤਾ। ਮੁਲਾਜ਼ਮਾਂ ਦੀ ਭਲਾਈ ਪ੍ਰਤੀ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਉਨ੍ਹਾਂ ਨੇ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਅਤੇ ਵਿੱਤੀ ਪ੍ਰਵਾਨਗੀ ਦੀ ਲੋੜ ਵਾਲੇ ਮਾਮਲਿਆਂ ਵਿੱਚ ਤਜਵੀਜ਼ਾਂ ਭੇਜਣ ਦੇ ਨਿਰਦੇਸ਼ ਦਿੱਤੇ।

ਇਨ੍ਹਾਂ ਮੀਟਿੰਗਾਂ ਦੌਰਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਰਟ ਐਂਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਲਾਲ ਝੰਡਾ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਅਤੇ ਡੈਮੋਕ੍ਰੇਟਿਕ ਮਿਡ ਡੇ ਮੀਲ ਕੁੱਕ ਫਰੰਟ ਦੇ ਵਫ਼ਦਾਂ ਨਾਲ ਵਿਸਤ੍ਰਿਤ ਗੱਲਬਾਤ ਕੀਤੀ। ਇਸ ਤੋਂ ਇਲਾਵਾ, ਓਵਰਏਜ ਬੇਰੁਜ਼ਗਾਰ ਅਧਿਆਪਕ ਯੂਨੀਅਨ ਅਤੇ ਪੰਜਾਬ ਨੰਬਰਦਾਰ ਯੂਨੀਅਨ ਦੇ ਨੁਮਾਇੰਦਿਆਂ ਨਾਲ ਵੀ ਵਿਆਪਕ ਵਿਚਾਰ-ਵਟਾਂਦਰਾ ਕੀਤਾ।

ਵਿੱਤ ਮੰਤਰੀ ਨੇ ਗੱਲਬਾਤ ਦੌਰਾਨ ਯੂਨੀਅਨ ਆਗੂਆਂ ਵੱਲੋਂ ਉਠਾਏ ਗਏ ਮਸਲਿਆਂ ਅਤੇ ਮੰਗਾਂ ਨੂੰ ਧੀਰਜ, ਹਮਦਰਦੀ ਅਤੇ ਪੂਰੇ ਧਿਆਨ ਨਾਲ ਸੁਣਿਆ। ਵਿਸਤ੍ਰਿਤ ਵਿਚਾਰ-ਵਟਾਂਦਰੇ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਉਜਾਗਰ ਕੀਤੀਆਂ ਗਈਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਫੈਸਲਾਕੁੰਨ ਪ੍ਰਸ਼ਾਸਨਿਕ ਕਦਮ ਚੁੱਕੇ।

ਮੁਲਾਜ਼ਮਾਂ ਦੇ ਮੁੱਦਿਆਂ ਪ੍ਰਤੀ ਹਮਦਰਦੀ ਅਤੇ ਵਿਹਾਰਕ ਪਹੁੰਚ ਅਪਣਾਉਂਦਿਆਂ, ਉਨ੍ਹਾਂ ਨੇ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਦੇ ਅਧਿਕਾਰੀਆਂ ਨੂੰ ਯੂਨੀਅਨਾਂ ਵੱਲੋਂ ਉਠਾਈਆਂ ਗਈਆਂ ਸਾਰੀਆਂ ਜਾਇਜ਼ ਅਤੇ ਤਰਕਸੰਗਤ ਮੰਗਾਂ ਨੂੰ ਪੂਰਾ ਕਰਨ ਲਈ ਤੁਰੰਤ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਇਸ ਤੋਂ ਇਲਾਵਾ, ਜਿਨ੍ਹਾਂ ਮਾਮਲਿਆਂ ਵਿੱਚ ਵਿਸ਼ੇਸ਼ ਵਿੱਤੀ ਪ੍ਰਵਾਨਗੀਆਂ ਦੀ ਲੋੜ ਹੈ, ਉਨ੍ਹਾਂ ਲਈ ਵਿੱਤ ਮੰਤਰੀ ਨੇ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਤੁਰੰਤ ਵਿਚਾਰ ਅਤੇ ਮਨਜ਼ੂਰੀ ਨੂੰ ਯਕੀਨੀ ਬਣਾਉਣ ਲਈ ਵਿੱਤ ਵਿਭਾਗ ਨੂੰ ਵਿਸਤ੍ਰਿਤ ਤਜਵੀਜ਼ਾਂ ਤਿਆਰ ਕਰਕੇ ਭੇਜਣ।

# ਲੁਧਿਆਣਾ ‘ਚ ਖੂਨੀ ਝੜਪ: ਸਿਵਲ ਹਸਪਤਾਲ ਦੇ ਬਾਹਰ ਗੋਲੀਆਂ ਦੀ ਗੂੰਜ, ਸੀਸੀਟੀਵੀ ‘ਚ ਕੈਦ ਹੋਈਆਂ ਹਮਲੇ ਦੀਆਂ ਤਸਵੀਰਾਂ

**ਲੁਧਿਆਣਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਵਿੱਚ ਮੰਗਲਵਾਰ ਤੜਕੇ ਇੱਕ ਵੱਡੀ ਅਤੇ ਖ਼ੂਨੀ ਝੜਪ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਸ਼ਹਿਰ ਦੀ ਕਾਨੂੰਨ-ਵਿਵਸਥਾ ‘ਤੇ ਸਵਾਲ ਖੜੇ ਕਰ ਦਿੱਤੇ ਹਨ। ਸਿਵਲ ਹਸਪਤਾਲ ਦੇ ਬਾਹਰ ਦੋ ਧਿਰਾਂ ਵਿਚਾਲੇ ਹੋਈ ਹਿੰਸਕ ਝੜਪ ਦੌਰਾਨ ਗੋਲੀਆਂ ਚੱਲੀਆਂ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਇਸ ਹਮਲੇ ਵਿੱਚ ਧਰਮਿੰਦਰ ਨਾਮਕ ਇਕ ਨੌਜਵਾਨ ਦੇ ਪੈਰ ਵਿੱਚ ਗੋਲੀ ਲੱਗੀ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ। ਉਸਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਉਸਨੂੰ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ (ਡੀਐਮਸੀ) ਰੈਫਰ ਕਰ ਦਿੱਤਾ। ਪੁਲਿਸ ਜਾਂਚ ਅਨੁਸਾਰ, ਇਸ ਪੂਰੀ ਘਟਨਾ ਦੀ ਸ਼ੁਰੂਆਤ ਕੋਚਰ ਮਾਰਕੀਟ ਦੇ ਨੇੜੇ ਹੋਈ, ਜਿੱਥੇ ਜਵਾਹਰ ਨਗਰ ਕੈਂਪ ਦੇ ਕੋਲ ਕੁਝ ਲੋਕ ਧਾਰਮਿਕ ਯਾਤਰਾ ਲਈ ਬੱਸਾਂ ਦੀ ਤਿਆਰੀ ਕਰ ਰਹੇ ਸਨ। ਇਸ ਦੌਰਾਨ ਦੂਜੇ ਪੱਖ ਦੇ ਕੁਝ ਨੌਜਵਾਨਾਂ ਨਾਲ ਮਾਮੂਲੀ ਤਕਰਾਰ ਹੋ ਗਈ। ਵੇਖਦੇ ਹੀ ਵੇਖਦੇ ਇਹ ਛੋਟਾ ਵਿਵਾਦ ਭਿਆਨਕ ਰੂਪ ਧਾਰਨ ਕਰ ਗਿਆ ਅਤੇ ਦੋਵੇਂ ਪੱਖਾਂ ਵਿਚਾਲੇ ਤਣਾਅ ਵਧ ਗਿਆ।

ਘਟਨਾ ਦੇ ਬਾਅਦ ਜਦੋਂ ਇਕ ਪੱਖ ਇਲਾਜ ਲਈ ਸਿਵਲ ਹਸਪਤਾਲ ਵੱਲ ਰੁਖ ਕਰ ਰਿਹਾ ਸੀ, ਤਾਂ ਦੂਜੇ ਪੱਖ ਦੇ ਹਮਲਾਵਰਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ। ਹਸਪਤਾਲ ਦੇ ਨੇੜੇ ਪਹੁੰਚਦੇ ਹੀ ਹਮਲਾਵਰਾਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਸ਼ਰੇਆਮ ਤਿੰਨ ਰਾਊਂਡ ਫਾਇਰਿੰਗ ਕਰ ਦਿੱਤੀ। ਇਸ ਦੌਰਾਨ ਇਕ ਗੋਲੀ ਸਿੱਧੀ ਧਰਮਿੰਦਰ ਦੇ ਪੈਰ ਵਿੱਚ ਲੱਗੀ, ਜਿਸ ਨਾਲ ਉਹ ਥਾਂ ‘ਤੇ ਹੀ ਡਿੱਗ ਪਿਆ। ਇਸ ਪੂਰੀ ਵਾਰਦਾਤ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ, ਜੋ ਪੁਲਿਸ ਦੇ ਹੱਥ ਲੱਗ ਚੁੱਕੀ ਹੈ।

ਵੀਡੀਓ ਵਿੱਚ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਦੋ ਤੋਂ ਤਿੰਨ ਨੌਜਵਾਨ ਇਕ ਵਿਅਕਤੀ ਨੂੰ ਘੇਰ ਕੇ ਉਸ ‘ਤੇ ਤੇਜ਼ਧਾਰ ਹਥਿਆਰਾਂ ਨਾਲ ਲਗਾਤਾਰ ਹਮਲੇ ਕਰ ਰਹੇ ਹਨ। ਨਾਲ ਹੀ ਗੋਲੀ ਚੱਲਣ ਦੀਆਂ ਆਵਾਜ਼ਾਂ ਵੀ ਸੁਣਾਈ ਦੇ ਰਹੀਆਂ ਹਨ। ਹਾਲਾਂਕਿ ਫਾਇਰਿੰਗ ਕਰਨ ਵਾਲੇ ਮੁਲਜਮਾਂ ਦੇ ਚਿਹਰੇ ਸਾਫ਼ ਨਹੀਂ ਦਿਖ ਰਹੇ, ਜਿਸ ਕਰਕੇ ਉਨ੍ਹਾਂ ਦੀ ਪਛਾਣ ਲਈ ਪੁਲਿਸ ਨੇ ਇਲਾਕੇ ਦੇ ਹੋਰ ਸੀਸੀਟੀਵੀ ਕੈਮਰੇ ਵੀ ਖੰਗਾਲਣੇ ਸ਼ੁਰੂ ਕਰ ਦਿੱਤੇ ਹਨ।

ਪੁਲਿਸ ਅਧਿਕਾਰੀਆਂ ਦੇ ਮੁਤਾਬਕ, ਇਹ ਮਾਮਲਾ ਪੁਰਾਣੀ ਰੰਜਿਸ਼ ਅਤੇ ਅਚਾਨਕ ਵਧੇ ਵਿਵਾਦ ਦਾ ਨਤੀਜਾ ਲੱਗਦਾ ਹੈ। ਫਿਲਹਾਲ ਜ਼ਖਮੀਆਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਮੁਲਜਮਾਂ ਦੀ ਗ੍ਰਿਫਤਾਰੀ ਲਈ ਵੱਖ-ਵੱਖ ਟੀਮਾਂ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

ਇਸ ਘਟਨਾ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸ਼ਹਿਰ ਵਿੱਚ ਗੈਂਗ ਵਾਰ ਅਤੇ ਨਿੱਜੀ ਰੰਜਿਸ਼ਾਂ ਦੇ ਮਾਮਲੇ ਹਾਲੇ ਵੀ ਗੰਭੀਰ ਚੁਣੌਤੀ ਬਣੇ ਹੋਏ ਹਨ। ਲੋਕਾਂ ਵਿੱਚ ਡਰ ਦਾ ਮਾਹੌਲ ਬਣ ਗਿਆ ਹੈ, ਜਦਕਿ ਪੁਲਿਸ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਜਲਦੀ ਹੀ ਮੁਲਜਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਲੇਖਕਾ ਮਧੂ ਕਿਸ਼ਵਰ ਖਿਲਾ਼ਫ ਹੋਈ ਐਫ.ਆਰ.ਆਈ ਦਾ ਨੋਟਿਸ ਦੇਣ ਪਹੁੰਚੀ ਚੰਡੀਗੜ੍ਹ ਪੁਲਿਸ

**ਨਵੀਂ ਦਿੱਲੀ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪੁਲੀਸ ਦੀ ਇੱਕ ਟੀਮ ਮੰਗਲਵਾਰ ਨੂੰ ਲੇਖਕਾ ਅਤੇ ਸਿੱਖਿਆ ਸ਼ਾਸਤਰੀ ਮਧੂ ਕਿਸ਼ਵਰ ਵਿਰੁੱਧ ਦਰਜ ਐੱਫ ਆਈ ਆਰ. (FIR) ਦੇ ਸਬੰਧ ਵਿੱਚ ਨੋਟਿਸ ਦੇਣ ਲਈ ਦਿੱਲੀ ਦੇ ਸਰਿਤਾ ਵਿਹਾਰ ਸਥਿਤ ਉਨ੍ਹਾਂ ਦੇ ਦਫ਼ਤਰ ਪਹੁੰਚੀ। ਚੰਡੀਗੜ੍ਹ ਦੇ ਸੈਕਟਰ 19 ਦੀ ਐੱਸ ਐਚ ਓ (SHO) ਸਰਿਤਾ ਰਾਏ ਨੇ ਦੱਸਿਆ, 19 ਅਪਰੈਲ ਨੂੰ ਸੈਕਟਰ 26 ਦੇ ਪੁਲੀਸ ਸਟੇਸ਼ਨ ਵਿੱਚ ਇੱਕ ਐੱਫ ਆਈ ਆਰ ਦਰਜ ਕੀਤੀ ਗਈ ਹੈ। ਇਹ ਮਾਮਲਾ ਇੱਕ ਟਵੀਟ ਕੀਤੀ ਗਈ ਵੀਡੀਓ ਨਾਲ ਸਬੰਧਤ ਹੈ। ਮਧੂ ਕਿਸ਼ਵਰ ’ਤੇ ਉਸ ਵੀਡੀਓ ਨੂੰ ਰੀ-ਟਵੀਟ ਕਰਨ ਦਾ ਦੋਸ਼ ਹੈ। ਅਸੀਂ ਉਨ੍ਹਾਂ ਨੂੰ 35.3 BNSS ਤਹਿਤ ਨੋਟਿਸ ਦੇਣ ਆਏ ਸੀ। ਉਨ੍ਹਾਂ ਨੂੰ ਪੁਲੀਸ ਸਟੇਸ਼ਨ ਵਿੱਚ ਪੇਸ਼ ਹੋਣ ਲਈ ਨੋਟਿਸ ਦੇ ਦਿੱਤਾ ਗਿਆ ਹੈ। ਪੇਸ਼ੀ ਲਈ ਭਲਕੇ ਦੀ ਤਰੀਕ ਦਿੱਤੀ ਗਈ ਹੈ, ਉਸ ਤੋਂ ਬਾਅਦ ਅਗਲੀ ਕਾਰਵਾਈ ਦੇਖੀ ਜਾਵੇਗੀ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਚੰਡੀਗੜ੍ਹ ਦੇ ਇੱਕ ਨਿਵਾਸੀ ਦੀ ਸ਼ਿਕਾਇਤ ਦੇ ਅਧਾਰ ’ਤੇ ਸਿੱਖਿਆ ਸ਼ਾਸਤਰੀ ਮਧੂ ਕਿਸ਼ਵਰ ਵਿਰੁੱਧ ਸੋਸ਼ਲ ਮੀਡੀਆ ’ਤੇ ਫਰਜ਼ੀ ਅਤੇ ਭਰਮਾਊ ਸਮੱਗਰੀ ਫੈਲਾਉਣ ਦੇ ਦੋਸ਼ ਵਿੱਚ ਮਾਮਲਾ ਦਰਜ ਕੀਤਾ ਗਿਆ ਸੀ।



ਕਿਸ਼ਵਰ ਅਤੇ ਕੁਝ ਹੋਰ ਸੋਸ਼ਲ ਮੀਡੀਆ ਉਪਭੋਗਤਾਵਾਂ ਦੇ ਖ਼ਿਲਾਫ਼ ਭਾਰਤੀ ਨਿਆ ਸੰਹਿਤਾ ਦੀ ਧਾਰਾ 196 (ਧਰਮ, ਜਾਤ, ਭਾਸ਼ਾ ਦੇ ਅਧਾਰ ’ਤੇ ਸਮੂਹਾਂ ਵਿਚਕਾਰ ਦੁਸ਼ਮਣੀ, ਨਫ਼ਰਤ ਜਾਂ ਮੰਦਭਾਵਨਾ ਨੂੰ ਉਤਸ਼ਾਹਿਤ ਕਰਨ ਵਾਲੇ ਕੰਮਾਂ ਨੂੰ ਅਪਰਾਧ ਘੋਸ਼ਿਤ ਕਰਨਾ), 336 (1) (ਜਾਅਲੀ ਦਸਤਾਵੇਜ਼ ਬਣਾਉਣਾ) ਅਤੇ 356 (ਅਪਰਾਧਿਕ ਮਾਣਹਾਨੀ) ਸਮੇਤ ਆਈ.ਟੀ. ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਸੈਕਟਰ-26 ਪੁਲੀਸ ਸਟੇਸ਼ਨ ਵਿੱਚ ਐੱਫ ਆਈ ਆਰ (FIR) ਦਰਜ ਕੀਤੀ ਗਈ ਹੈ।

ਚੰਡੀਗੜ੍ਹ ਪੁਲੀਸ ਵੱਲੋਂ ਸੋਮਵਾਰ ਨੂੰ ਜਾਰੀ ਇੱਕ ਅਧਿਕਾਰਤ ਬਿਆਨ ਅਨੁਸਾਰ ਸ਼ਹਿਰ ਦੇ ਇੱਕ ਸ਼ਿਕਾਇਤਕਰਤਾ ਨੇ 19 ਅਪਰੈਲ ਨੂੰ ਦੋਸ਼ ਲਾਇਆ ਕਿ ਕੁਝ ਫਰਜ਼ੀ ਅਤੇ ਭਰਮਾਊ ਸੋਸ਼ਲ ਮੀਡੀਆ ਪੋਸਟਾਂ ਅਤੇ ਵੀਡੀਓ ਕਲਿੱਪਾਂ, ਜਿਨ੍ਹਾਂ ਵਿੱਚ ਅਸ਼ਲੀਲ ’ਟੈਕਸਟ’ ਅਤੇ ਸਮੱਗਰੀ ਹੈ, ਵੱਖ-ਵੱਖ ਸੋਸ਼ਲ ਮੀਡੀਆ ਉਪਭੋਗਤਾਵਾਂ ਦੁਆਰਾ ਪ੍ਰਸਾਰਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਵੀਡੀਓ ਵਿੱਚ ਦਿਖਾਈ ਦੇ ਰਹੇ ਵਿਅਕਤੀ ਦੀ ਗਲਤ ਪਛਾਣ ਦੱਸੀ ਗਈ ਹੈ। ਮਾਮਲੇ ਦੀ ਜਾਂਚ ਜਾਰੀ ਹੈ।

ਸ਼ਿਕਾਇਤਕਰਤਾ ਅਨੁਸਾਰ ਇਹ ਜਾਣਬੁੱਝ ਕੇ ਅਸ਼ਲੀਲ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਕਰਕੇ ਝੂਠਾ ਇਲੈਕਟ੍ਰਾਨਿਕ ਰਿਕਾਰਡ ਬਣਾਉਣ ਦਾ ਕੰਮ ਹੈ, ਉਹ ਵੀ ਇਹ ਜਾਣਦੇ ਹੋਏ ਅਤੇ ਇਹ ਮੰਨਣ ਦੇ ਪੂਰੇ ਕਾਰਨਾਂ ਦੇ ਨਾਲ ਕਿ ਪੋਸਟਾਂ ਭਰਮਾਊ ਅਤੇ ਝੂਠੀਆਂ ਹਨ ਅਤੇ ਇਸਦਾ ਉਦੇਸ਼ ਨੁਕਸਾਨ ਜਾਂ ਠੇਸ ਪਹੁੰਚਾਉਣਾ ਹੈ।

ਸ਼ਿਕਾਇਤਕਰਤਾ ਅਨੁਸਾਰ ਇੱਕ ਸੰਵਿਧਾਨਕ ਅਧਿਕਾਰੀ ਦੀ ਸਾਖ ਨੂੰ ਨੁਕਸਾਨ ਪਹੁੰਚਾਉਣ ਅਤੇ ਜਨਤਕ ਸ਼ਾਂਤੀ ਤੇ ਵਿਵਸਥਾ ਨੂੰ ਭੰਗ ਕਰਨ ਦੇ ਇਰਾਦੇ ਨਾਲ ਪ੍ਰਸਾਰਿਤ ਕੀਤੇ ਗਏ ਵੀਡੀਓ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਉਚਿਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਮੁੱਖ ਮੰਤਰੀ ਵੱਲੋਂ ਨਿਵੇਸ਼ ਨੂੰ ਉਤਸ਼ਾਹਤ ਕਰਨ ਅਤੇ ਕੌਮਾਂਤਰੀ ਸਹਿਯੋਗ ਲਈ ਆਲਮੀ ਪੱਧਰ ਉੱਤੇ ਹੰਭਲੇ ਜਾਰੀ

➢ ਵਿੱਤੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਆਮ ਲੋਕਾਂ ਦੇ ਆਪਸੀ ਸੰਪਰਕ ਨੂੰ ਹੁਲਾਰਾ ਦੇਣ ਲਈ ਕਈ ਪ੍ਰੋਗਰਾਮਾਂ ਦਾ ਐਲਾਨ ➢ ਪੰਜਾਬ ਨੂੰ ਦੁਨੀਆ ਭਰ ਵਿੱਚ ਬਿਹਤਰੀਨ ਨਿਵੇਸ਼ ਸਥਾਨ ਵਜੋਂ ਦਰਸਾਇਆ ➢ ਪਰਵਾਸੀ ਪੰਜਾਬੀਆਂ ਅਤੇ ਮੋਹਰੀ ਕਾਰੋਬਾਰੀਆਂ ਨਾਲ ਕੀਤਾ ਵਿਚਾਰ-ਵਟਾਂਦਰਾ

**ਚੰਡੀਗੜ੍ਹ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਅੰਤਰਰਾਸ਼ਟਰੀ ਭਾਈਵਾਲੀ ਨੂੰ ਹੋਰ ਹੁਲਾਰਾ ਦੇਣ ਲਈ ਵਿਸ਼ਵ-ਵਿਆਪੀ ਪਹੁੰਚ ਜਾਰੀ ਰੱਖਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਰਥਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਉਤਸ਼ਾਹਿਤ ਕਰਨ ਲਈ ਹੰਭਲਾ ਜਾਰੀ ਹੈ।



ਚੇਅਰਪਰਸਨ ਮਿਸ ਐਡਿਥ ਨੋਰਡਮੈਨ ਦੀ ਅਗਵਾਈ ਵਾਲੇ ਨੀਦਰਲੈਂਡਜ਼ ਇੰਡੀਆ ਚੈਂਬਰ ਆਫ਼ ਕਾਮਰਸ ਐਂਡ ਟਰੇਡ ਨਾਲ ਰਣਨੀਤਕ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡਜ਼ ਵਿਚਕਾਰ ਦੁਵੱਲੇ ਵਪਾਰਕ ਸਬੰਧਾਂ ਨੂੰ ਵਧਾਉਣ ਅਤੇ ਨਿਵੇਸ਼ ਪ੍ਰਵਾਹ ਨੂੰ ਉਤਸ਼ਾਹਿਤ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਨੇ ਵੈਲਯੂ ਐਡੀਸ਼ਨ, ਬਰਾਮਦ ਆਧਾਰਤ ਵਿਕਾਸ ਅਤੇ ਵਿਸ਼ਵ ਸਪਲਾਈ ਚੇਨਾਂ ਨਾਲ ਤਾਲਮੇਲ, ਖ਼ਾਸ ਕਰ ਕੇ ਫੂਡ ਪ੍ਰੋਸੈਸਿੰਗ ਅਤੇ ਨਿਰਮਾਣ ਵਰਗੇ ਖੇਤਰਾਂ ਵਿੱਚ ਪੰਜਾਬ ਦੇ ਰਣਨੀਤਕ ਫੋਕਸ ਨੂੰ ਵੀ ਉਜਾਗਰ ਕੀਤਾ। ਭਗਵੰਤ ਸਿੰਘ ਮਾਨ ਨੇ ਐਨ.ਆਈ.ਸੀ.ਸੀ.ਟੀ. ਨੂੰ ਪੰਜਾਬ ਨੂੰ ਹਾਲੈਂਡ ਦੇ ਉੱਦਮਾਂ ਨਾਲ ਜੋੜਨ ਅਤੇ ਸੈਕਟਰ-ਵਿਸ਼ੇਸ਼ ਰੁਝੇਵਿਆਂ ਅਤੇ ਵਪਾਰਕ ਵਫ਼ਦਾਂ ਨੂੰ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।

ਇਸ ਦੌਰਾਨ ਹੇਗ ਵਿੱਚ ਨਿਵੇਸ਼ ਰੋਡ ਸ਼ੋਅ ਦੌਰਾਨ ਮੁੱਖ ਮੰਤਰੀ ਨੇ ਇਸ ਪ੍ਰੋਗਰਾਮ ਵਿੱਚ ਸੂਬੇ ਦੀਆਂ ਉਦਯੋਗਿਕ ਸ਼ਕਤੀਆਂ ਅਤੇ ਉੱਭਰ ਰਹੇ ਮੌਕਿਆਂ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਨੀਦਰਲੈਂਡ ਦੇ ਉਦਯੋਗਪਤੀਆਂ, ਵਪਾਰਕ ਪ੍ਰਤੀਨਿਧੀਆਂ ਅਤੇ ਭਾਈਵਾਲਾਂ ਨੇ ਭਾਗ ਲਿਆ। ਭਗਵੰਤ ਸਿੰਘ ਮਾਨ ਨੇ ਵੈਲਯੂ ਐਡਿਡ ਨਿਰਮਾਣ, ਉਦਯੋਗਿਕ ਵਿਕਾਸ ਅਤੇ ਬਰਾਮਦ ਆਧਾਰਤ ਵਿਕਾਸ ਵੱਲ ਪੰਜਾਬ ਦੀ ਤਬਦੀਲੀ ’ਤੇ ਚਾਨਣਾ ਪਾਇਆ। ਉਨ੍ਹਾਂ ਨੇ ਸੂਬੇ ਦੇ ਮਜ਼ਬੂਤ ਬੁਨਿਆਦੀ ਢਾਂਚੇ ਨੂੰ ਵੀ ਪ੍ਰਦਰਸ਼ਿਤ ਕੀਤਾ, ਜਿਸ ਵਿੱਚ ਇਸ ਦਾ ਮਜ਼ਬੂਤ ਨਿਰਮਾਣ ਮਾਹੌਲ, ਹੁਨਰਮੰਦ ਕਾਰਜਬਲ, ਪ੍ਰਗਤੀਸ਼ੀਲ ਨੀਤੀਆਂ ਅਤੇ ਨਿਵੇਸ਼ਕ-ਅਨੁਕੂਲ ਸ਼ਾਸਨ ਢਾਂਚਾ ਸ਼ਾਮਲ ਹੈ।

ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡ ਵਿਚਕਾਰ ਮਜ਼ਬੂਤ ਇਤਿਹਾਸਕ ਅਤੇ ਸੱਭਿਆਚਾਰਕ ਸਬੰਧਾਂ ’ਤੇ ਵੀ ਜ਼ੋਰ ਦਿੱਤਾ, ਜੋ ਖੁੱਲ੍ਹੇਪਣ ਅਤੇ ਨਵੀਨਤਾ ਦੇ ਸਾਂਝੇ ਮੁੱਲਾਂ ਨੂੰ ਦਰਸਾਉਂਦੇ ਹਨ।

ਉਨ੍ਹਾਂ ਨੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਪ੍ਰਤੀ ਸੂਬਾ ਸਰਕਾਰ ਦੀ ਸਰਗਰਮ ਅਤੇ ਸੁਧਾਰ-ਮੁਖੀ ਪਹੁੰਚ ’ਤੇ ਵੀ ਜ਼ੋਰ ਦਿੱਤਾ ਅਤੇ ਕਿਹਾ ਕਿ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2026 ਦੇਸ਼ ਵਿੱਚ ਸਭ ਤੋਂ ਵੱਧ ਮੁਕਾਬਲੇ ਵਾਲੀ ਨੀਤੀ ਹੈ। ਭਗਵੰਤ ਸਿੰਘ ਮਾਨ ਨੇ ਸਿੰਗਲ-ਵਿੰਡੋ ਕਲੀਅਰੈਂਸ ਅਤੇ ਸਮਾਂਬੱਧ ਪ੍ਰਵਾਨਗੀਆਂ ਨੂੰ ਯਕੀਨੀ ਬਣਾਉਣ ਵਿੱਚ ਫਾਸਟ ਟਰੈਕ ਪੰਜਾਬ ਪੋਰਟਲ ਦੀ ਪ੍ਰਭਾਵਸ਼ੀਲਤਾ ਬਾਰੇ ਵੀ ਜਾਣੂ ਕਰਵਾਇਆ।

ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡ ਵਿਚਕਾਰ ਸਾਂਝੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਉੱਦਮੀ ਭਾਵਨਾ ਦੀ ਸ਼ਲਾਘਾ ਕਰਦੇ ਹੋਏ ਵਿਸ਼ਵ-ਵਿਆਪੀ ਨਿਵੇਸ਼ਕਾਂ ਨੂੰ ‘ਪੰਜਾਬ ਵਿੱਚ ਆਓ, ਨਿਵੇਸ਼ ਕਰੋ ਅਤੇ ਅੱਗੇ ਵਧੋ’ ਦਾ ਸੱਦਾ ਦਿੱਤਾ।

ਉਨ੍ਹਾਂ ਨੇ ਪੰਜਾਬ ਦੇ ਰਣਨੀਤਕ ਫਾਇਦਿਆਂ ਨੂੰ ਵੀ ਉਜਾਗਰ ਕੀਤਾ ਅਤੇ ਨਿਰਵਿਘਨ ਨਿਵੇਸ਼ਾਂ ਨੂੰ ਆਰਾਮਦਾਇਕ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਅਤੇ ਪੰਜਾਬ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਗੁਣਵੱਤਾ ਵਾਲਾ ਬੁਨਿਆਦੀ ਢਾਂਚਾ, ਪ੍ਰਗਤੀਸ਼ੀਲ ਕਿਸਾਨ ਅਤੇ ਵਿਸ਼ਵ ਪੱਧਰੀ ਮਾਪਦੰਡਾਂ ਅਨੁਸਾਰ ਹੁਨਰਮੰਦ ਮਨੁੱਖੀ ਸ਼ਕਤੀ ’ਤੇ ਜ਼ੋਰ ਦਿੱਤਾ।

ਭਗਵੰਤ ਸਿੰਘ ਮਾਨ ਨੇ ਡੱਚ ਕੰਪਨੀਆਂ ਨੂੰ ਨਵੇਂ ਨਿਵੇਸ਼ਾਂ ਲਈ ਪੰਜਾਬ ਨੂੰ ਇਕ ਸੰਭਾਵੀ ਸਥਾਨ ਵਜੋਂ ਵਿਚਾਰਨ ਦਾ ਵੀ ਸੱਦਾ ਦਿੱਤਾ।

ਮੁੱਖ ਮੰਤਰੀ ਨੇ ਇਕ ਭਾਈਚਾਰਕ ਪ੍ਰੋਗਰਾਮ ਦੌਰਾਨ ਪਰਵਾਸੀ ਪੰਜਾਬੀਆਂ ਨਾਲ ਗੱਲਬਾਤ ਕੀਤੀ, ਜਿਸ ਨਾਲ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਡੂੰਘਾ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਸੱਭਿਆਚਾਰਕ ਅਤੇ ਆਰਥਿਕਤਾ ਰਾਹੀਂ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਨੀਦਰਲੈਂਡਜ਼ ਵਿੱਚ ਭਾਰਤੀ ਅਤੇ ਪੰਜਾਬੀ ਭਾਈਚਾਰੇ ਦੇ ਯੋਗਦਾਨ ਨੂੰ ਸਵੀਕਾਰ ਕੀਤਾ। ਗੱਲਬਾਤ ਦੌਰਾਨ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਦੇ ਸੁਝਾਅ ਵੀ ਮੰਗੇ ਅਤੇ ਪੰਜਾਬ ਦੀ ਵਿਕਾਸ ਯਾਤਰਾ ਵਿੱਚ ਮੁੱਖ ਭਾਈਵਾਲਾਂ ਵਜੋਂ ਪਰਵਾਸੀ ਪੰਜਾਬੀਆਂ ਨਾਲ ਜੁੜਨ ਦੀ ਸਰਕਾਰ ਦੀ

# ਡਿਪਟੀ ਕਮਿਸ਼ਨਰ ਵੱਲੋਂ ਡੇਂਗੂ ਅਤੇ ਚਿਕਨਗੁਨਿਆ ਰੋਕਥਾਮ ਸਬੰਧੀ ਸਮੀਖਿਆ ਮੀਟਿੰਗ

**ਮਾਲੇਰਕੋਟਲਾ, 22 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਡੇਂਗੂ ਅਤੇ ਚਿਕਨਗੁਨਿਆ ਵਰਗੀਆਂ ਮੱਛਰ-ਜਨਿਤ ਬਿਮਾਰੀਆਂ ਦੀ ਰੋਕਥਾਮ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਹਿਮ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਿਹਤ ਵਿਭਾਗ ਵੱਲੋਂ ਮੌਜੂਦਾ ਸਥਿਤੀ ਅਤੇ ਭਵਿੱਖ ਲਈ ਤਿਆਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪੇਸ਼ ਕੀਤੀ ਗਈ।

ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਪਿਛਲੇ ਸਾਲ ਦੌਰਾਨ ਡੇਂਗੂ ਪ੍ਰਭਾਵਿਤ ਇਲਾਕਿਆਂ ਦੀ ਮੁੜ ਜਾਂਚ ਕੀਤੀ ਜਾਵੇ ਅਤੇ ਝੁੱਗੀਆਂ-ਝੌਪੜੀਆਂ, ਕਬਾੜ ਦੀਆਂ ਦੁਕਾਨਾਂ ਅਤੇ ਹੋਰ ਸੰਵੇਦਨਸ਼ੀਲ ਥਾਵਾਂ ਦੇ ਨੇੜੇ ਫੋਗਿੰਗ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਡੇਂਗੂ ਅਤੇ ਚਿਕਨਗੁਨਿਆ ਦੇ ਕੇਸਾਂ ਨੂੰ ਰੋਕਣ ਲਈ ਸਾਰੇ ਵਿਭਾਗਾਂ ਵੱਲੋਂ ਮਿਲਜੁਲ ਕੇ ਕੰਮ ਕਰਨਾ ਲਾਜ਼ਮੀ ਹੈ।

ਉਨ੍ਹਾਂ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਬੁਖਾਰ ਦੇ ਮਾਮਲਿਆਂ ਦੀ ਸਮੇਂ-ਸਿਰ ਪਛਾਣ ਅਤੇ ਇਲਾਜ ਯਕੀਨੀ ਬਣਾਇਆ ਜਾਵੇ ਅਤੇ ਜ਼ਰੂਰੀ ਦਵਾਈਆਂ ਦੀ ਉਪਲਬੱਧਤਾ ਸੁਨਿਸ਼ਚਿਤ ਕੀਤੀ ਜਾਵੇ। ਇਸ ਦੇ ਨਾਲ ਹੀ ਭੱਠਿਆਂ ਅਤੇ ਫੈਕਟਰੀਆਂ ਵਿੱਚ ਕੰਮ ਕਰਦੇ ਪ੍ਰਵਾਸੀ ਮਜ਼ਦੂਰਾਂ ਦੀ ਨਿਯਮਿਤ ਮੈਡੀਕਲ ਜਾਂਚ ਕਰਨ ਲਈ ਵੀ ਕਿਹਾ ਗਿਆ।

ਮੀਟਿੰਗ ਦੌਰਾਨ ਇਹ ਵੀ ਜ਼ੋਰ ਦਿੱਤਾ ਗਿਆ ਕਿ ਘਰਾਂ ਅਤੇ ਆਸ-ਪਾਸ ਪਾਣੀ ਖੜ੍ਹਾ ਨਾ ਰਹਿਣ ਦਿੱਤਾ ਜਾਵੇ, ਕਿਉਂਕਿ ਇਹ ਮੱਛਰਾਂ ਦੀ ਪੈਦਾਵਾਰ ਦਾ ਮੁੱਖ ਕਾਰਨ ਹੁੰਦਾ ਹੈ। ਸ਼ਹਿਰੀ ਅਤੇ ਪਿੰਡਾਂ ਦੇ ਖੇਤਰਾਂ ਵਿੱਚ ਸਫ਼ਾਈ ਮੁਹਿੰਮਾਂ ਨੂੰ ਤੇਜ਼ ਕਰਨ ਅਤੇ ਨਿਕਾਸੀ ਪ੍ਰਣਾਲੀ ਨੂੰ ਸੁਚਾਰੂ ਬਣਾਉਣ ਲਈ ਸਬੰਧਿਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ।

ਡਿਪਟੀ ਕਮਿਸ਼ਨਰ ਨੇ ਜਲ ਸਪਲਾਈ ਵਿਭਾਗ ਨੂੰ ਪੀਣ ਵਾਲੇ ਪਾਣੀ ਦੀ ਨਿਰੰਤਰ ਜਾਂਚ ਯਕੀਨੀ ਬਣਾਉਣ ਲਈ ਕਿਹਾ, ਜਦਕਿ ਸਿੱਖਿਆ ਵਿਭਾਗ ਨੂੰ ਸਕੂਲਾਂ ਵਿੱਚ ਵਿਦਿਆਰਥੀਆਂ ਰਾਹੀਂ ਡੇਂਗੂ ਰੋਕਥਾਮ ਸਬੰਧੀ ਜਾਗਰੂਕਤਾ ਫੈਲਾਉਣ ਦੇ ਹੁਕਮ ਦਿੱਤੇ ਗਏ। ਸਿਹਤ ਵਿਭਾਗ ਵੱਲੋਂ ਫੋਗਿੰਗ ਅਤੇ ਜਾਗਰੂਕਤਾ ਅਭਿਆਨ ਲਗਾਤਾਰ ਚਲਾਉਣ ‘ਤੇ ਵੀ ਜ਼ੋਰ ਦਿੱਤਾ ਗਿਆ।

ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਵਿੱਚ ਕੂਲਰਾਂ, ਗਮਲਿਆਂ ਅਤੇ ਹੋਰ ਬਰਤਨਾਂ ਵਿੱਚ ਪਾਣੀ ਇਕੱਠਾ ਨਾ ਹੋਣ ਦੇਣ ਅਤੇ ਜੇਕਰ ਬੁਖਾਰ ਜਾਂ ਹੋਰ ਲੱਛਣ ਪ੍ਰਗਟ ਹੋਣ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕਰਨ। ਨਾਲ ਹੀ, ਪ੍ਰਸ਼ਾਸਨ ਨਾਲ ਸਹਿਯੋਗ ਕਰਦਿਆਂ ਆਪਣੇ ਇਲਾਕੇ ਦੀ ਸਫ਼ਾਈ ਬਣਾਈ ਰੱਖਣ ਵਿੱਚ ਭਾਗੀਦਾਰੀ ਨਿਭਾਉਣ

# ਮਰਦਮਸ਼ੁਮਾਰੀ ਦੀ ਸ਼ੁਰੂਆਤ ਭਲਕੇ ਤੋਂ, ਮੈਦਾਨ 'ਚ ਉਤਰਨਗੇ 2250 ਮੁਲਾਜ਼ਮ

ਕੌਮੀ ਪਤ੍ਰਿਕਾ

ਚੰਡੀਗੜ੍ਹ 22 ਅਪ੍ਰੈਲ। ਦੇਸ਼ ਦੀ 16ਵੀਂ ਮਰਦਮਸ਼ੁਮਾਰੀ (ਜਨਗਣਨਾ-2027) ਦਾ ਆਗ਼ਾਜ਼ ਚੰਡੀਗੜ੍ਹ 'ਚ 22 ਅਪ੍ਰੈਲ ਤੋਂ ਹੋਣ ਜਾ ਰਿਹਾ ਹੈ। ਇਹ ਪ੍ਰਕਿਰਿਆ 2011 ਤੋਂ ਬਾਅਦ ਹੋ ਰਹੀ ਹੈ, ਜੋ ਕੋਰੋਨਾ ਮਹਾਮਾਰੀ ਕਾਰਨ ਦੇਰੀ ਦਾ ਸ਼ਿਕਾਰ ਰਹੀ। ਡਾਇਰੈਕਟਰ ਸੈਂਸਸ ਆਪ੍ਰੇਸ਼ਨਜ਼ ਡਾ. ਨਵਜੋਤ ਖੋਸਾ ਅਤੇ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਸ ਅਫ਼ਸਰ ਨਿਸ਼ਾਂਤ ਕੁਮਾਰ ਯਾਦਵ ਨੇ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੱਤੀ ਕਿ ਇਹ ਆਜ਼ਾਦੀ ਤੋਂ ਬਾਅਦ ਦੇਸ਼ ਦੀ ਅੱਠਵੀਂ ਜਨਗਣਨਾ ਹੈ, ਜੋ ਪੂਰੀ ਤਰ੍ਹਾਂ ਡਿਜੀਟਲ ਢੰਗ ਨਾਲ ਕਰਵਾਈ ਜਾਵੇਗੀ। ਪ੍ਰਸ਼ਾਸਨ ਅਨੁਸਾਰ ਮਰਦਮਸ਼ੁਮਾਰੀ ਦੋ ਪੜਾਵਾਂ 'ਚ ਮੁਕੰਮਲ ਹੋਵੇਗੀ। ਪਹਿਲਾ ਪੜਾਅ ਮਕਾਨ ਸੂਚੀਕਰਨ ਅਤੇ ਰਿਹਾਇਸ਼ੀ ਗਣਨਾ 'ਤੇ ਕੇਂਦਰਿਤ ਹੋਵੇਗਾ, ਜਦੋਂ ਕਿ ਦੂਜੇ ਪੜਾਅ 'ਚ ਆਬਾਦੀ ਦੀ ਗਿਣਤੀ ਕੀਤੀ ਜਾਵੇਗੀ। ਪਹਿਲੇ ਪੜਾਅ ਤਹਿਤ 16 ਤੋਂ 30 ਅਪ੍ਰੈਲ ਤੱਕ ਆਨਲਾਈਨ ਸਵੈ-ਗਣਨਾ ਅਤੇ 1 ਤੋਂ 30 ਮਈ ਤੱਕ ਘਰ-ਘਰ ਜਾ ਕੇ ਡਾਟਾ ਇਕੱਠਾ ਕੀਤਾ ਜਾਵੇਗਾ। ਦੂਜਾ ਪੜਾਅ ਫਰਵਰੀ 2027 'ਚ ਕਰਵਾਇਆ ਜਾਵੇਗਾ। ਇਸ ਵਾਰ ਮਰਦਮਸ਼ੁਮਾਰੀ ਪੂਰੀ ਤਰ੍ਹਾਂ ਡਿਜੀਟਲ ਮੋਡ 'ਚ ਹੋਵੇਗੀ। ਗਣਨਾਕਾਰ ਕਾਗ਼ਜ਼ੀ ਫਾਰਮਾਂ ਦੀ ਬਜਾਏ ਮੋਬਾਈਲ ਐਪ ਰਾਹੀਂ ਡਾਟਾ ਇਕੱਠਾ ਕਰਨਗੇ। ਨਾਲ ਹੀ ਨਾਗਰਿਕਾਂ ਨੂੰ ਪਹਿਲੀ ਵਾਰ ਆਨਲਾਈਨ ਪੋਰਟਲ ਰਾਹੀਂ ਆਪਣੀ ਜਾਣਕਾਰੀ ਖੁਦ ਭਰਨ (ਸਵੈ-ਗਣਨਾ) ਦੀ ਸਹੂਲਤ ਮਿਲੇਗੀ। ਪੋਰਟਲ 'ਤੇ ਘਰ ਦੀ ਸਥਿਤੀ, ਸਹੂਲਤਾਂ ਅਤੇ




ਸੰਪਤੀਆਂ ਸਬੰਧੀ 33 ਸਵਾਲ ਪੁੱਛੇ ਜਾਣਗੇ ਤੇ ਜਾਣਕਾਰੀ ਭਰਨ ਤੋਂ ਬਾਅਦ ਇਕ ਵਿਸ਼ੇਸ਼ ਆਈ. ਡੀ. ਜਨਰੇਟ ਹੋਵੇਗੀ। ਚੰਡੀਗੜ੍ਹ 'ਚ ਕੁੱਲ 2045 ਹਾਊਸਲਿਸਟਿੰਗ ਬਲਾਕ ਬਣਾਏ ਗਏ ਹਨ। ਇਸ ਕੰਮ ਲਈ 2250 ਐਨਿਊਮਰੇਟਰ ਅਤੇ 375 ਸੁਪਰਵਾਈਜ਼ਰ ਨਿਯੁਕਤ ਕੀਤੇ ਗਏ ਹਨ। ਕਰਮਚਾਰੀਆਂ ਦੀ ਸਿਖਲਾਈ 16 ਤੋਂ 29 ਅਪ੍ਰੈਲ ਤੱਕ ਹੋਵੇਗੀ। ਲੋਕਾਂ ਦੀ ਸਹੂਲਤ ਲਈ 1855 ਟੋਲ-ਫ?ਰੀ ਨੰਬਰ ਵੀ ਜਾਰੀ ਕੀਤਾ ਗਿਆ ਹੈ। ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਗਣਨਾ ਟੀਮਾਂ ਵੱਲੋਂ ਕਿਸੇ ਵੀ ਨਾਗਰਿਕ ਤੋਂ ਆਧਾਰ ਕਾਰਡ, ਪੈਨ ਕਾਰਡ, ਬੈਂਕ ਵੇਰਵੇ ਜਾਂ ਓ. ਟੀ. ਪੀ. ਨਹੀਂ ਮੰਗਿਆ ਜਾਵੇਗਾ। ਨਾਗਰਿਕਾਂ ਨੂੰ ਸ਼ੱਕੀ ਲਿੰਕਾਂ ਤੋਂ ਵੀ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ ਹੈ। ਅਧਿਕਾਰੀਆਂ ਨੇ ਭਰੋਸਾ ਦਿਵਾਇਆ ਕਿ ਇਕੱਠੀ ਕੀਤੀ ਜਾਣਕਾਰੀ ਕਾਨੂੰਨੀ ਤੌਰ 'ਤੇ ਪੂਰੀ ਤਰ੍ਹਾਂ ਗੁਪਤ ਰਹੇਗੀ ਅਤੇ ਇਸ ਦੀ ਵਰਤੋਂ ਸਿਰਫ਼ ਸਰਕਾਰੀ ਨੀਤੀਆਂ, ਵਿਕਾਸ ਕਾਰਜਾਂ ਅਤੇ ਲੋਕ ਭਲਾਈ ਸਕੀਮਾਂ ਲਈ ਹੀ ਕੀਤੀ ਜਾਵੇਗੀ। ਕਿਸੇ ਵੀ ਵਿਅਕਤੀਗਤ ਜਾਣਕਾਰੀ ਨੂੰ ਜਨਤਕ ਨਹੀਂ ਕੀਤਾ ਜਾਵੇਗਾ। ਪ੍ਰਸ਼ਾਸਨ ਨੇ ਨਾਗਰਿਕਾਂ ਅਤੇ ਮੀਡੀਆ ਨੂੰ ਅਪੀਲ ਕੀਤੀ ਕਿ ਅਫ਼ਵਾਹਾਂ ਤੋਂ ਦੂਰ ਰਹਿੰਦੇ ਹੋਏ ਬਿਨਾਂ ਕਿਸੇ ਡਰ ਜਾਂ ਝਿਜਕ ਦੇ ਸਹੀ ਜਾਣਕਾਰੀ ਦੇ ਕੇ ਮਰਦਮਸ਼ੁਮਾਰੀ ਪ੍ਰਕਿਰਿਆ 'ਚ ਪੂਰਾ ਸਹਿਯੋਗ ਦਿੱਤਾ ਜਾਵੇ।

## ਚੰਡੀਗੜ੍ਹ ਦੇ ਕਾਲਜ 'ਚ ਮਚੀ ਹਾਹਾਕਾਰ, ਕਰਾਇਆ ਗਿਆ ਖ਼ਾਲੀ

ਚੰਡੀਗੜ੍ਹ 22 ਅਪ੍ਰੈਲ। ਚੰਡੀਗੜ੍ਹ 'ਚ ਬੰਬ ਦੀਆਂ ਧਮਕੀਆਂ ਮਿਲਣ ਦਾ ਸਿਲਸਿਲਾ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ। ਹੁਣ ਤਾਜ਼ਾ ਮਾਮਲੇ 'ਚ ਸੈਕਟਰ-42 ਸਥਿਤ ਡਾ. ਅੰਬੇਡਕਰ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਦੀ ਖ਼ਬਰ ਸਾਹਮਣੇ ਆਈ ਹੈ, ਜਿਸ ਤੋਂ ਬਾਅਦ ਪੂਰੇ ਇਲਾਕੇ 'ਚ ਹੜਕੰਪ ਮਚ ਗਿਆ ਹੈ। ਜਾਣਕਾਰੀ ਮੁਤਾਬਕ ਕੰਟਰੋਲ ਰੂਮ 'ਤੇ ਧਮਕੀ ਭਰਿਆ ਮੈਸਜ ਮਿਲਣ ਤੋਂ ਤੁਰੰਤ ਬਾਅਦ ਪੁਲਸ ਅਲਰਟ ਹੋ ਗਈ। ਮੌਕੇ 'ਤੇ ਪੁਲਸ, ਖ਼ੁਫ਼ੀਆ ਏਜੰਸੀਆਂ, ਡੌਗ ਸਕੁਐਡ ਅਤੇ ਬੰਬ ਨਿਰੋਧਕ ਟੀਮਾਂ ਨੂੰ ਤਾਇਨਾਤ ਕੀਤਾ ਗਿਆ। ਨਾਲ ਹੀ ਕਈ ਆਲਾ ਅਧਿਕਾਰੀ ਵੀ ਘਟਨਾ ਵਾਲੀ ਥਾਂ 'ਤੇ ਪੁੱਜੇ ਅਤੇ ਮੌਕੇ ਦਾ ਜਾਇਜ਼ਾ ਲਿਆ। ਧਮਕੀ ਦੀ ਖ਼ਬਰ ਫ਼ੈਲਦੇ ਹੀ ਕਾਲਜ ਕੰਪਲੈਕਸ 'ਚ ਹਾਹਾਕਾਰ ਮਚ ਗਈ। ਸੁਰੱਖਿਆ ਦੇ ਮੱਦੇਨਜ਼ਰ ਕਾਲਜ ਕੰਪਲੈਕਸ ਨੂੰ ਖ਼ਾਲੀ ਕਰਵਾ ਲਿਆ ਗਿਆ ਅਤੇ ਤਲਾਸ਼ੀ ਮੁਹਿੰਮ ਚਲਾਈ ਗਈ। ਪੁਲਸ ਵਲੋਂ ਪੂਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਹਰ ਪਹਿਲੂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਅਫ਼ਵਾਹਾਂ ਤੋਂ ਬਚਣ ਅਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ।

## ਬਠਿੰਡਾ ਜ਼ਿਲ੍ਹੇ 'ਚ ਲੱਗੀਆਂ ਵੱਖ-ਵੱਖ ਪਾਬੰਦੀਆਂ, ਮੈਜਿਸਟਰੇਟ ਨੇ ਜਾਰੀ ਕੀਤੇ ਹੁਕਮ

ਬਠਿੰਡਾ 22 ਅਪ੍ਰੈਲ। ਜ਼ਿਲ੍ਹਾ ਮੈਜਿਸਟ?ਰੇਟ ਰਾਜੇਸ਼ ਧੀਮਾਨ ਨੇ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਬਠਿੰਡਾ ਸ਼ਹਿਰ ਅੰਦਰ ਟ?ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੈਵੀ ਕਮਰਸ਼ੀਅਲ ਵ?ਹੀਕਲਾਂ (ਟਰੱਕ, ਟਰਾਲੇ, ਤੇਲ ਵਾਲੀਆਂ ਗੱਡੀਆਂ ਆਦਿ) ਦੀ ਸਵੇਰੇ 7 ਤੋਂ ਰਾਤ 8 ਵਜੇ ਤੱਕ ਸ਼ਹਿਰ ਅੰਦਰ ਦਾਖ਼ਲ ਹੋਣ 'ਤੇ ਪਾਬੰਦੀ ਲਗਾਈ ਹੈ। ਹੁਕਮਾਂ ਅਨੁਸਾਰ ਬਠਿੰਡਾ ਸ਼ਹਿਰ ਦੀ ਆਬਾਦੀ ਵੱਧਣ ਕਾਰਨ ਸ਼ਹਿਰ ਅੰਦਰ ਗੱਡੀਆਂ ਦੀ ਗਿਣਤੀ 'ਚ ਵੀ




ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰ ਅੰਦਰ ਕਾਫੀ ਗਿਣਤੀ 'ਚ ਹੈਵੀ ਕਮਰਸ਼ੀਅਲ ਵਾਹਨ ਵੀ ਦਾਖ਼ਲ ਹੁੰਦੇ ਹਨ, ਜਿਨ੍ਹਾਂ ਦੀ ਡਾਇਵਰਸ਼ਨ ਪਲਾਨ ਤਿਆਰ ਕੀਤਾ ਗਿਆ ਹੈ। ਹੁਕਮਾਂ ਅਨੁਸਾਰ ਮਾਨਸਾ ਸਾਈਡ ਤੋਂ ਆਉਣ ਵਾਲਾ ਟ?ਰੈਫਿਕ ਆਈ. ਟੀ. ਆਈ. ਚੌਂਕ ਰਾਹੀਂ ਹੁੰਦਾ ਹੋਇਆ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ। ਇਸੇ ਤਰ੍ਹਾਂ ਡੱਬਵਾਲੀ ਸਾਈਡ ਤੋਂ ਆਉਣ ਵਾਲਾ ਟ?ਰੈਫਿਕ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ। ਇਸੇ ਤਰ੍ਹਾਂ ਮਲੋਟ/ਮੁਕਤਸਰ ਸਾਈਡ ਤੋਂ ਆਉਣ ਵਾਲਾ ਟ?ਰੈਫਿਕ ਟੀ-ਪੁਆਇੰਟ ਰਿੰਗ ਰੋਡ ਤੋਂ ਆਈ. ਟੀ. ਆਈ. ਚੌਂਕ, ਘਨ੍ਹੱਈਆ ਚੌਂਕ ਤੇ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ। ਇਸੇ ਤਰ੍ਹਾਂ ਗੋਨਿਆਣਾ ਸਾਈਡ ਤੋਂ ਆਉਣ ਵਾਲਾ ਟ?ਰੈਫਿਕ ਘਨ੍ਹੱਈਆ ਚੌਂਕ ਬਠਿੰਡਾ, ਟੀ-ਪੁਆਇੰਟ ਰਿੰਗ ਰੋਡ ਮਲੋਟ ਰੋਡ ਤੋਂ ਰਿੰਗ ਰੋਡ, ਘਨ੍ਹੱਈਆ ਚੌਂਕ ਤੋਂ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ। ਇਸੇ ਤਰ੍ਹਾਂ ਚੰਡੀਗੜ੍ਹ ਸਾਈਡ ਤੋਂ ਆਉਣ ਵਾਲਾ ਟ?ਰੈਫਿਕ ਬੀਬੀਵਾਲਾ ਚੌਂਕ ਬਠਿੰਡਾ ਤੋਂ ਘਨ੍ਹੱਈਆ ਚੌਂਕ ਤੋਂ ਅੱਗੇ ਜਾਵੇਗਾ। ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖ਼ੁਰਾਕ ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਮਾਮਲੇ ਵੱਲੋਂ ਪੱਤਰ ਰਾਹੀਂ ਫੂਡ ਗਰੇਨ ਦੇ ਟਰੱਕਾਂ ਨੂੰ ਸ਼ਹਿਰ ਅੰਦਰ ਦਾਖ਼ਲ ਹੋਣ ਲਈ ਛੋਟ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਫੂਡ ਗਰੇਨ ਟਰੱਕਾਂ ਨੂੰ ਸ਼ਹਿਰ ਅੰਦਰ ਦਾਖ਼ਲ ਹੋਣ ਤੋਂ ਪਹਿਲਾਂ, ਟਰੱਕ ਮਾਲਕਾਂ ਵੱਲੋਂ ਜ਼ਿਲ੍ਹਾ ਕੰਟਰੋਲਰ ਖ਼ੁਰਾਕ ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਬਠਿੰਡਾ ਤੋਂ ਸਪੈਸ਼ਲ ਪਾਸ ਜਾਰੀ ਕਰਵਾਏ ਜਾਣਗੇ। ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖ਼ੁਰਾਕ ਸਿਵਲ ਸਪਲਾਈਜ਼ ਤੇ ਖ਼ਪਤਕਾਰ ਬਠਿੰਡਾ ਵੱਲੋਂ ਇਹ ਪਾਸ ਸੀਨੀਅਰ ਕਪਤਾਨ ਪੁਲਸ ਬਠਿੰਡਾ ਨਾਲ ਤਾਲਮੇਲ ਕਰ ਕੇ ਜਾਰੀ ਕੀਤੇ ਜਾਣਗੇ।

## ਸਵਾਰੀਆਂ ਨਾਲ ਭਰੀ ਬੱਸ ਦੀ ਟਰੱਕ ਨਾਲ ਭਿਆਨਕ ਟੱਕਰ ! 3 ਦੀ ਦਰਦਨਾਕ ਮੌਤ

ਅਲਵਰ/ਰਾਜਗੜ੍ਹ 22 ਅਪ੍ਰੈਲ। ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਦਿੱਲੀ-ਮੁੰਬਈ ਐਕਸਪ੍ਰੈਸ-ਵੇਅ 'ਤੇ ਮੰਗਲਵਾਰ ਤੜਕੇ ਇੱਕ ਦਿਲ ਦਹਿਲਾ ਦੇਣ ਵਾਲਾ ਸੜਕ ਹਾਦਸਾ ਵਾਪਰਿਆ। ਜਿਥੇ ਰਾਜਗੜ੍ਹ ਥਾਣਾ ਖੇਤਰ ਦੇ ਪਿਨਾਨ ਨੇੜੇ ਇੱਕ ਤੇਜ਼ ਰਫ਼ਤਾਰ ਨਿੱਜੀ ਟ?ਰੈਵਲ ਬੱਸ ਬੇਕਾਬੂ ਹੋ ਕੇ ਅੱਗੇ ਜਾ ਰਹੇ ਕੈਮੀਕਲ ਨਾਲ ਭਰੇ ਟਰੱਕ ਨਾਲ ਟਕਰਾ ਗਈ, ਜਿਸ ਨਾਲ ਵੱਡਾ ਹਾਦਸਾ ਵਾਪਰ ਗਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਸ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਚਕਨਾਚੂਰ ਹੋ ਗਿਆ। ਇਸ ਹਾਦਸੇ ਦੌਰਾਨ ਇਕ ਬੱਚੇ ਸਣੇ 3 ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਹਾਦਸੇ ਦਾ ਸ਼ਿਕਾਰ ਹੋਈ ਨਿੱਜੀ ਬੱਸ ਇੰਦੌਰ ਤੋਂ ਦਿੱਲੀ ਜਾ ਰਹੀ ਸੀ। ਹਾਦਸੇ ਦੇ ਸਮੇਂ ਬੱਸ ਵਿੱਚ ਸਵਾਰ ਜ਼ਿਆਦਾਤਰ ਯਾਤਰੀ ਗੂੜ੍ਹੀ ਨੀਂਦ ਵਿੱਚ ਸਨ। ਅਚਾਨਕ ਹੋਈ ਜ਼ੋਰਦਾਰ ਟੱਕਰ ਕਾਰਨ ਬੱਸ ਵਿੱਚ ਚੀਕ-ਚਿਹਾੜਾ ਮੱਚ ਗਿਆ। ਇਸ ਦਰਦਨਾਕ ਹਾਦਸੇ ਵਿੱਚ ਬੱਸ ਡਰਾਈਵਰ, ਇੱਕ ਔਰਤ ਅਤੇ ਇੱਕ ਮਾਸੂਮ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬੱਸ ਵਿੱਚ ਸਵਾਰ ਕਰੀਬ 30 ਹੋਰ ਯਾਤਰੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ। ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ©819 (ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ) ਦੀ ਰੈਸਕਿਊ ਟੀਮ ਮੌਕੇ 'ਤੇ ਪਹੁੰਚ ਗਈ। ਟੀਮ ਨੇ ਤਤਪਰਤਾ ਦਿਖਾਉਂਦੇ ਹੋਏ ਬੱਸ ਵਿੱਚ ਫਸੇ ਜ਼ਖ਼ਮੀਆਂ ਨੂੰ ਬਾਹਰ ਕੱਢਿਆ ਅਤੇ ਐਂਬੂਲੈਂਸ ਰਾਹੀਂ ਪਿਨਾਨ ਦੇ ਆਦਰਸ਼ ਕਮਿਊਨਿਟੀ ਹੈਲਥ ਸੈਂਟਰ ਪਹੁੰਚਾਇਆ। ਮੁੱਢਲੀ ਸਹਾਇਤਾ ਤੋਂ ਬਾਅਦ ਗੰਭੀਰ ਜ਼ਖ਼ਮੀਆਂ ਨੂੰ ਬਿਹਤਰ ਇਲਾਜ ਲਈ ਹਾਇਰ ਸੈਂਟਰ ਰੈਫਰ ਕਰ ਦਿੱਤਾ ਗਿਆ ਹੈ। ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੁਲਸ ਨੇ ਕਬਜ਼ੇ ਵਿਚ ਲੈ ਲਿਆ ਅਤੇ ਹਸਪਤਾਲ ਦੀ ਮੋਰਚਰੀ ਵਿੱਚ ਰੱਖਵਾ ਦਿੱਤਾ ਹੈ। ਹਾਦਸੇ ਤੋਂ ਬਾਅਦ ਪ੍ਰਸ਼ਾਸਨ ਅਤੇ ਪੁਲਸ ਵਿਰੁੱਧ ਲੋਕਾਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲਿਆ। ਜ਼ਖ਼ਮੀ ਯਾਤਰੀਆਂ ਅਤੇ ਸਥਾਨਕ ਲੋਕਾਂ ਨੇ ਦੋਸ਼ ਲਾਇਆ ਕਿ ਇੰਨੇ ਭਿਆਨਕ ਹਾਦਸੇ ਦੇ ਬਾਵਜੂਦ ਕਰੀਬ 2 ਘੰਟੇ ਤੱਕ ਪੁਲਸ ਦਾ ਕੋਈ ਵੀ ਜਵਾਨ ਜਾਂ ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ। ਸਮੇਂ ਸਿਰ ਮਦਦ ਨਾ ਮਿਲਣ ਅਤੇ ਪੁਲਸ ਦੀ ਇਸ ਕਥਿਤ ਲਾਪਰਵਾਹੀ ਨੂੰ ਲੈ ਕੇ ਲੋਕਾਂ ਨੇ ਮੌਕੇ 'ਤੇ ਜੰਮ ਕੇ ਗੁੱਸਾ ਜ਼ਾਹਰ ਕੀਤਾ।

## ਕਣਕ ਵੇਚਣ ਆਏ ਕਿਸਾਨ ਦੀ ਦਾਣਾ ਮੰਡੀ 'ਚ ਹੋਈ ਮੌਤ

ਮੌੜ ਮੰਡੀ 22 ਅਪ੍ਰੈਲ। ਸਥਾਨਕ ਸ਼ਹਿਰ ਦੀ ਨਵੀਂ ਦਾਣਾ ਮੰਡੀ ਵਿਖੇ ਕਣਕ ਵੇਚਣ ਆਏ ਮੌੜ ਕਲਾਂ ਦੇ ਇਕ ਕਿਸਾਨ ਦੀ ਮੌਤ ਹੋ ਗਈ। ਇਸ ਸਬੰਧੀ ਮ੍ਰਿਤਕ ਕਿਸਾਨ ਦੇ ਪੁੱਤਰ ਸੰਦੀਪ ਸਿੰਘ ਅਤੇ ਪਿੰਡ ਵਾਸੀਆਂ ਹਰਜਿੰਦਰ ਸਿੰਘ ਮਾਨ, ਸਾਬਕਾ ਕੌਂਸਲਰ ਗੁਰਦੀਪ ਸਿੰਘ, ਹਰਬੰਸ ਸਿੰਘ, ਸਿਕੰਦਰ ਸਿੰਘ ਨੇ ਦੱਸਿਆ ਕਿ ਕਿਸਾਨ ਗੁਰਦੇਵ ਸਿੰਘ ਵਾਸੀ ਮੌੜ ਕਲਾਂ ਆਪਣੀ ਕਣਕ ਵੇਚਣ ਲਈ ਦਾਣਾ ਮੰਡੀ ਵਿਖੇ ਆਇਆ ਹੋਇਆ ਸੀ। ਉਹ ਆਪਣੀ ਕਣਕ ਨੂੰ ਸੁਕਾਉਣ ਲਈ ਕਣਕ ਦੀ ਉਲਟਾ ਪਲਟੀ ਕਰ ਰਿਹਾ ਸੀ ਕਿ ਅਚਾਨਕ ਹੀ ਕਿਸਾਨ ਗੁਰਦੇਵ ਸਿੰਘ ਦੀ ਮੌਤ ਹੋ ਗਈ। ਭਾਵੇਂ ਮੌਤ ਦੇ ਕਾਰਨਾਂ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀ ਮਿਲ ਸਕੀ ਸੀ। ਕਿਸਾਨ ਯੂਨੀਅਨ ਦੇ ਆਗੂਆਂ ਰਾਜਵਿੰਦਰ ਸਿੰਘ ਰਾਜੀ, ਜਗਸੀਰ ਸਿੰਘ ਜੱਗਾ ਅਤੇ ਸਮਾਜ ਸੇਵੀ ਰਮਨਦੀਪ ਸਿੰਘ ਰਮਨਾ ਨੇ ਕਿਹਾ ਕਿ ਇਕ ਪਾਸੇ ਕਿਸਾਨਾਂ ਨੂੰ ਕੁਦਰਤ ਦੀ ਮਾਰ ਪੈ ਰਹੀ ਹੈ ਉੱਧਰ ਦੂਜੇ ਪਾਸੇ ਕਣਕ ਦੀ ਖਰੀਦ ਸ਼ੁਰੂ ਨਾ ਹੋਣ ਕਾਰਨ ਕਿਸਾਨ ਮੰਡੀਆਂ 'ਚ ਰੁਲਣ ਲਈ ਮਜ਼ਬੂਰ ਹਨ। ਮ੍ਰਿਤਕ ਕਿਸਾਨ ਗੁਰਦੇਵ ਸਿੰਘ ਮੌੜ ਕਲਾਂ ਦਾ ਇਸ ਤਰ੍ਹਾਂ ਚਲੇ ਜਾਣਾ ਸਪੱਸ਼ਟ ਕਰਦਾ ਹੈ ਕਿ ਕਿਸਾਨ ਨੂੰ ਜਿੱਥੇ ਕਰਜ਼ੇ ਅਤੇ ਕੁਦਰਤੀ ਮਾਰ ਦੀਆਂ ਚਿੰਤਾਵਾ ਖੋਖਲਾ ਕਰ ਰਹੀਆਂ ਹਨ, ਉੱਥੇ ਸਰਕਾਰਾਂ ਦੀ ਬੇਰੁਖੀ ਕਿਸਾਨਾਂ ਦੀ ਪਰੇਸ਼ਾਨੀ ਦਿਨੋਂ-ਦਿਨ ਵਧਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਰਾਹਤ ਦੇਣ ਲਈ ਮੰਡੀਆਂ 'ਚ ਕਣਕ ਦੀ ਖਰੀਦ ਤੁਰੰਤ ਸ਼ੁਰੂ ਕੀਤੀ ਜਾਵੇ। ਉਨ੍ਹਾਂ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਪਰਿਵਾਰ ਨੂੰ ਬਣਦਾ ਮੁਆਵਜ਼ਾ ਦੇਣ ਦੇ ਨਾਲਨਾਲ ਕਰਜ਼ਾ ਮੁਕਤ ਵੀ ਕੀਤਾ ਜਾਵੇ। ਇਸ ਦੇ ਨਾਲ ਹੀ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇ ਤਾਂ ਜੋ ਪਰਿਵਾਰ ਫਿਰ ਤੋਂ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ। ਇਸ ਮੌਕੇ ਵੱਡੀ ਗਿਣਤੀ ਕਿਸਾਨ ਪਰਿਵਾਰ ਨਾਲ ਹਮਦਰਦੀ ਲਈ ਮੰਡੀ 'ਚ ਇਕੱਠੇ ਹੋ ਰਹੇ ਸਨ।

## ਮੰਡੀਆਂ 'ਚ ਮਾੜੇ ਪ੍ਰਬੰਧਾਂ ਨੂੰ ਲੈ ਕੇ ਅਕਾਲੀ ਦਲ ਦਾ ਹੱਲਾ-ਬੋਲ, ਕਿਸਾਨਾਂ ਦੀ ਖੱਜਲ-ਖੁਆਰੀ 'ਤੇ ਸਰਕਾਰ ਨੂੰ ਘੇਰਿਆ

ਕੌਮੀ ਪਤ੍ਰਿਕਾ

ਮਾਨਸਾ/ਬੁਢਲਾਡਾ 22 ਅਪ੍ਰੈਲ। ਸ਼੍ਰੋਮਣੀ ਅਕਾਲੀ ਦਲ ਹਲਕਾ ਮਾਨਸਾ ਦੇ ਇੰਚਾਰਜ ਪ੍ਰੇਮ ਕੁਮਾਰ ਅਰੋੜਾ ਵੱਲੋਂ ਮਾਨਸਾ ਦੀਆਂ ਵੱਖ-ਵੱਖ ਮੰਡੀਆਂ ਦਾ ਦੌਰਾ ਕੀਤਾ ਗਿਆ ਅਤੇ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ ਜਾਣੀਆਂ। ਇਸ ਤੋਂ ਇਲਾਵਾ ਹਲਕਾ ਬੁਢਲਾਡਾ ਦੇ ਇੰਚਾਰਜ ਡਾ. ਨਿਸ਼ਾਨ ਸਿੰਘ, ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬੱਲਮ ਸਿੰਘ ਕਲੀਪੁਰ ਅਤੇ ਵੱਖ ਵੱਖ ਅਕਾਲੀ ਦਲ ਦੀਆਂ ਟੀਮਾਂ ਵੱਲੋਂ ਵੱਖ-ਵੱਖ ਖਰੀਦ ਕੇਂਦਰਾਂ ਦਾ ਦੌਰਾ ਕੀਤਾ ਗਿਆ ਅਤੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਜਾਣਿਆ ਗਿਆ। ਇਸ ਮੌਕੇ ਉਹਨਾਂ ਦੋਸ਼ ਲਗਾਉਂਦਿਆਂ ਕਿਹਾ ਕਿ ਮਾਨਸਾ ਅਤੇ ਬੁਢਲਾਡਾ ਹਲਕੇ ਦੇ ਵੱਖ-ਵੱਖ ਖਰੀਦ ਕੇਂਦਰਾਂ ਵਿੱਚ ਨਮੀ ਅਤੇ ਮਰੇ ਦਾਣੇ ਅਤੇ ਕੁਆਲਟੀ ਦਾ ਬਹਾਨਾ ਬਣਾ ਕੇ ਜਾਣ ਬੁੱਝ ਕੇ ਕਿਸਾਨਾਂ ਨੂੰ ਖੱਜਲ-ਖੁਆਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਕਣਕ ਦੀ ਖਰੀਦ ਨਹੀਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕਾ ਮਾਨਸਾ ਅਤੇ ਬੁਢਲਾਡਾ ਦੀਆਂ ਮੰਡੀਆਂ ਵਿੱਚ ਕਣਕ ਦੇ ਢੇਰ ਲੱਗੇ ਹੋਏ ਹਨ ਅਤੇ ਕਣਕ ਖਰੀਦਣ ਤੋਂ ਵੀ ਇਨਕਾਰ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਦਾਣਾ ਮੋਟਾ ਜਾ ਪਤਲਾ ਦੇਖ ਕੇ ਖਰੀਦ ਨੂੰ ਨਹੀਂ ਰੋਕਣਾ ਚਾਹੀਦਾ ਕਿਉਕਿ ਬਾਅਦ ਵਿੱਚ ਕਣਕ ਨੇ ਪਿਸ ਕੇ ਬਣਨਾ ਤਾਂ ਆਟਾ ਹੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ ਅਤੇ ਕਿਸਾਨ ਮੰਡੀਆਂ ਵਿੱਚ ਰੁਲ



ਰਹੇ ਹਨ। ਉਹਨਾਂ ਕਿਹਾ ਕਿ ਇੱਕ ਤਾਂ ਕਿਸਾਨਾਂ ਨੂੰ ਮੌਸਮ ਦੀ ਮਾਰ ਪਈ, ਦੂਜਾ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੋਵੇਂ ਹੀ ਕਿਸਾਨਾਂ ਦੀ ਬਾਂਹ ਫੜਨ ਦੀ ਬਜਾਏ ਉਨ੍ਹਾਂ ਨੂੰ ਨਮੀ ਅਤੇ ਮਰੇ ਦਾਣੇ ਦਾ ਬਹਾਨਾ ਬਣਾ ਕੇ ਮੁਸ਼ਕਲਾਂ ਖੜ੍ਹੀਆਂ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਅਤੇ ਆੜ੍ਹਤੀਆਂ ਲਈ ਕੋਈ ਪ੍ਰਬੰਧ ਨਹੀਂ ਹਨ ਅਤੇ ਅਕਾਲੀ ਦਲ ਤੇ ਕਿਸਾਨ ਜਥੇਬੰਦੀਆਂ ਦੇ ਸੰਘਰਸ਼ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵਲੋਂ 15 ਅਪ੍ਰੈਲ ਨੂੰ ਵੀ ਨਾ ਮਾਤਰ ਹੀ ਬੋਲੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਰ ਸਮੇਂ ਕਿਸਾਨਾਂ ਦੇ ਨਾਲ ਡਟ ਕੇ ਖੜ੍ਹਾ ਹੈ ਅਤੇ ਕਿਸਾਨ ਹਿੱਤਾਂ ਲਈ ਹਰ ਮੋਰਚੇ 'ਤੇ ਲੜਦਾ ਰਹੇਗਾ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਨਾਲ ਮੰਡੀਆ ਵਿੱਚ ਹਰ ਤਰ੍ਹਾਂ ਦੇ ਸੰਘਰਸ਼ ਲਈ ਤਿਆਰ ਬਰ ਤਿਆਰ ਰਹੇਗਾ।

## ਤਪਾ ਥਾਣੇ ਨੂੰ ਮਿਲੀ ਨਵੀਂ ਮਹਿਲਾ ਮੁਖੀ ਨਵਦੀਪ ਕੌਰ ਚਾਹਲ

ਕੌਮੀ ਪਤ੍ਰਿਕਾ

ਤਪਾ ਮੰਡੀ 22 ਅਪ੍ਰੈਲ। ਐੱਸ.ਐੱਸ.ਪੀ. ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ-ਨਿਰਦੇਸ਼ਾਂ ਹੇਠ ਥਾਣਾ ਤਪਾ ਨੂੰ ਨਵੀਂ ਥਾਣਾ ਮੁਖੀ ਮਿਲ ਗਈ ਹੈ। ਨਵਦੀਪ ਕੌਰ ਚਾਹਲ ਨੇ ਅੱਜ ਥਾਣਾ ਮੁਖੀ ਵਜੋਂ ਆਪਣਾ ਚਾਰਜ ਸੰਭਾਲਦੇ ਹੋਏ ਅਧਿਕਾਰਕ ਤੌਰ 'ਤੇ ਕੰਮਕਾਜ ਦੀ ਸ਼ੁਰੂਆਤ ਕੀਤੀ। ਇਸ ਮੌਕੇ ਥਾਣੇ ਦੇ ਸਮੂਹ ਸਟਾਫ ਵੱਲੋਂ ਉਹਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਚਾਰਜ ਸੰਭਾਲਣ ਤੋਂ ਬਾਅਦ ਗੱਲਬਾਤ ਕਰਦੇ ਹੋਏ ਇੰਸਪੈਕਟਰ ਨਵਦੀਪ ਕੌਰ ਚਾਹਲ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਹਮੇਸ਼ਾ ਆਮ ਜਨਤਾ ਦੀ ਜਾਨ ਤੇ ਮਾਲ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇ ਪੁਲਿਸ ਨੂੰ ਲੋਕਾਂ ਦਾ ਪੂਰਾ ਸਹਿਯੋਗ ਮਿਲੇ, ਤਾਂ ਵੱਡੇ ਤੋਂ ਵੱਡੇ ਜੁਰਮਾਂ ਨੂੰ ਵੀ ਰੋਕਿਆ ਜਾ ਸਕਦਾ ਹੈ ਅਤੇ ਅਪਰਾਧੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਸੀਨੀਅਰ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਤਪਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰੇ ਨੂੰ ਕਾਇਮ ਰੱਖਣਾ ਉਨ੍ਹਾਂ ਦੀ ਪਹਿਲੀ ਤਰਜੀਹ ਰਹੇਗੀ। ਇਸ ਦੇ ਨਾਲ ਹੀ ਕ੍ਰਾਈਮ ਨੂੰ ਘਟਾਉਣਾ ਅਤੇ ਨਸ਼ਾ ਤਸਕਰੀ 'ਤੇ ਨਕੇਲ ਪਾਉਣਾ ਉਨ੍ਹਾਂ ਦੇ ਮੁੱਖ ਮਕਸਦ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਨਸ਼ਾ ਵੇਚਣ ਵਾਲਿਆਂ ਅਤੇ




ਸਮਾਜ ਵਿਰੋਧੀ ਤੱਤਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਮਹਿਲਾਵਾਂ ਦੀ ਸੁਰੱਖਿਆ ਬਾਰੇ ਗੱਲ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਜੇ ਕਿਸੇ ਵੀ ਮਹਿਲਾ ਨਾਲ ਕੋਈ ਗਲਤ ਵਿਵਹਾਰ ਜਾਂ ਹਿਰਾਸਤ ਦੀ ਘਟਨਾ ਵਾਪਰਦੀ ਹੈ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰੇ। ਪੁਲਸ ਵੱਲੋਂ ਤੁਰੰਤ ਕਾਰਵਾਈ ਕੀਤੀ ਜਾਵੇਗੀ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਦਮ ਚੁੱਕੇ ਜਾਣਗੇ। ਅੰਤ ਵਿੱਚ ਇੰਸਪੈਕਟਰ ਨਵਦੀਪ ਕੌਰ ਚਾਹਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਿਸ ਦਾ ਸਹਿਯੋਗ ਕਰਨ, ਤਾਂ ਜੋ ਇਲਾਕੇ ਵਿੱਚ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕੇ ਅਤੇ ਇਕ ਸੁਖਮਈ ਤੇ ਸੁਰੱਖਿਅਤ ਸਮਾਜ ਦੀ ਸਥਾਪਨਾ ਹੋ ਸਕੇ। ਉਨ੍ਹਾਂ ਕਿਹਾ ਕਿ ਉਹ 2016 ਬੈਚ 'ਚ ਸਿੱਧੀ ਸਬ-ਇੰਸਪੈਕਟਰ ਭਰਤੀ ਹੋਏ ਸਨ ਅਤੇ ਉਨ੍ਹਾਂ ਦੀ ਸੇਵਾ ਲਗਭਗ ਪਟਿਆਲਾ ਜ਼ਿਲੇ 'ਚ ਹੀ ਨਿਭਾਈ ਹੈ। ਇਸ ਮੌਕੇ ਚੌਂਕੀ ਇੰਚਾਰਜ ਬਲਜੀਤ ਸਿੰਘ ਢਿੱਲੋਂ, ਥਾਣੇਦਾਰ ਹਰਿੰਦਰਪਾਲ ਸਿੰਘ, ਥਾਣੇਦਾਰ ਨਿੰਦਰਪਾਲ ਕੌਰ, ਮੁੱਖ ਮੁਨਸ਼ੀ ਕਮਲ ਸਿੰਘ ਆਦਿ ਹਾਜ਼ਰ ਸਨ।

## ਮਾਂ-ਧੀ ਦੀ ਆਪਸੀ ਲੜਾਈ ਵਿਚ ਚੱਲ ਗਈਆਂ ਗੋਲੀਆਂ

ਫਾਜ਼ਿਲਕਾ 22 ਅਪ੍ਰੈਲ। ਅਬੋਹਰ ਦੇ ਨਜ਼ਦੀਕੀ ਪਿੰਡ ਕੁਲਾਰ ਵਿਚ ਅੱਜ ਮਾਂ-ਧੀ ਵਿਚਾਲੇ ਜ਼ਮੀਨੀ ਵਿਵਾਦ ਵਿਚ ਦੋ ਧਿਰਾਂ ਵਿਚਾਲੇ ਗੋਲ?ੀਆਂ ਚੱਲ ਗਈਆਂ। ਇਸ ਵਿਚ ਦੋਵੇਂ ਧਿਰਾਂ ਦੇ ਚਾਰ ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਸਰਕਾਰੀ ਹਸਪਤਾਲ ਲਿਆਂਦਾ ਗਿਆ। ਇਨ੍ਹਾਂ ਵਿਚੋਂ ਤਿੰਨ ਨੌਜਵਾਨਾਂ ਨੂੰ ਮੁੱਢਲੇ ਇਲਾਜ ਤੋਂ ਬਾਅਦ ਰੈਫ਼ਰ ਕਰ ਦਿੱਤਾ ਗਿਆ। ਉੱਥੇ ਹੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਕੁਲਾਰ ਨਿਵਾਸੀ ਕਾਂਤਾ ਜਿਆਣੀ ਅਤੇ ਉਸ ਦੀ ਧੀ ਰਾਸ਼ੀ ਵਿਚ ਆਪਸੀ ਜ਼ਮੀਨੀ ਵਿਵਾਦ ਲੰਬੇ ਸਮੇਂ ਤੋਂ ਚੱਲ ਰਿਹਾ ਹੈ, ਜਿਸ ਦਾ ਅਦਾਲਤ ਵਿਚ ਵੀ ਕੇਸ ਚੱਲ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਰਾਸ਼ੀ ਜਿਆਣੀ ਖੇਤ ਵਿਚ ਉੱਗੀ ਕਣਕ ਦੀ ਵਾਢੀ ਕਰਵਾਉਣ ਲਈ ਕੁਝ ਲੋਕਾਂ ਨਾਲ ਪਹੁੰਚੀ ਸੀ ਕਿ ਇਸ ਗੱਲ ਦਾ ਪਤਾ ਲੱਗਣ 'ਤੇ ਉਸ ਦੀ ਮਾਂ ਕਾਂਤਾ ਜਿਆਣੀ ਵੀ ਆਪਣੇ ਸਾਥੀਆਂ ਸਮੇਤ ਖੇਤ ਪਹੁੰਚ ਗਈ। ਸਥਿਤੀ ਇੰਨੀ ਤਣਾਅਪੂਰਨ ਹੋ ਗਈ ਕਿ ਦੋਵਾਂ ਧਿਰਾਂ ਵਿਚਾਲੇ ਗੋਲੀਆਂ ਚੱਲ ਪਈਆਂ, ਜਿਸ ਵਿਚ ਚਾਰ ਲੋਕ ਜ਼ਖ਼ਮੀ ਹੋਏ ਹਨ। ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਇਕ ਨੂੰ ਛੱਡ ਕੇ ਬਾਕੀ ਤਿੰਨਾਂ ਨੂੰ ਮੁਢਲੇ ਇਲਾਜ ਤੋਂ ਬਾਅਦ ਰੈਫ਼ਰ ਕਰ ਦਿੱਤਾ ਹੈ। ਐੱਸ.ਪੀ.ਡੀ. ਨੇ ਦੱਸਿਆ ਕਿ ਜਾਂਚ ਪੜਤਾਲ ਵਿਚ ਸਾਹਮਣੇ ਆਇਆ ਹੈ ਕਿ ਦੋਵਾਂ ਮਾਂ-ਧੀ ਵਿਚ ਆਪਸੀ ਜ਼ਮੀਨੀ ਵਿਵਾਦ ਚੱਲ ਰਿਹਾ ਹੈ ਜਿਸ ਦੇ ਚਲਦਿਆਂ ਦੋ ਧਿਰਾਂ ਭਿੜੀਆਂ ਹਨ।

## ਵਿਅਕਤੀ ਨੇ ਜਿਉਂਦੇ ਜੀਅ ਪਵਾ ਦਿੱਤਾ ਆਪਣਾ 'ਭੋਗ'

ਔਰਈਆ 22 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਔਰਈਆ ਜ਼ਿਲ੍ਹੇ ਦੇ ਪਿੰਡ ਲਕਸ਼ਮਣਪੁਰ ਵਿੱਚ ਇੱਕ ਬੇਹੱਦ ਹੈਰਾਨੀਜਨਕ ਅਤੇ ਭਾਵੁਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ 65 ਸਾਲਾ ਵਿਅਕਤੀ, ਰਾਕੇਸ਼ ਯਾਦਵ ਨੇ ਆਪਣੀ ਮੌਤ ਤੋਂ ਪਹਿਲਾਂ ਹੀ ਆਪਣਾ 'ਮ੍ਰਿਤੂ ਭੰਡਾਰਾ' (ਜਿਉਂਦੇ ਜੀਅ ਭੰਡਾਰਾ) ਕਰ ਦਿੱਤਾ ਅਤੇ ਇਸ ਵਿੱਚ ਲਗਭਗ 1,900 ਲੋਕਾਂ ਨੂੰ ਭੋਜਨ ਕਰਵਾਇਆ। ਰਾਕੇਸ਼ ਯਾਦਵ ਨੇ ਅਜਿਹਾ ਕਦਮ ਇਸ ਲਈ ਚੁੱਕਿਆ ਕਿਉਂਕਿ ਉਸ ਦਾ ਕੋਈ ਵਾਰਿਸ ਨਹੀਂ ਹੈ ਜੋ ਉਸ ਦੀ ਮੌਤ ਤੋਂ ਬਾਅਦ ਇਹ ਰਸਮਾਂ ਨਿਭਾ ਸਕੇ। ਰਾਕੇਸ਼ ਅਣਵਿਆਹਿਆ ਹੈ ਅਤੇ ਉਸ ਨੇ ਦੱਸਿਆ ਕਿ ਉਸ ਦੇ ਦੋਵੇਂ ਛੋਟੇ ਭਰਾਵਾਂ ਦੀ ਮੌਤ ਹੋ ਚੁੱਕੀ ਹੈ, ਇੱਕ ਦੀ ਬਿਮਾਰੀ ਕਾਰਨ ਅਤੇ ਦੂਜੇ ਦਾ ਕਤਲ ਕਰ ਦਿੱਤਾ ਗਿਆ ਸੀ। ਉਸ ਦੀ ਇੱਕ ਭੈਣ ਹੈ, ਜੋ ਉਹ ਵੀ ਅਣਵਿਆਹੀ ਹੈ। ਜਦੋਂ ਉਸ ਤੋਂ ਵਿਆਹ ਨਾ ਕਰਵਾਉਣ ਦਾ ਕਾਰਨ ਪੁੱਛਿਆ ਗਿਆ ਤਾਂ ਉਸ ਨੇ ਬੜੀ ਸਾਦਗੀ ਨਾਲ ਜਵਾਬ ਦਿੱਤਾ, ਸਾਡੇ ਕੋਲ ਜ਼ਮੀਨ ਨਹੀਂ ਸੀ, ਮੈਂ ਵਿਆਹ ਕਿਵੇਂ ਕਰਵਾਉਂਦਾ? ਰਾਕੇਸ਼ ਨੇ ਇਸ ਸਮਾਗਮ ਲਈ ਬਕਾਇਦਾ ਸੱਦਾ ਪੱਤਰ ਛਪਵਾਏ ਸਨ, ਜਿਸ 'ਤੇ ਫਿਰਾਕ ਗੋਰਖਪੁਰੀ ਦੀਆਂ ਇਹ ਮਸ਼ਹੂਰ ਸਤਰਾਂ ਲਿਖੀਆਂ ਸਨ, ਹਮੇਂ ਤੋਂ ਅਪਨੋਂ ਨੇ ਲੂਟਾ, ਗੈਰੋਂ ਮੇਂ ਕਹਾਂ ਦਮ ਥਾ, ਮੇਰੀ ਕਸ਼ਤੀ ਵਹਾਂ ਡੂਬੀ, ਜਹਾਂ ਪਾਨੀ ਕਮ ਥਾ। ਉਸ ਨੇ ਕਾਰਡ ਵਿੱਚ ਲਿਖਿਆ ਸੀ ਕਿ ਉਸ ਨੂੰ ਜਿਉਂਦੇ ਜੀਅ ਭੰਡਾਰਾ ਕਰਨ ਦਾ ਮੌਕਾ ਮਿਲਿਆ ਹੈ ਕਿਉਂਕਿ ਉਸ ਦਾ ਆਪਣਾ ਕੋਈ ਨਹੀਂ ਹੈ। ਸਮਾਗਮ ਦੌਰਾਨ ਪੂਜਾ ਪਾਠ ਕੀਤਾ ਗਿਆ ਅਤੇ ਲੋਕਾਂ ਨੂੰ ਪੂੜੀਆਂ ਦਾ ਪ੍ਰਸ਼ਾਦ ਛਕਾਇਆ ਗਿਆ। ਗੁਆਂਢੀਆਂ ਦੇ ਅਨੁਸਾਰ, ਰਾਕੇਸ਼ ਯਾਦਵ ਕਾਫ਼ੀ ਧਾਰਮਿਕ ਪ੍ਰਵਿਰਤੀ ਵਾਲਾ ਵਿਅਕਤੀ ਹੈ। ਉਸ ਨੇ ਆਪਣਾ ਜੱਦੀ ਘਰ ਵੀ ਇੱਕ ਰਿਸ਼ਤੇਦਾਰ ਨੂੰ ਦੇ ਦਿੱਤਾ ਹੈ ਅਤੇ ਹੁਣ ਉਹ ਖੁਦ ਇੱਕ ਕੱਚੇ ਆਸਰੇ ਵਿੱਚ ਰਹਿ ਰਿਹਾ ਹੈ। ਇਸ 'ਜ਼ਿੰਦਾ ਭੰਡਾਰੇ' ਨੇ ਪੂਰੇ ਇਲਾਕੇ ਵਿੱਚ ਚਰਚਾ ਛੇੜ ਦਿੱਤੀ ਹੈ। ਜਿੱਥੇ ਕੁਝ ਲੋਕ ਇਸ ਨੂੰ ਰਾਕੇਸ਼ ਦੀ ਸਮਾਜਿਕ ਸੋਚ ਅਤੇ ਭਾਈਚਾਰੇ ਨਾਲ ਜੁੜਨ ਦੇ ਤਰੀਕੇ ਵਜੋਂ ਦੇਖ ਰਹੇ ਹਨ, ਉੱਥੇ ਹੀ ਕਈ ਲੋਕ ਉਸ ਦੀ ਇਕੱਲਤਾ ਅਤੇ ਦਰਦ ਨੂੰ ਮਹਿਸੂਸ ਕਰਕੇ ਭਾਵੁਕ ਵੀ ਹੋ ਰਹੇ ਹਨ।

## ਕੇਦਾਰਨਾਥ ਯਾਤਰਾ ਲਈ ਹੈਲੀਕਾਪਟਰ ਦੀ ਬੁਕਿੰਗ ਕਰਵਾਉਣਾ ਔਰਤ ਨੂੰ ਪੈ ਗਿਆ ਮਹਿੰਗਾ !

ਏਜੰਸੀਆਂ

ਨੈਸ਼ਨਲ ਡੈਸਕ 22 ਅਪ੍ਰੈਲ। ਮਹਾਰਾਸ਼ਟਰ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆਈ ਹੈ, ਜਿੱਥੋਂ ਦੇ ਠਾਣੇ ਦੀ ਰਹਿਣ ਵਾਲੀ ਇੱਕ 34 ਸਾਲਾ ਔਰਤ ਨੂੰ ਕੇਦਾਰਨਾਥ ਅਤੇ ਬਦਰੀਨਾਥ ਯਾਤਰਾ ਲਈ ਹੈਲੀਕਾਪਟਰ ਟਿਕਟਾਂ ਬੁੱਕ ਕਰਵਾਉਣਾ ਮਹਿੰਗਾ ਪੈ



ਗਿਆ। ਸਾਈਬਰ ਠੱਗਾਂ ਨੇ ਔਰਤ ਨੂੰ ਆਪਣਾ ਸ਼ਿਕਾਰ ਬਣਾ ਕੇ ਉਸ ਦੇ ਖਾਤੇ ਵਿੱਚੋਂ 54,000 ਰੁਪਏ ਉਡਾ ਲਏ ਹਨ। ਜਾਣਕਾਰੀ ਅਨੁਸਾਰ ਉਕਤ ਔਰਤ ਕੇਦਾਰਨਾਥ ਯਾਤਰਾ ਲਈ ਇੰਟਰਨੈੱਟ 'ਤੇ ਜਾਣਕਾਰੀ ਸਰਚ ਕਰ ਰਹੀ ਸੀ। ਇਸ ਦੌਰਾਨ ਉਸ ਨੂੰ ਇੰਸਟਾਗ੍ਰਾਮ 'ਤੇ ਐਡ ਦਿਖੀ, ਜਿਸ 'ਚ ਕੇਦਾਰਨਾਥ ਅਤੇ ਬਦਰੀਨਾਥ ਲਈ ਹੈਲੀਕਾਪਟਰ ਸੇਵਾਵਾਂ ਦੇਣ ਦਾ ਦਾਅਵਾ ਕੀਤਾ ਗਿਆ ਸੀ। ਜਦੋਂ ਔਰਤ ਨੇ ਦਿੱਤੇ ਗਏ ਨੰਬਰ 'ਤੇ ਸੰਪਰਕ ਕੀਤਾ, ਤਾਂ ਠੱਗ ਨੇ ਉਸ ਨੂੰ ਕੁਲ ਰਕਮ ਦਾ 50 ਫੀਸਦੀ ਐਡਵਾਂਸ ਦੇਣ ਲਈ ਕਿਹਾ। ਔਰਤ ਨੇ ਭਰੋਸਾ ਕਰਕੇ ਦੇਹਰਾਦੂਨ ਸਥਿਤ ਬੈਂਕ ਆਫ ਬੜੌਦਾ ਦੇ ਇੱਕ ਅਕਾਊਂਟ 'ਚ, ਜੋ ਕਿ ਹਿਮਾਲਿਆ ਟੂਰ ਦੇ ਨਾਂ 'ਤੇ ਸੀ, 54,000 ਰੁਪਏ ਟ?ਰਾਂਸਫਰ ਕਰ ਦਿੱਤੇ। ਪੈਸੇ ਮਿਲਣ ਤੋਂ ਬਾਅਦ ਉਕਤ ਵਿਅਕਤੀ ਨੇ ਨਾ ਤਾਂ ਬੁਕਿੰਗ ਦੀ ਪੁਸ਼ਟੀ ਕੀਤੀ ਅਤੇ ਨਾ ਹੀ ਫ਼ੋਨ ਚੁੱਕਿਆ। ਠੱਗੀ ਦਾ ਸ਼ਿਕਾਰ ਹੋਣ ਮਗਰੋਂ ਔਰਤ ਠਾਣੇ ਪੁਲਸ ਕੋਲ ਪਹੁੰਚੀ, ਜਿੱਥੇ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਕਤ ਬੈਂਕ ਅਕਾਊਂਟ ਅਤੇ ਇੰਸਟਾਗ੍ਰਾਮ ਆਈ.ਡੀ. ਦੀ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਮੁਲਜ਼ਮ ਨੂੰ ਕਾਬੂ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਸਾਈਬਰ ਠੱਗ ਭੋਲੇ-ਭਾਲੇ ਲੋਕਾਂ ਨੂੰ ਆਪਣੇ ਝਾਂਸੇ 'ਚ ਲੈ ਕੇ ਅਜਿਹੇ ਹਥਕੰਡੇ ਅਪਣਾਉਂਦੇ ਰਹਿੰਦੇ ਹਨ। ਇਸ ਲਈ ਸਰਕਾਰ ਵੱਲੋਂ ਲੋਕਾਂ ਨੂੰ ਅਪੀਲੀ ਕੀਤੀ ਜਾਂਦੀ ਹੈ ਕਿ ਕੇਦਾਰਨਾਥ ਲਈ ਹੈਲੀਕਾਪਟਰ ਬੁਕਿੰਗ ਸਿਰਫ਼ ਉੱਤਰਾਖੰਡ ਸਰਕਾਰ ਦੀ ਅਧਿਕਾਰਤ ਵੈੱਬਸਾਈਟ heliyatra.irctc.co.in ਰਾਹੀਂ ਹੀ ਕੀਤੀ ਜਾਵੇ।

## ਜਲੰਧਰ ਨਗਰ ਨਿਗਮ ਦੀ ਤਹਿਬਾਜ਼ਾਰੀ ਬ੍ਰਾਂਚ 'ਚ ਚੱਲ ਰਹੇ ਖੁੱਲ੍ਹੇਆਮ ਭ੍ਰਿਸ਼ਟਾਚਾਰ 'ਤੇ ਸਖ਼ਤੀ ਦੀ ਤਿਆਰੀ

ਕੌਮੀ ਪਤ੍ਰਿਕਾ

ਜਲੰਧਰ 22 ਅਪ੍ਰੈਲ। ਨਗਰ ਨਿਗਮ ਦੀ ਤਹਿਬਾਜ਼ਾਰੀ ਬ੍ਰਾਂਚ ਵਿਚ ਸਾਹਮਣੇ ਆ ਰਹੀਆਂ ਗੜਬੜੀਆਂ ਅਤੇ ਖੁੱਲ੍ਹੇਆਮ ਚੱਲ ਰਹੇ ਭ੍ਰਿਸ਼ਟਾਚਾਰ ਨੂੰ ਲੈ ਕੇ ਹੁਣ ਮੇਅਰ ਅਤੇ ਕਮਿਸ਼ਨਰ ਸਖ਼ਤ ਰੁਖ਼ ਅਪਣਾਉਂਦੇ ਨਜ਼ਰ ਆ ਰਹੇ ਹਨ। ਸ਼ਹਿਰ ਵਿਚ ਵੱਡੀ ਗਿਣਤੀ ਵਿਚ ਰੇਹੜੀ-ਫੜ੍ਹੀ ਅਤੇ ਖੋਖੇ ਸੰਚਾਲਿਤ ਹੋਣ ਦੇ ਬਾਵਜੂਦ ਨਿਗਮ ਨੂੰ ਉਮੀਦ ਮੁਤਾਬਕ ਰੈਵੇਨਿਊ ਨਹੀਂ ਮਿਲ ਰਿਹਾ, ਜਿਸ ਕਾਰਨ ਸਿਸਟਮ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਅਨੁਮਾਨ ਹੈ ਕਿ ਸ਼ਹਿਰ ਵਿਚ 20 ਹਜ਼ਾਰ ਤੋਂ ਜ਼ਿਆਦਾ ਰੇਹੜੀਆਂ-ਫੜ੍ਹੀਆਂ ਸੰਚਾਲਿਤ ਹੋ ਰਹੀਆਂ ਹਨ, ਜਿਨ੍ਹਾਂ ਤੋਂ ਸਾਲਾਨਾ ਲਗਭਗ 20 ਕਰੋੜ ਰੁਪਏ ਦੀ ਆਮਦਨ ਹੋਣੀ ਚਾਹੀਦੀ ਹੈ ਪਰ ਹਕੀਕਤ ਵਿਚ ਨਿਗਮ ਦੇ ਖਜ਼ਾਨੇ ਵਿਚ 2 ਕਰੋੜ ਰੁਪਏ ਵੀ ਨਹੀਂ ਪਹੁੰਚ ਰਹੇ। ਬਾਕੀ ਰਕਮ ਦੇ ਨਿੱਜੀ ਜੇਬਾਂ ਵਿਚ ਜਾਣ ਦੀ ਚਰਚਾ ਆਮ ਹੈ। ਇਸ ਸਥਿਤੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਹਾਲ ਹੀ ਵਿਚ ਮੇਅਰ ਵਿਨੀਤ ਧੀਰ ਦੀ ਪ੍ਰਧਾਨਗੀ ਵਿਚ ਮੀਟਿੰਗ ਹੋਈ, ਜਿਸ ਵਿਚ ਸ਼ਹਿਰ ਵਿਚ ਦੋਬਾਰਾ ਸਰਵੇ ਕਰਵਾਉਣ ਦਾ ਫ਼ੈਸਲਾ ਲਿਆ ਗਿਆ। ਇਸ ਤਹਿਤ ਸੜਕਾਂ ਅਤੇ ਵੱਖ-ਵੱਖ ਇਲਾਕਿਆਂ ਵਿਚ ਲੱਗਣ ਵਾਲੀਆਂ ਰੇਹੜੀਆਂ ਦੀ ਗਿਣਤੀ ਇਕ ਨਿੱਜੀ ਕੰਪਨੀ ਰਾਹੀਂ ਕਰਵਾਈ ਜਾਵੇਗੀ। ਸਰਵੇ ਦਾ ਕੰਮ ਕੁਝ ਮਹੀਨਿਆਂ ਵਿਚ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ। ਨਿਗਮ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਰਵੇ ਦੇ ਨਾਲ ਹੀ ਰੇਹੜੀ ਸੰਚਾਲਕਾਂ ਤੋਂ ਫ਼ੀਸ ਦੀ ਵਸੂਲੀ ਆਨਲਾਈਨ ਮਾਧਿਅਮ ਨਾਲ ਕੀਤੀ ਜਾਵੇਗੀ ਤਾਂ ਜੋ ਪਾਰਦਰਸ਼ਿਤਾ ਲਿਆਂਦੀ ਜਾ ਸਕੇ। ਜੋ ਲੋਕ ਨਿਰਧਾਰਿਤ ਫ਼ੀਸ ਨਹੀਂ ਦੇਣਗੇ, ਉਨ੍ਹਾਂ ਖ਼?ਲਾਫ਼ ਕਾਰਵਾਈ ਕਰਦੇ ਹੋਏ ਰੇਹੜੀਆਂ ਜ਼ਬਤ ਕਰਨ ਦੀ ਵੀ ਯੋਜਨਾ ਹੈ। ਜ਼ਿਕਰਯੋਗ ਹੈ ਕਿ ਕਈ ਸਾਲ ਪਹਿਲਾਂ ਵੀ ਇਕ ਨਿੱਜੀ ਕੰਪਨੀ ਦਾਰਾਸ਼ਾਹ ਵੱਲੋਂ ਸ਼ਹਿਰ ਵਿਚ ਰੇਹੜੀਆਂ ਦਾ ਸਰਵੇ ਕੀਤਾ ਗਿਆ ਸੀ ਪਰ ਉਸ ਰਿਪੋਰਟ ਦਾ ਕੋਈ ਖਾਸ ਲਾਭ ਨਹੀਂ ਮਿਲਿਆ। ਉਥੇ ਹੀ ਸਟਰੀਟ ਵੈਂਡਿੰਗ ਜ਼ੋਨ ਬਣਾਉਣ ਦੀ ਯੋਜਨਾ 'ਤੇ ਵੀ ਲੱਖਾਂ ਰੁਪਏ ਖ਼ਰਚ ਹੋਣ ਦੇ ਬਾਵਜੂਦ ਠੋਸ ਨਤੀਜੇ ਸਾਹਮਣੇ ਨਹੀਂ ਆ ਸਕੇ। ਤਹਿਬਾਜ਼ਾਰੀ ਬ੍ਰਾਂਚ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਨਾਰਾਜ਼ਗੀ ਵੀ ਸਾਹਮਣੇ ਆਈ ਹੈ। ਹਾਲ ਹੀ ਵਿਚ ਹੋਈ ਇਕ ਮੀਟਿੰਗ ਵਿਚ ਸੀਨੀਅਰ ਡਿਪਟੀ ਮੇਅਰ ਨੇ ਸਾਫ ਕਿਹਾ ਕਿ ਜੇਕਰ ਵਿਭਾਗ ਪੂਰੀ ਆਮਦਨ ਨਹੀਂ ਜੁਟਾ ਪਾ ਰਿਹਾ ਤਾਂ ਇਸ ਨੂੰ ਚਲਾਉਣ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ ਕਿਉਂਕਿ ਜਿੰਨੀ ਆਮਦਨ ਹੁੰਦੀ ਹੈ, ਉਸ ਤੋਂ ਜ਼ਿਆਦਾ ਖਰਚ ਕਰਮਚਾਰੀਆਂ ਦੀ ਤਨਖ਼ਾਹ 'ਤੇ ਹੋ ਰਿਹਾ ਹੈ। ਹੁਣ ਨਗਰ ਨਿਗਮ ਜਲਦ ਹੀ ਨਵੇਂ ਸਰਵੇ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਤਿਆਰੀ ਵਿਚ ਹੈ। ਪ੍ਰਸ਼ਾਸਨ ਨੂੰ ਉਮੀਦ ਹੈ ਕਿ ਇਸ ਵਾਰ ਸਖ਼ਤੀ ਅਤੇ ਪਾਰਦਰਸ਼ਿਤਾ ਰਾਹੀਂ ਰੈਵੇਨਿਊ ਵਿਚ ਸੁਧਾਰ ਲਿਆਂਦਾ ਜਾ ਸਕੇਗਾ।